ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 38 | 10 October 2018 to 16 October 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com



03
■ ਭਾਈਚਾਰਾ
ਯੂਐਨਓ 'ਚ ਅਮਰੀਕੀ ਸਫੀਰ ਨਿੱਕੀ ਹੈਲੇ ਦਾ ਅਸਤੀਫ਼ਾ


11
■ ਵਿਸ਼ੇਸ਼ ਰਿਪੋਰਟ
ਕੈਪਟਨ ਨਸ਼ਾ ਤਸਕਰੀ ਖਤਮ ਨਾ ਕਰ ਸਕੇ


26
■ ਵਿਚਾਰ ਚਰਚਾ
'ਜੇ' ਅਤੇ 'ਕਿਉਂ' ਵਿਚ ਉਲਝੀਆਂ ਜ਼ਿੰਦਗੀਆਂ


*ਇਹ ਮਿੱਟੀ ਕੁੱਟਿਆਂ ਨਹੀਂ ਭੁਰਦੀ*

# ਨਵੀਂ ਸਿਆਸੀ ਕਰਵਟ ਲੈਣ ਲਈ ਜਾਗਿਆ ਪੰਜਾਬ

- **ਸਾਂਝੇ ਪੰਥਕ ਮੋਰਚੇ 'ਤੇ ਵਿਚਾਰ ਲਈ ਮੀਟਿੰਗਾਂ ਦਾ ਦੌਰ ਸ਼ੁਰੂ**
- **ਬਾਦਲਾਂ ਦਾ ਬੇੜਾ ਡੋਬਣ ਲੱਗਿਆ ਹੈ ਬਰਗਾੜੀ ਮੋਰਚਾ**
- **ਸੁਖਬੀਰ ਬਾਦਲ ਦਾ 'ਕਾਕਾਸ਼ਾਹੀ ਮਾਡਲ' ਬੁਰੀ ਤਰ੍ਹਾਂ ਫਲਾਪ**


ਬਰਗਾੜੀ 'ਇਨਸਾਫ਼ ਮੋਰਚੇ' ਵਿਚ ਪਹੁੰਚੀਆਂ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ।

**ਚੰਡੀਗੜ੍ਹ/ਬਿਊਰੋ ਨਿਊਜ਼ :**
ਸਿਆਸਤ ਦੇ ਮੈਦਾਨ ਵਿਚ ਕਈ ਵਾਰ ਆਪਣਾ ਖੇਡਿਆ ਦਾਅ ਖ਼ੁਦ ਨੂੰ ਹੀ ਪੁੱਠਾ ਪੈ ਜਾਂਦਾ ਹੈ। ਰੈਲੀਆਂ ਵਾਲੇ ਐਤਵਾਰ (7 ਅਕਤੂਬਰ) ਨੇ ਵੀ ਇਹੋ ਕਹਾਣੀ ਦੁਹਰਾਈ ਹੈ। ਸਿੱਖ ਪੰਥ ਦੇ ਕੋਟਕਪੂਰਾ ਤੋਂ ਬਰਗਾੜੀ ਦੇ ਇਨਸਾਫ ਮੋਰਚੇ ਤਕ ਕੀਤੇ ਗਏ ਰੋਸ ਮਾਰਚ ਦੇ ਬਰਾਬਰ ਬਾਦਲ ਦਲ ਤੇ ਕਾਂਗਰਸ ਨੂੰ ਰੈਲੀਆਂ ਕਰਨ ਦਾ ਪ੍ਰੋਗਰਾਮ ਬਹੁਤ ਮਹਿੰਗਾ ਪਿਆ ਹੈ। ਪਟਿਆਲਾ ਰੈਲੀ ਦਾ ਅਕਾਲੀ ਦਲ ਨੂੰ ਕੋਈ ਲਾਭ ਹੋਣ ਦੀ ਥਾਂ ਨੁਕਸਾਨ ਜ਼ਿਆਦਾ ਹੋਇਆ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਚੁਣੌਤੀਆਂ ਖੜ੍ਹੀਆਂ ਹੋਣ ਕਾਰਨ ਬਾਦਲ ਖੇਮੇ ਵਿਚ ਘਬਰਾਹਟ ਪਾਈ ਜਾ ਰਹੀ ਹੈ। ਬਰਗਾੜੀ ਮੋਰਚੇ ਉਤੇ ਹੋਏ ਵੱਡੇ ਇਕੱਠ ਨੇ ਅਕਾਲੀ ਦਲ ਦੀ ਤਾਂ ਚਿੰਤਾ ਵਧਾਈ ਹੀ ਹੈ, ਸਗੋਂ ਇਹ ਕਾਂਗਰਸ ਲਈ ਵੀ ਖ਼ਤਰੇ ਦੀ ਘੰਟੀ ਵਜਾ ਗਿਆ ਹੈ। ਬੇਅਦਬੀ ਅਤੇ ਗੋਲੀ ਕਾਂਡ ਦੇ ਕਸੂਰਵਾਰਾਂ ਵਿਰੁੱਧ ਕਾਰਵਾਈ ਦੀ ਮੰਗ ਦਾ ਮੁੱਦਾ ਭਖਦਾ ਜਾ ਰਿਹਾ ਹੈ। ਕੈਪਟਨ ਸਰਕਾਰ ਦੀ ਇਸ ਮਾਮਲੇ ਵਿਚ ਰਿਪੋਰਟ ਸਿਫਰ ਹੀ ਆ ਰਹੀ ਹੈ। ਪੰਜਾਬ ਦੇ ਤਾਜ਼ਾ ਸਿਆਸੀ ਹਾਲਾਤ ਨੂੰ ਦੇਖਦਿਆਂ ਕਿਹਾ ਜਾ ਸਕਦਾ ਹੈ ਕਿ ਆਰਐੱਸਐੱਸ ਦੇ ਕੰਧੇੜੀ ਚੜ੍ਹੇ ਪਰਕਾਸ਼ ਸਿੰਘ ਬਾਦਲ ਦਾ ਸਿੱਖਾਂ ਦੀ ਸਿਆਸੀ ਜਮਾਤ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਬਣਾਉਣ ਦਾ ਸੁਪਨਾ ਚਕਨਾਚੂਰ ਹੋ ਗਿਆ ਹੈ। ਬਰਗਾੜੀ ਦਾ ਇਨਸਾਫ ਮੋਰਚਾ ਬਾਦਲਾਂ ਦਾ ਬੇੜਾ ਡੋਬਣ

ਬਾਕੀ ਸਫ਼ਾ 29 'ਤੇ

## ਬਾਦਲ ਦਲ ਦਾ ਜਥੇਦਾਰਾਂ ਤੇ ਸਰਦਾਰਾਂ ਤੋਂ ਰੋਜ਼ੀ, ਬੰਟੀ, ਡਿੰਪੀ, ਲੱਖੀ ਤੇ ਨੋਨੀ ਤਕ ਦਾ ਸਫਰ

ਸ਼੍ਰੋਮਣੀ ਅਕਾਲੀ ਦਲ ਦੇ ਇੱਕ ਆਗੂ ਨੇ ਪੁਰਾਣੀ ਅਤੇ ਨਵੀਂ ਪੀੜ੍ਹੀ ਵਿਚ ਅੰਤਰ ਸਪੱਸ਼ਟ ਕਰਦਿਆਂ ਦਿਲਚਸਪ ਟਕੋਰ ਕੀਤੀ। ਉਨ੍ਹਾਂ ਦੱਸਿਆ ਕਿ ਅਕਾਲੀ ਦਲ ਦੀ ਟੀਮ ਵਿਚ ਕਿਸੇ ਸਮੇਂ ਸ. ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ. ਸੁਰਜੀਤ ਸਿੰਘ ਬਰਨਾਲਾ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਸ. ਸੁਖਦੇਵ ਸਿੰਘ ਢੀਂਡਸਾ ਅਤੇ ਸ. ਰਣਜੀਤ ਸਿੰਘ ਬ੍ਰਹਮਪੁਰਾ ਆਦਿ ਅਕਾਲੀ ਨੇਤਾ ਮੰਨੇ ਜਾਂਦੇ ਸਨ। ਅਕਾਲੀ ਦਲ ਦਾ ਹਰ ਛੋਟਾ-ਵੱਡਾ ਆਗੂ ਸਾਬਤ ਸੂਰਤ ਅੰਮ੍ਰਿਤਧਾਰੀ ਸਿੱਖ ਹੁੰਦਾ ਸੀ। ਇਸ ਕਰਕੇ ਹਰ ਕੋਈ ਜਥੇਦਾਰ ਜਾਂ ਸਰਦਾਰ ਅਖਵਾਉਂਦਾ ਸੀ। ਹੁਣ ਸੁਖਬੀਰ ਸਿੰਘ ਬਾਦਲ ਦੇ ਨੇੜਲਿਆਂ ਵਿਚ ਰੋਜ਼ੀ, ਬੰਟੀ, ਡਿੰਪੀ, ਲੱਖੀ ਤੇ ਨੋਨੀ ਆਦਿ 'ਨੇਤਾਵਾਂ' ਦੇ ਨਾਮ ਜ਼ਿਕਰਯੋਗ ਹਨ। ਨਾ ਕੋਈ ਜਥੇਦਾਰ ਰਿਹਾ ਨਾ ਸਰਦਾਰ, ਬਸ ਘੋਨੇ-ਮੋਨਿਆਂ ਦਾ ਕੁਨਬਾ 'ਕੱਠਾ ਹੋ ਗਿਆ।

## ਜਲੰਧਰ ਵਿਚ ਏਕੇ-47 ਬੰਦੂਕ ਸਮੇਤ ਪੰਜ ਵਿਦਿਆਰਥੀ ਕਾਬੂ

**ਜਲੰਧਰ/ਬਿਊਰੋ ਨਿਊਜ਼ :** ਪੰਜਾਬ ਪੁਲਿਸ ਦੇ ਅੱਤਵਾਦ ਰੋਕੂ ਦਸਤੇ ਅਤੇ ਜੰਮੂ ਕਸ਼ਮੀਰ ਪੁਲਿਸ ਦੀ ਸਾਂਝੀ ਕਾਰਵਾਈ ਵਿਚ ਪੰਜ ਵਿਦਿਆਰਥੀਆਂ ਨੂੰ ਏਕੇ-47 ਰਾਈਫ਼ਲ ਤੇ ਗੋਲ਼ੀ-ਸਿੱਕੇ ਸਮੇਤ ਕਾਬੂ ਕੀਤਾ ਗਿਆ ਹੈ। ਸੁਰੱਖਿਆ ਦਸਤਿਆਂ ਨੇ ਜਲੰਧਰ ਦੀ ਸ਼ਾਹਪੁਰ ਸੜਕ 'ਤੇ ਸੀਟੀ ਇੰਸਟੀਚਿਊਟ ਵਿਚ ਸਾਂਝੇ ਤੌਰ 'ਤੇ ਛਾਪਾ ਮਾਰਿਆ। ਇਸ ਪ੍ਰਾਈਵੇਟ ਵਿੱਦਿਅਕ ਅਦਾਰੇ ਦੇ ਪੰਜ ਵਿਦਿਆਰਥੀਆਂ ਨੂੰ ਕਾਬੂ ਕਰ ਲਿਆ। ਇਨ੍ਹਾਂ ਵਿਦਿਆਰਥੀਆਂ ਦੇ ਗੈਰਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦਾ ਖ਼ਦਸ਼ਾ ਹੈ। ਪੰਜਾਂ ਵਿੱਚੋਂ ਤਿੰਨ ਵਿਦਿਆਰਥੀ ਕਸ਼ਮੀਰ ਦੇ ਹਨ ਤੇ ਦੋ ਸਥਾਨਕ ਹੀ ਦੱਸੇ ਜਾਂਦੇ ਹਨ।



ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਚੰਡੀਗੜ੍ਹ ਨੇੜੇ ਬਨੂੜ ਵਿੱਚ ਵੀ ਪੁਲਿਸ ਨੇ ਛਾਪੇਮਾਰੀ ਕੀਤੀ ਸੀ, ਜਿਸ ਦੌਰਾਨ ਇੱਕ ਕਸ਼ਮੀਰੀ ਵਿਦਿਆਰਥੀ ਨੂੰ ਗ੍ਰਿਫ਼ਤਾਰ ਕੀਤਾ ਸੀ। ਇਹ ਵਿਦਿਆਰਥੀ ਉਸ ਕਸ਼ਮੀਰੀ ਪੁਲਿਸ ਅਧਿਕਾਰੀ ਦਾ ਰਿਸ਼ਤੇਦਾਰ ਸੀ, ਜੋ ਉੱਥੋਂ ਕਈ ਬੰਦੂਕਾਂ ਲੈਕੇ ਫਰਾਰ ਹੋ ਗਿਆ ਸੀ। ਹਾਲਾਂਕਿ, ਉਦੋਂ ਪੁਲਿਸ ਨੇ ਕਈਆਂ ਤੋਂ ਪੁੱਛਗਿੱਛ ਕੀਤੀ ਗਈ ਸੀ। ਜਲੰਧਰ ਦੇ ਵਿੱਦਿਅਕ ਅਦਾਰੇ ਤੋਂ ਅਜਿਹੀ ਮਾਰੂ ਬੰਦੂਕ ਨਾਲ ਵਿਦਿਆਰਥੀਆਂ ਦਾ ਫੜਿਆ ਜਾਣਾ ਵੱਡੀ ਘਟਨਾ ਹੈ।

## ਮੋਦੀ ਦੇ ਗੁਜਰਾਤ ਵਿਚ 'ਅੱਤਵਾਦੀਆਂ' ਨੇ ਪਰਵਾਸੀ ਭਜਾਏ

**ਅਹਿਮਦਾਬਾਦ/ਬਿਊਰੋ ਨਿਊਜ਼ :**
ਸਿੱਖਾਂ ਤੇ ਮੁਸਲਮਾਨਾਂ ਨੂੰ ਅਕਸਰ ਹੀ ਕਥਿਤ ਅੱਤਵਾਦੀ ਕਹਿ ਕੇ ਉਨ੍ਹਾਂ ਦੀ ਕਿਰਦਾਰਕੁਸ਼ੀ ਕਰਨ ਵਾਲੇ ਭਾਰਤ ਦੇ ਹਿੰਦੂਵਾਦੀ ਮੀਡੀਆ ਨੂੰ ਮੋਦੀ ਦੇ ਗੁਜਰਾਤ ਵਿਚ ਫੈਲਿਆ ਤਾਜ਼ਾ "ਅੱਤਵਾਦ" ਮਹਿਜ਼ ਇਕ ਬੱਚੀ ਨਾਲ ਬਲਾਤਕਾਰ ਮਗਰੋਂ ਗੁਜਰਾਤੀਆਂ ਤੇ ਹਿੰਦੀ-ਭਾਸ਼ੀ ਲੋਕਾਂ ਵਿਚ ਪੈਦਾ ਹੋਇਆ ਤਣਾਅ ਜਾਪ ਰਿਹਾ ਹੈ। ਤਾਜ਼ਾ ਵੇਰਵਿਆਂ ਮੁਤਾਬਕ ਗੁਜਰਾਤ ਵਿਚ ਬਿਹਾਰ, ਮੱਧ ਪ੍ਰਦੇਸ਼ ਤੇ ਯੂਪੀ ਦੇ ਪਰਵਾਸੀਆਂ ਖਿਲਾਫ ਲਗਾਤਾਰ ਹਿੰਸਾ ਤੇ ਧਮਕਾਉਣ ਦਾ ਦੌਰ ਚੱਲ ਰਿਹਾ ਹੈ। ਇਸ ਕਾਰਨ ਆਪਣੀ ਰੋਜ਼ੀ ਰੋਟੀ ਲਈ ਗੁਜਰਾਤ ਗਏ ਹਿੰਦੀ ਭਾਸ਼ੀ ਲੋਕਾਂ ਦੀ ਇਥੋਂ ਵੱਡੀ ਪੱਧਰ ਉਤੇ ਹਿਜ਼ਰਤ ਹੋ ਰਹੀ ਹੈ। ਪ੍ਰਾਪਤ ਅੰਕੜਿਆਂ ਮੁਤਾਬਕ ਹੁਣ ਤਕ ਵੀਹ ਹਜ਼ਾਰ ਤੋਂ ਵੱਧ ਪਰਵਾਸੀ ਗੁਜਰਾਤ ਵਿਚੋਂ ਆਪਣੇ ਪਿੱਤਰੀ ਰਾਜਾਂ ਵੱਲ ਕੂਚ ਕਰ ਗਏ ਹਨ।


ਅਹਿਮਦਾਬਾਦ ਤੋਂ ਵਾਰਾਨਸੀ ਲਈ ਰੇਲ ਗੱਡੀ ਚੜ੍ਹਨ ਲਈ ਕਤਾਰ ਬੰਨ੍ਹੀ ਖੜ੍ਹੇ ਪਰਵਾਸੀ।

ਪੁਲਿਸ ਨੇ ਦੱਸਿਆ ਹੈ ਕਿ ਸਾਬਰ ਕਾਂਠਾ ਜ਼ਿਲ੍ਹੇ ਵਿਚ 14 ਮਹੀਨੇ ਦੀ ਬੱਚੀ ਨਾਲ ਕਥਿਤ ਬਲਾਤਕਾਰ ਮਗਰੋਂ ਛੇ ਜ਼ਿਲ੍ਹਿਆਂ ਵਿਚ ਹਿੰਦੀ-ਭਾਸ਼ੀ ਲੋਕਾਂ 'ਤੇ ਹਮਲਿਆਂ ਦੀਆਂ ਕਈ ਘਟਨਾਵਾਂ ਵਾਪਰੀਆਂ ਹਨ। ਬਲਾਤਕਾਰ ਦੇ ਮਾਮਲੇ ਵਿਚ ਬਿਹਾਰ ਦੇ ਇਕ ਪਰਵਾਸੀ ਮਜ਼ਦੂਰ ਨੂੰ ਗ੍ਰਿਫ਼ਤਾਰ ਕੀਤੇ ਜਾਣ ਮਗਰੋਂ ਹਿੰਸਾ ਦੀ ਸ਼ੁਰੂਆਤ ਹੋਈ। ਉੱਤਰ ਭਾਰਤੀ

ਬਾਕੀ ਸਫ਼ਾ 29 'ਤੇ

















NETFLIX
UNLIMITED TV PROGRAMMES & FILMS
GET A FREE MONTH
SIGN IN
THE BLACK PRINCE
The Black Prince
2017 | 12 | 2h
After being exiled to England as a child, a Punjabi prince struggles to return to his homeland and his Sikh faith in this historical drama.
Starring: Satinder Sartaaj, Shabana Azmi, Jason Flemyng
Genres: International Films, Dramas, International Dramas, Biographical Dramas, Dramas based on real life, Period Pieces
Director: Kavi Raz


GP
THE GOLD PROGRAM
TRANS-ALLIANCE
NATIONAL ACCOUNT TIRE SAVINGS AND BENEFITS
As a Trans-Alliance customer, you have access to our national accounts with most major tire brands.
The Gold Program allows you to purchase premium tires at deep discounts. In addition to stock purchases, you also have access to your pricing over-the-road. Save an average of $40/tire.
Consistent Nationwide Pricing
Pay the same low price whether you buy over-the-road or at your local dealer.
24/7/365 Coverage
Call us around the clock, and get access to our emergency roadside service program.
No Minimum Purchases
Buy only the number of tires you want at any given time.
Retain Your Local Service
Buy and receive service from your local dealer, and receive our national account service pricing.
— Save on top brands, like —
MICHELIN
Continental
GOODYEAR
BFGoodrich
DUNLOP
YOKOHAMA
KUMHO TIRES
ROADMASTER TIRES
Trans-Alliance knows that every dollar counts.
That's why they want to help you save on your tire purchases. Trans-Alliance customers receive nationwide discounts and benefits with most major tire brands.
Don't overpay for your tires. Contact Trans-Alliance today to learn more and request a free quote.
sales@trans-alliance.com
(855) 641-6955


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and
INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

# ਯੂਐਨਓ 'ਚ ਅਮਰੀਕੀ ਸਫੀਰ ਨਿੱਕੀ ਹੈਲੇ ਦਾ ਅਸਤੀਫ਼ਾ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਸੰਯੁਕਤ ਰਾਸ਼ਟਰ ਸੰਘ ਵਿਚ ਅਮਰੀਕਾ ਦੀ ਰਾਜਦੂਤ ਦੇ ਵਕਾਰੀ ਅਹੁਦੇ ਉਤੇ ਆਪਣੀਆਂ ਸੇਵਾਵਾਂ ਦੇ ਰਹੀ ਭਾਰਤੀ ਮੂਲ ਦੀ ਨਿੱਕੀ ਹੈਲੇ ਨੇ ਅਚਾਨਕ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਫੌਕਸ ਨਿਊਜ਼ ਦੀ ਰਿਪੋਰਟ ਅਨੁਸਾਰ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਿੱਕੀ ਹੈਲੇ ਦਾ ਅਸਤੀਫ਼ਾ ਪ੍ਰਵਾਨ ਕਰ ਲਿਆ ਹੈ। ਨਿੱਕੀ ਹੈਲੇ ਨੇ ਅਸਤੀਫੇ ਦਾ ਕੋਈ ਕਾਰਨ ਨਹੀਂ ਦਿੱਤਾ। ਸਾਊਥ ਕੈਰੋਲਿਨਾ ਦੀ ਸਾਬਕਾ ਗਵਰਨਰ ਨਿੱਕੀ ਹੈਲੇ ਨੇ ਜਨਵਰੀ 2017 ਤੋਂ ਇਹ ਅਹੁਦਾ ਸੰਭਾਲ਼ਿਆ ਹੋਇਆ ਸੀ। ਸੂਤਰਾਂ ਮੁਤਾਬਕ ਪਿਛਲੇ ਹਫ਼ਤੇ ਵ੍ਹਾਈਟ ਹਾਊਸ ਦੀ ਇਕ ਮੀਟਿੰਗ ਵਿੱਚ ਅਮਰੀਕੀ ਰਾਸ਼ਟਰਪਤੀ ਨਾਲ ਕਿਸੇ ਮੁੱਦੇ ਸਬੰਧੀ ਵਿਵਾਦ ਹੋਇਆ ਸੀ।



ਜ਼ਿਕਰਯੋਗ ਹੈ ਕਿ ਟਰੰਪ ਦੇ ਵੱਡੇ ਆਲੋਚਕਾਂ ਵਿੱਚ ਰਹੀ ਹੈਲੇ ਪ੍ਰਵਾਸੀ ਭਾਰਤੀ ਪਰਿਵਾਰ ਨਾਲ ਸਬੰਧ ਰੱਖਦੀ ਹੈ। ਉਹ ਖੁੱਲ੍ਹੇ ਬਾਜ਼ਾਰ ਤੇ ਆਲਮੀ ਵਪਾਰ ਦੀ ਹਮਾਇਤੀ ਰਹੀ ਹੈ। ਨਿੱਕੀ ਹੈਲੇ ਨੇ ਆਪਣੇ ਅਹੁਦੇ ਤੋਂ ਅਚਾਨਕ ਅਸਤੀਫ਼ਾ ਦੇ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਇਹ ਅਸਤੀਫ਼ਾ ਮੱਧਕਾਲੀ ਚੋਣਾਂ ਤੋਂ ਠੀਕ ਕੁਝ ਹਫ਼ਤੇ ਪਹਿਲਾਂ ਦਿੱਤਾ ਗਿਆ ਹੈ, ਜਿਸ ਨੂੰ ਚੋਣਾਂ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ। ਸੂਤਰਾਂ ਮੁਤਾਬਕ ਸੰਯੁਕਤ ਰਾਸ਼ਟਰ ਵਿਚ ਅਮਰੀਕੀ ਰਾਜਦੂਤ ਨਿੱਕੀ ਹੈਲੇ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਦਿੱਤੇ ਤਿਆਗ ਪੱਤਰ ਵਿਚ ਸੰਕੇਤ ਦਿੱਤਾ ਕਿ ਉਹ ਨਿੱਜੀ ਖੇਤਰ ਵਿਚ ਜਾ ਸਕਦੀ ਹੈ। ਉਨ੍ਹਾਂ ਸੰਨ 2020 ਦੀਆਂ ਰਾਸ਼ਟਰਪਤੀ ਚੋਣਾਂ ਲੜਨ ਦੀ ਸੰਭਾਵਨਾ ਰੱਦ ਕਰਦਿਆਂ ਟਰੰਪ ਦੀ ਦੁਬਾਰਾ ਚੋਣ ਲਈ ਸਮਰਥਨ ਦੇਣ ਦਾ ਵਾਅਦਾ ਕੀਤਾ ਦੱਸਿਆ ਜਾਂਦਾ ਹੈ।

46 ਸਾਲਾ ਨਿੱਕੀ ਹੈਲੇ ਨੇ ਆਪਣੇ ਤਿਆਗ ਪੱਤਰ ਵਿਚ ਲਿਖਿਆ ਕਿ ਪ੍ਰਸ਼ਾਸਨ ਵਿਚ ਆਪਣੇ ਦੇਸ਼ ਦੀ ਸੇਵਾ ਇਕ ਮਹਾਨ ਸਨਮਾਨ ਹੈ।

## ਪੰਜਾਬੀ ਸ਼ਾਇਰ ਗੁਰਚਰਨ ਰਾਮਪੁਰੀ ਦਾ ਦੇਹਾਂਤ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬੀ ਸ਼ਾਇਰ ਗੁਰਚਰਨ ਰਾਮਪੁਰੀ ਦਾ ਕੈਨੇਡਾ ਵਿਚ ਦੇਹਾਂਤ ਹੋ ਗਿਆ ਹੈ। ਉਨ੍ਹਾਂ ਨੂੰ ਕੈਨੇਡਾ ਵਿਚ ਪੰਜਾਬੀ ਸਾਹਿਤਕ ਲਹਿਰ ਖੜ੍ਹੀ ਕਰਨ ਵਾਲੇ ਸ਼ਾਇਰ ਦੇ ਰੂਪ ਵਿਚ ਜਾਣਿਆਂ ਜਾਂਦਾ ਰਿਹਾ ਹੈ। ਸੰਨ 1929 ਵਿਚ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਾਮਪੁਰ ਵਿਚ ਜੰਮੇ ਗੁਰਚਰਨ ਰਾਮਪੁਰੀ ਨੇ ਕੈਨੇਡਾ ਦੇ ਸ਼ਹਿਰ ਕੋਕਿਟਲਮ (ਵੈਨਕੂਵਰ) ਸਥਿਤ ਆਪਣੀ ਰਿਹਾਇਸ਼ 'ਤੇ ਆਖ਼ਰੀ ਸਾਹ ਲਿਆ। ਗੁਰਚਰਨ ਰਾਮਪੁਰੀ ਪੰਜਾਬ ਵਿਚ ਵੀਹਵੀਂ ਸਦੀ ਦੇ ਪੰਜਵੇਂ ਦਹਾਕੇ 'ਚ ਹਰਮਨ ਪਿਆਰਾ ਹੋਇਆ। ਉਹ ਅਮਨ ਲਹਿਰ ਦੇ ਪ੍ਰਮੁੱਖ ਕਵੀਆਂ ਵਿਚੋਂ ਸੀ। ਉਨ੍ਹਾਂ ਦੀ ਪਲੇਠੀ ਰਚਨਾ 'ਕਣਕਾਂ ਦੀ ਖੁਸ਼ਬੋ' ਨੇ ਚੰਗਾ ਨਾਮਣਾ ਖੱਟਿਆ ਸੀ। 'ਅੱਜ ਤੋਂ ਆਰੰਭ ਤਕ' ਉਸ ਦੀ ਅੰਤਲੀ ਕਾਵਿ ਪੁਸਤਕ ਰਹੀ। ਗੁਰਚਰਨ ਰਾਮਪੁਰੀ ਮਿੱਠੀ ਬੋਲੀ ਅਤੇ ਮੰਚ 'ਤੇ ਧੀਮੀ ਹੇਕ ਨਾਲ ਗਾਏ ਗੀਤਾਂ ਤੇ ਗ਼ਜ਼ਲਾਂ ਕਰਕੇ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਹਰਮਨ ਪਿਆਰਾ ਹੋਇਆ। ਕੈਨੇਡਾ ਪਰਵਾਸ ਕਰਨ ਪਿੱਛੋਂ ਉਹ



ਬਾਕੀ ਸਫ਼ਾ 28 'ਤੇ

## ਸਿੱਖ-ਘਰਾਂ ਉਤੇ ਛਾਪੇਮਾਰੀ ਕਰਨ ਵਾਲੀ ਵੈਸਟ ਮਿਡਲੈਂਡ ਪੁਲਿਸ ਖਿਲਾਫ ਹੋ ਸਕਦੀ ਹੈ ਕਾਨੂੰਨੀ ਕਾਰਵਾਈ

**ਲੰਡਨ/ਬਿਊਰੋ ਨਿਊਜ਼ :**
ਪਿਛਲੇ ਦਿਨੀਂ ਯੂਕੇ ਵਿਚ ਪੁਲਿਸ ਵੱਲੋਂ ਜਿਹੜੇ ਸਿੱਖਾਂ ਦੇ ਘਰਾਂ 'ਚ ਛਾਪੇਮਾਰੀ ਕੀਤੀ ਗਈ ਹੈ, ਉਹ ਵੈਸਟ ਮਿਡਲੈਂਡ ਪੁਲਿਸ ਖ਼ਿਲਾਫ਼ ਕਾਨੂੰਨੀ ਕਾਰਵਾਈ ਲਈ ਵਿਚਾਰ ਕਰ ਰਹੇ ਹਨ। ਮੈਂਬਰ ਪਾਰਲੀਮੈਂਟ ਪ੍ਰੀਤ ਕੌਰ ਗਿੱਲ ਨੇ ਕਿਹਾ ਹੈ ਕਿ ਉਹ ਇਹ ਮਾਮਲਾ ਗ੍ਰਹਿ ਮੰਤਰੀ ਸਾਜਿਦ ਜਾਵੇਦ ਕੋਲ ਉਠਾ ਰਹੀ ਹੈ।

ਪ੍ਰੀਤ ਕੌਰ ਗਿੱਲ ਨੇ ਕਿਹਾ ਹੈ ਕਿ ਉਹ ਜਾਣਨਾ ਚਾਹੁੰਦੀ ਹੈ ਕਿ ਬਰਤਾਨੀਆ 'ਚ 5 ਸਿੱਖਾਂ ਦੇ ਘਰਾਂ ਵਿਚ ਛਾਪੇਮਾਰੀ ਕਿਉਂ ਕੀਤੀ ਗਈ ਅਤੇ ਇਸ ਦੀ ਜਾਣਕਾਰੀ ਭਾਰਤੀ ਮੀਡੀਆ ਨੂੰ ਕਿਉਂ ਲੀਕ ਕੀਤੀ ਗਈ। ਪ੍ਰੀਤ ਨੇ ਕਿਹਾ ਹੈ ਕਿ ਉਸ ਨੂੰ ਦੱਸਿਆ ਗਿਆ ਹੈ ਕਿ ਇਸ ਮਾਮਲੇ 'ਚ ਭਾਰਤ ਦੀ ਕੋਈ ਭੂਮਿਕਾ ਨਹੀਂ ਸੀ, ਜਦਕਿ ਸਿੱਖ ਕਾਰਕੁਨਾਂ ਦਾ ਕਹਿਣਾ ਹੈ ਕਿ ਉਹ ਸਮਝਦੇ ਹਨ ਕਿ ਇਹ ਛਾਪੇਮਾਰੀ ਭਾਰਤ ਸਰਕਾਰ ਦੇ ਇਸ਼ਾਰੇ 'ਤੇ ਹੋਈ ਹੈ।

ਗੌਰਤਲਬ ਹੈ ਕਿ ਵੈਸਟ ਮਿਡਲੈਂਡ ਪੁਲਿਸ ਨੇ ਇਸ ਦਾਅਵੇ ਨੂੰ ਰੱਦ ਕੀਤਾ ਹੈ। ਪੁਲਿਸ ਨੇ ਕਿਹਾ ਹੈ ਕਿ ਭਾਰਤ 'ਚ ਅੱਤਵਾਦੀ ਗਤੀਵਿਧੀਆਂ ਦੇ ਸ਼ੱਕ 'ਚ ਇਹ ਛਾਪੇਮਾਰੀ ਹੋਈ ਹੈ, ਪਰ ਕਿਸੇ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਭਾਰਤੀ ਅਖ਼ਬਾਰਾਂ 'ਚ 5 ਸਿੱਖ ਕਾਰਕੁਨਾਂ ਦੇ ਨਾਂਅ ਅਤੇ ਜਾਣਕਾਰੀ ਛਪਣ ਤੋਂ ਬਾਅਦ ਸਿੱਖ ਗਰੁੱਪਾਂ ਵਲੋਂ ਕਿਹਾ ਜਾ ਰਿਹਾ ਹੈ ਕਿ ਇਸ ਛਾਪੇਮਾਰੀ ਵਿਚ ਭਾਰਤ ਦਾ ਵੀ ਹੱਥ ਸੀ।

ਬੀਬੀਸੀ. ਵਲੋਂ ਦਿੱਤੀ ਇਕ ਰਿਪੋਰਟ 'ਚ ਇਕ ਭਾਰਤੀ ਪੱਤਰਕਾਰ ਨੇ ਕਿਹਾ ਹੈ ਕਿ ਭਾਰਤ 'ਚ ਸਿੱਖ ਵੱਖਵਾਦ ਬਹੁਤਾ ਗੰਭੀਰ ਮਸਲਾ ਨਹੀਂ ਹੈ ਪਰ ਇਹ ਭਾਰਤ ਸਰਕਾਰ ਦੇ ਹਿੱਤ 'ਚ ਹੈ ਕਿ ਇਸ 'ਤੇ ਨਜ਼ਰ ਰੱਖੀ ਜਾਵੇ। ਪ੍ਰੀਤ ਕੌਰ ਗਿੱਲ ਨੇ ਕਿਹਾ ਹੈ ਕਿ ਸਿੱਖ ਭਾਈਚਾਰਾ ਚਿੰਤਤ ਹੈ ਕਿ ਇਹ ਛਾਪੇਮਾਰੀ ਜੱਗੀ ਜੌਹਲ ਦੇ ਕੇਸ ਨਾਲ ਸਬੰਧਿਤ ਹੋ ਸਕਦੀ ਹੈ, ਜਿਸ ਕਰ ਕੇ ਇਸ 'ਚ ਭਾਰਤ ਦੀ ਭੂਮਿਕਾ ਵੀ ਹੈ।

## ਪੈਪਸੀਕੋ ਦੀ ਮੁੱਖ ਕਾਰਜਕਾਰੀ ਅਧਿਕਾਰੀ ਇੰਦਰਾ ਨੂਈ ਦਾ ਅਸਤੀਫਾ

**ਫਰੀਮਾਂਟ/ਹੁਸਨ ਲੜੋਆ ਬੰਗਾ)** ਪੈਪਸੀਕੋ ਦੀ ਸੀਈਓ. ਇੰਦਰਾ ਨੂਈ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ, ਜਿਸ ਨੇ ਪਿਛਲੇ 12 ਸਾਲਾਂ ਤੋਂ ਪੈਪਸੀਕੋ ਦੀ ਅਗਵਾਈ ਕੀਤੀ ਸੀ। ਭਾਰਤੀ-ਅਮਰੀਕੀ ਇਸ ਉਚ ਕਾਰਜਕਾਰੀ ਅਧਿਕਾਰੀ ਨੇ ਕਿਹਾ, ਕਿ "ਮੈਂ ਰੇਮੋਨਲਾ ਗੌਆਰਟਾ, ਜੋ ਬਹੁਤ ਹੀ ਕਾਬਲ ਵਿਅਕਤੀ ਹੈ, ਨੂੰ ਕੰਪਨੀ ਦੀ ਕਮਾਂਡ ਸੰਭਾਲ ਰਹੀ ਹਾਂ ਤੇ ਮੈਂ ਇਸ ਤੋਂ ਬਾਅਦ ਵੀ ਇਸ ਕੰਪਨੀ ਨੂੰ ਪਿਆਰ ਕਰਨਾ ਜਾਰੀ ਰੱਖਾਂਗੀ।" ਉਨਾਂ ਕਿਹਾ ਕਿ ਰੇਮੋਨਲਾ ਗੌਆਰਟਾ ਇੱਕ ਵਧੀਆ ਲੀਡਰ ਹੈ ਜੋ ਸਾਡੇ ਕਾਰੋਬਾਰ ਅਤੇ ਸਾਡੇ ਲੋਕਾਂ ਦੀ ਦਿਲੋਂ ਪਰਵਾਹ ਕਰਦਾ ਹੈ। ਉਨ੍ਹਾਂ ਪਿਛਲੇ 24 ਸਾਲਾਂ ਵਿਚ ਕੰਪਨੀ ਲਈ ਵੱਖ-ਵੱਖ ਸਮੇਂ ਕੀਤੀਆਂ ਪ੍ਰਾਪਤੀਆਂ ਲਈ ਸਾਰੀ ਟੀਮ ਦਾ ਧੰਨਵਾਦ ਕੀਤਾ। ਉਨਾਂ ਕਿਹਾ ਕਿ ਮੈਂ ਇਹ ਵੇਖਣ ਲਈ ਬੇਸਬਰ ਹਾਂ ਕਿ ਅੱਗੇ ਕੀ ਹੋਵੇਗਾ। ਇੱਕ ਲਿੰਕਡਇਨ ਪੋਸਟ ਵਿਚ ਨੂਈ ਦਾ ਆਪਣੇ ਸਟਾਫ ਲਈ ਇਕ ਖਤ ਵੀ ਛਪਿਆ ਹੈ, ਜੋ ਬਹੁਤ ਹੀ ਜਜ਼ਬਾਤੀ ਹੈ। ਵਰਨਣਯੋਗ ਹੈ ਕਿ ਭਾਰਤੀ ਭਾਈਚਾਰੇ ਦੀਆਂ ਬਾਹਰਲੀਆਂ ਸਫਾਂ ਵਿਚ ਪੈਪਸੀਕੋ ਦੀ ਸੀਈਓ. ਇੰਦਰਾ ਨੂਈ ਦਾ ਕਾਫੀ ਸਤਿਕਾਰ ਤੇ ਪ੍ਰਭਾਵ ਹੈ।



## ਭਿਆਨਕ ਸੜਕ ਹਾਦਸੇ 'ਚ 20 ਲੋਕਾਂ ਦੀ ਜਾਨ ਗਈ

**ਨਿਊਯਾਰਕ/ਬਿਊਰੋ ਨਿਊਜ਼ :** ਨਿਊਯਾਰਕ ਰਾਜ ਵਿੱਚ ਦੋ ਕਾਰਾਂ ਦੀ ਭਿਆਨਕ ਟੱਕਰ ਕਾਰਨ ਵੱਡਾ ਜਾਨੀ ਨੁਕਸਾਨ ਹੋਇਆ ਹੈ। ਇਸ ਹਾਦਸੇ ਵਿੱਚ 20 ਵਿਅਕਤੀ ਮਾਰੇ ਗਏ ਹਨ। ਪੁਲੀਸ ਸੂਤਰਾਂ ਅਨੁਸਾਰ ਕਾਰਾਂ ਦੀ ਟੱਕਰ ਬਾਅਦ ਇੱਕ ਕਾਰ ਪੈਦਲ ਚੱਲ ਰਹੇ ਲੋਕਾਂ ਉੱਤੇ ਜਾ ਕੇ ਡਿੱਗ ਗਈ। ਪੁਲੀਸ ਸੂਤਰਾਂ ਅਨੁਸਾਰ ਰਾਜਧਾਨੀ ਅਲਬਾਨੇ ਨੇੜੇ ਸਕੋਹਾਰੇ ਕਾਊਂਟੀ ਵਿਚ ਦੋ ਕਾਰਾਂ ਦੀ ਟੱਕਰ ਹੋ ਗਈ। ਹਾਦਸੇ ਵਿੱਚ ਇੱਕ ਲਿਮੋਜ਼ਿਨ ਕਾਰ ਪਹਾੜੀ ਤੋਂ ਡਿੱਗ ਗਈ। ਇਹ ਗੱਡੀ ਥੱਲੇ ਐਪਲ ਕੰਪਨੀ ਦੇ ਸਟੋਰ ਅੱਗੇ ਪੈਦਲ ਚੱਲ ਰਹੇ ਲੋਕਾਂ ਉੱਤੇ ਡਿੱਗਣ ਕਾਰਨ ਕਾਫੀ ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ। ਪੁਲੀਸ ਸੂਤਰਾਂ ਨੇ 20 ਵਿਅਕਤੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਹਾਦਸੇ ਦੇ ਮ੍ਰਿਤਕਾਂ ਦੀ ਗਿਣਤੀ ਵਧਣ ਦਾ ਖਦਸ਼ਾ ਹੈ।




## ਸੈਕਰਾਮੈਂਟੋ ਇੰਟਰਨੈਸ਼ਨਲ ਕਬੱਡੀ ਕੱਪ

# 50 ਹਜ਼ਾਰ ਡਾਲਰ ਨਗਦ,12 ਗੋਲਡ ਮੈਡਲ ਤੇ ਦੋ ਚੇਨੀਆਂ ਨਾਲ ਖਿਡਾਰੀਆਂ ਦਾ ਸਨਮਾਨ





**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਦੁਨੀਆ ਵਿਚ ਕਬੱਡੀ ਖੇਡ ਲਈ ਸਭ ਤੋਂ ਵੱਧ ਇਨਾਮਾਂ ਵਾਲੇ ਟੂਰਨਾਮੈਂਟਾਂ ਵਿਚ ਸੈਕਰਾਮੈਂਟੋ ਨੇ ਵੀ ਆਪਣਾ ਨਾਂ ਸ਼ੁਮਾਰ ਕਰ ਲਿਆ ਹੈ। ਇਸ ਇੰਟਰਨੈਸ਼ਨਲ ਕਬੱਡੀ ਕੱਪ ਵਿਚ ਜੇਤੂ ਖਿਡਾਰੀਆਂ ਨੂੰ 12 ਗੋਲਡ ਚੇਨੀਆਂ ਅਤੇ ਹੋਰ ਇਨਾਮਾਂ ਲਾਲ ਪ੍ਰਸੰਨ ਕਰ ਦਿੱਤਾ ਗਿਆ। ਇਸ ਕਬੱਡੀ ਕੱਪ ਦਾ ਆਯੋਜਨ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਸਥਿਤ ਖੁੱਲ੍ਹੀਆਂ ਗਰਾਊਂਡਾਂ ਵਿਚ ਹੋਇਆ। ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਵਲੋਂ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ਼ ਯੂਐਸਏ ਦੀ ਦੇਖ-ਰੇਖ ਵਿਚ ਕਰਵਾਏ ਗਏ ਇਸ ਇੰਟਰਨੈਸ਼ਨਲ ਕਬੱਡੀ ਕੱਪ ਵਿਚ ਬੇ ਏਰੀਆ ਸਪੋਰਟਸ ਕਲੱਬ ਯੂਨੀਅਨ ਸਿਟੀ ਓਪਨ ਵਿਚੋਂ ਜੇਤ ਰਿਹਾ ਤੇ ਫਤਿਹ ਸਪੋਰਟਸ ਕਲੱਬ ਟਰਲਕ ਨੂੰ ਦੂਜੀ ਥਾਂ 'ਤੇ ਸਬਰ ਕਰਨਾ ਪਿਆ। ਪਹਿਲੇ ਸਥਾਨ ’ਤੇ ਰਹੀ ਟੀਮ ਨੂੰ 15 ਹਜ਼ਾਰ ਨਕਦ ਇਨਾਮ ਦਿੱਤਾ ਗਿਆ ਅਤੇ ਦੂਜੇ ਥਾਂ ਰਹੀ ਟੀਮ ਨੂੰ 14 ਹਜ਼ਾਰ ਨਕਦ ਇਨਾਮ ਦਿੱਤਾ ਗਿਆ। ਇਸੇ ਤਰ੍ਹਾਂ ਅੰਡਰ 25 ਟੀਮਾਂ ਵਿਚ ਪਹਿਲੇ ਸਥਾਨ ’ਤੇ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਰਿਹਾ ਤੇ ਦੂਜੇ ਸਥਾਨ ’ਤੇ ਕੈਲੀਫੋਰਨੀਆ ਬ੍ਰਦਰਜ਼ ਯੂਬਾ ਸਿਟੀ ਰਹੇ। ਇਸ ਦੌਰਾਨ ਅੰਡਰ 21 ਵਿਚ ਸ਼ਹੀਦ ਬਾਬਾ ਦੀਪ ਸਿੰਘ ਪਹਿਲੇ ਅਤੇ ਫਰਿਜ਼ਨੋ ਸਪੋਰਟਸ ਕਲੱਬ ਦੂਜੇ ਸਥਾਨ ਤੇ ਰਿਹਾ। ਇਸੇ ਲੜੀ ਵਿਚ ਤੀਜੇ ਸਥਾਨ ਓਪਨ ਲਈ 11 ਹਜ਼ਾਰ ਦਾ ਇਨਾਮ ਅਤੇ ਓਪਨ ਲਈ ਚੌਥੇ ਸਥਾਨ ਲਈ 10 ਹਜ਼ਾਰ ਦਾ ਨਕਦ ਇਨਾਮ ਦਿੱਤਾ ਗਿਆ। ਕਬੱਡੀ ਓਪਨ ਵਿਚ ਬੈਸਟ ਰੇਡਰ ਦਾ ਖਿਤਾਬ ਸੁਲਤਾਨ ਨੂੰ ਦਿੱਤਾ ਗਿਆ ਅਤੇ ਬੈਸਟ ਜਾਫ਼ੀਆਂ ਦਾ ਖਿਤਾਬ ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲ ਤੇ ਖੁਸ਼ੀ ਦਿੜ੍ਹਬਾ ਨੂੰ ਦਿੱਤਾ ਗਿਆ। ਗੋਲਡ ਮੈਡਲਾਂ ਨਾਲ ਪਾਲਾ ਜਲਾਲ, ਦੁੱਲਾ ਬੱਗਾ ਪਿੰਡ, ਮੰਗੀ ਬੱਗਾ ਪਿੰਡ, ਮੀਕ ਸਿਆਟਲ, ਸੰਦੀਪ ਗਿੱਲ ਅੰਬੀਆਂ, ਸੁਲਤਾਨ ਸਮਸ਼ਪੁਰ, ਜਤਿੰਦਰ ਬੈਂਸ, ਭੂਰਾ ਘੜੂੰਆ ਨੂੰ ਸਨਮਾਨਿਤ ਕੀਤਾ ਗਿਆ। ਸੋਨੇ ਦੀਆਂ ਚੇਨੀਆਂ ਮੱਖਣ ਅਲੀ ਅਤੇ ਚੌਧਰੀ ਨੂੰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਕਬੱਡੀ ਕੱਪ ਦੌਰਾਨ ਹਜ਼ਾਰਾਂ ਦੀ ਤਦਾਦ ਵਿਚ ਆਏ ਦਰਸ਼ਕਾਂ ਨੂੰ ਸ਼ਿਕਾਗੋ ਪੀਜ਼ਾ ਵਾਲਿਆਂ ਨੇ ਮੁਫ਼ਤ ਪੀਜ਼ਾ ਖੁਆਇਆ। ਇਸੇ ਤਰ੍ਹਾਂ ਸਾਰਾ ਦਿਨ ਮੁਫ਼ਤ ਲੰਗਰ ਤੇ ਚਾਹ-ਸੋਢੇ ਦਾ ਪ੍ਰਬੰਧ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਵਲੋਂ ਕੀਤਾ ਗਿਆ। ਬਕਾਇਦਾ ਤੌਰ ’ਤੇ ਮੈਕਸੀਕਨ ਮੂਲ ਦੀਆਂ ਕੁੜੀਆਂ ਵਲੋਂ ਖਾਣਾ ਅਤੇ ਚਾਹ ਮੁਹੱਈਆ ਕਰਵਾਈ ਗਈ। ਇਸ ਮੌਕੇ ਸਟੇਜ ਦੀ ਕਾਰਵਾਈ ਬੀਬੀ ਆਸ਼ਾ ਸ਼ਰਮਾ ਤੇ ਮੱਖਣ ਅਲੀ ਵਲੋਂ ਕੀਤੀ ਗਈ। ਪ੍ਰਬੰਧਕਾਂ ਵਿਚ ਧੀਰਾ ਨਿੱਝਰ, ਪ੍ਰਗਟ ਸਿੰਘ ਬੈਂਸ, ਗੁਰਮੀਤ ਵੜੈਚ, ਤਰਲੋਚਨ ਅਟਵਾਲ, ਨਰਿੰਦਰ ਥਾਂਦੀ, ਲਖਵੀਰ ਔਜਲਾ, ਪੰਮਾ ਲਿੱਧੜ, ਹੈਪੀ ਔਲਖ, ਗਿੰਦਾ ਭਲਵਾਨ, ਹੈਪੀ ਬਰਿਆਲਾ, ਬਿੱਟੂ ਰੰਧਾਵਾ, ਗੋਲਡੀ ਲਾਲੀ, ਗੁਰਜੀਤ ਦਿਓਲ, ਬਲਵਿੰਦਰ ਸੰਧੂ, ਪਿੰਦੀ ਸੰਧੂ ਅਤੇ ਲਾਡਾ ਕਾਹਲੋਂ ਆਦਿ ਨੇ ਦਰਸ਼ਕਾਂ, ਸਪਾਂਸਰਾਂ ਤੇ ਦਾਨੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਇਕ ਅਤੇ ਦੋ ਦਸੰਬਰ ਨੂੰ ਹਾਕੀ ਟੂਰਨਾਮੈਂਟ ਕਰਵਾਉਣ ਦਾ ਐਲਾਨ ਵੀ ਕੀਤਾ ਗਿਆ। ਉਪਰੰਤ ਉਨ੍ਹਾਂ ਗੁਰਦੁਆਰਾ ਬਰਾਡਸ਼ਾਅ ਕਮੇਟੀ ਦਾ ਵੀ ਸਹਿਯੋਗ ਲਈ ਵਿਸ਼ੇਸ਼ ਤੌਰ ‘ਤੇ ਧੰਨਵਾਦ ਕੀਤਾ।

## ਕੇਰਲ ’ਚ ਅਨੰਦ ਮੈਰਿਜ ਐਕਟ ਹੋਇਆ ਲਾਗੂ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਅਨੰਦ ਮੈਰਿਜ ਐਕਟ ਕੇਰਲਾ ਵਿਚ ਲਾਗੂ ਹੋ ਗਿਆ ਹੈ। ਇਸ ਫੈਸਲੇ ਮਗਰੋਂ ਹੁਣ ਰਾਜ ਵਿਚ ਰਹਿੰਦੇ ਸਿੱਖ ਇਸ ਐਕਟ ਅਧੀਨ ਆਪਣੇ ਵਿਆਹਾਂ ਦੀ ਰਜਿਸਟਰੇਸ਼ਨ ਕਰਵਾ ਸਕਣਗੇ। ਉਨ੍ਹਾਂ ਕਿਹਾ ਕਿ ਇਹ ਬਾਕੀ ਰਾਜਾਂ ਵਿਚ ਅਜਿਹੀ ਕੋਸ਼ਿਸ਼ ਕਰਨਗੇ।

## ਨਿਊਜ਼ੀਲੈਂਡ ਨੇ 35 ਮੁਲਕਾਂ ਦੇ 416 ਲੋਕਾਂ ਨੂੰ ਦਿੱਤੀ ਨਾਗਰਿਕਤਾ

### *ਬਠਿੰਡਾ ਦੀ ਜੰਮਪਲ ਲੜਕੀ ਰੂਬੀ ਢਿੱਲੋਂ ਵੀ ਸ਼ਾਮਲ*

**ਆਕਲੈਂਡ(ਨਿਊਜ਼ੀਲੈਂਡ)/ਬਿਊਰੋ ਨਿਊਜ਼ :** ਨਿਊਜ਼ੀਲੈਂਡ ਦੇ ਮਸ਼ਹੂਰ ਸ਼ਹਿਰ ਆਕਲੈਂਡ ਵਿੱਚ ਉੱਥੋਂ ਦੀ ਸਰਕਾਰ ਨੇ 35 ਮੁਲਕਾਂ ਦੇ 416 ਲੋਕਾਂ ਨੂੰ ਨਿਊਜ਼ੀਲੈਂਡ ਦੀ ਨਾਗਰਿਕਤਾ ਦਿੱਤੀ ਗਈ ਹੈ। ਇਨ੍ਹਾਂ ਨਾਗਰਿਕਤਾ ਲੈਣ ਵਾਲਿਆਂ ਵਿਚ ਪੰਜਾਬੀ ਮੂਲ ਦੀ ਬਠਿੰਡਾ ਦੀ ਜੰਮਪਲ ਲੜਕੀ ਬਲਵਿੰਦਰ ਕੌਰ ਉਰਫ਼ ਰੂਬੀ ਢਿੱਲੋਂ ਵੀ ਸ਼ਾਮਲ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਸ਼ਮਸ਼ੇਰ ਸਿੰਘ ਢਿੱਲੋਂ ਨੇ ਫ਼ੋਨ ’ਤੇ ਦੱਸਿਆ ਕਿ ਰੂਬੀ ਢਿੱਲੋਂ ਪੰਜਾਬੀ ਅਖ਼ਬਾਰਾਂ ਦੇ ਪ੍ਰੈਸ ਫ਼ੋਟੋਗਰਾਫ਼ਰ ਸਵਰਨ ਸਿੰਘ ਢਿੱਲੋਂ ਦੀ ਪੁੱਤਰੀ ਤੇ ਮੇਰੀ ਭਤੀਜੀ ਹੈ, ਜੋ ਸੰਨ 2010 ਵਿੱਚ ਪੰਜਾਬ ਤੋਂ ਨਿਊਜ਼ੀਲੈਂਡ ਵਿਚ ਪੜ੍ਹਾਈ ਕਰਨ ਗਈ ਸੀ। ਪਹਿਲਾਂ ਉਸ ਨੇ ਕੰਪਿਊਟਰ ਆਈਟੀ. ਵਿੱਚ ਦਾਖਲਾ ਲਿਆ ਤੇ ਕੁਝ ਸਮੇਂ ਮਗਰੋਂ ਉਸ ਨੂੰ ਪੀਆਰ. ਮਿਲੀ। ਹੁਣ ਉਸ ਨੂੰ ਨਿਊਜ਼ੀਲੈਂਡ ਦੀ ਪੱਕੀ ਨਾਗਰਿਕਤਾ ਮਿਲ ਗਈ ਹੈ।




ਇਸ ਮੌਕੇ ਕੈਨੇਡਾ, ਅਮਰੀਕਾ, ਸਾਊਥ ਅਫ਼ਰੀਕਾ ਤੋਂ ਇਲਾਵਾ ਭਾਰਤ, ਫਿਲਪਾਇਨ, ਸਮੋਆ, ਪਾਕਿਸਤਾਨ, ਟਾਊਗਾ, ਅਰਜਨਟੀਨਾ, ਆਇਰਲੈਂਡ ਅਤੇ ਇਜ਼ਰਾਈਲ ਆਦਿ ਮੁਲਕਾਂ ਦੇ ਲੋਕਾਂ ਨੂੰ ਨਾਗਰਿਕਤਾ ਦੇ ਸਰਟੀਫਿਕੇਟ ਦਿੱਤੇ ਗਏ। ਇਸ ਮੌਕੇ ਇਨਟਰਨਲ ਅਫੇਅਰਜ਼ ਟੀਮ ਐਂਡ ਆਕਲੈਂਡ ਕੌਂਸਲ ਸਟਾਫ਼, ਮਨਿਸਟਰੀ ਆਫ਼ ਇੰਟਰਨਲ ਨਿਊਜ਼ੀਲੈਂਡ ਦੇ ਨੁਮਾਇੰਦੇ ਅਤੇ ਲੋਕਲ ਬੋਰਡ ਚੇਅਰਪਰਸਨ ਵੀ ਹਾਜ਼ਰ ਸਨ।


# WHITE HAWK TRUCKING INC

## *Need Drivers & Owner Operators*

Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

**2101 MARTIN LUTHER KING JR WAY STOCKTON, CA 95205**

# ਅਕਾਲੀ ਦਲ ਅੰਮ੍ਰਿਤਸਰ, ਬਾਮਸੇਫ ਤੇ ਹਮਖਿਆਲੀ ਜਥੇਬੰਦੀਆਂ ਵੱਲੋਂ ਤਖਤ ਕੇਸਗੜ੍ਹ ਸਾਹਿਬ ਤੋਂ ਤਬਦੀਲੀ ਯਾਤਰਾ ਦੀ ਸ਼ੁਰੂਆਤ

**ਸ੍ਰੀ ਅਨੰਦਪੁਰ ਸਾਹਿਬ/ਬਿਊਰੋ ਨਿਊਜ਼ :**
ਮੂਲ ਨਿਵਾਸੀ ਭਾਰਤੀਆਂ ਨੂੰ ਬ੍ਰਾਹਮਣਵਾਦੀ ਤਾਕਤਾਂ ਦੀ ਸਮਾਜ ਵੰਡ ਘਾੜਤ ਮਨੂ ਸਮ੍ਰਿਤੀ ਦੇ ਜ਼ਾਲਮ ਫੰਦੇ ਚੋਂ ਆਜ਼ਾਦ ਕਰਾਉਣ ਲਈ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤ ਉਤੋਂ "ਪਰਿਵਰਤਣ ਯਾਤਰਾ" ਦੀ ਸ਼ੁਰੂਆਤ ਹੋਈ ਹੈ।



ਮੂਲ ਨਿਵਾਸੀ ਭਾਰਤੀਆਂ ਦੀ ਸੰਸਥਾ ਬਾਮਸੇਫ ਦੇ ਅੰਤਰਰਾਸ਼ਟਰੀ ਕਨਵੀਨਰ ਸ੍ਰੀ ਵਾਮਨ ਮੇਸ਼ਰਾਮ, ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ, ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਯੂਨਾਈਟਡ ਅਕਾਲੀ ਦਲ ਦੇ ਗੁਰਦੀਪ ਸਿੰਘ ਬਠਿੰਡਾ, ਬਾਬਾ ਹਰਦੀਪ ਸਿੰਘ ਚਾਂਦਪੁਰਾ, ਬਹੁਜਨ ਮੁਕਤੀ ਮੋਰਚਾ ਦੇ ਕੁਲਦੀਪ ਸਿੰਘ ਈਸਾਪੁਰ ਦੀ ਅਗਵਾਈ ਵਿੱਚ ਸੈਂਕੜੇ ਪਾਰਟੀ ਵਰਕਰ ਪਹਿਲਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਪੁੱਜੇ ।ਅਰਦਾਸ-ਬੇਨਤੀ ਉਪਰੰਤ ਜੈਕਾਰਿਆਂ ਦੀ ਗੂੰਜ ਦਰਮਿਆਨ ਇਹ "ਪਰਿਵਰਤਣ ਯਾਤਰਾ" ਆਰੰਭ ਹੋਈ।

ਇਸ ਮੌਕੇ ਗੱਲਬਾਤ ਕਰਦਿਆਂ ਸ੍ਰੀ ਵਾਮਨ ਮੇਸ਼ਰਾਮ ਨੇ ਦੱਸਿਆ ਕਿ ਬਾਮਸੇਫ ਵਲੋਂ ਹਮਖਿਆਲੀ ਪਾਰਟੀਆਂ ਤੇ ਸੰਸਥਾਵਾਂ ਦੇ ਸਹਿਯੋਗ ਨਾਲ ਸਮੁੱਚੇ ਭਾਰਤ ਵਿਚ ਅਜੇਹੀਆਂ ਯਾਤਰਾਵਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੰਨ 2015 ਵਿੱਚ ਪੰਜਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਰਾਦਰ ਦੀਆਂ ਵਾਪਰੀਆਂ ਘਟਨਾਵਾਂ ਅਸਿਹ ਹਨ ਤੇ ਇਹ ਸਿੱਧੇ ਤੌਰ ਤੇ ਦੇਸ਼ ਅੰਦਰ ਵਿਚਰ ਰਹੀਆਂ ਘੱਟ ਗਿਣਤੀਆਂ ਅਤੇ ਮਜ਼ਲੂਮਾਂ ਉਪਰ ਜ਼ੁਲਮ ਹੈ।

ਸ੍ਰੀ ਮੇਸ਼ਰਾਮ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸੰਸਾਰ ਦੇ ਇੱਕ ਅਜੇਹੇ ਸਤਿਕਾਰਤ ਧਰਮ ਗ੍ਰੰਥ ਹਨ, ਜਿਥੇ ਬ੍ਰਾਹਮਣਵਾਦੀ ਤਾਕਤਾਂ ਦੁਆਰਾ ਲਿਤਾੜੇ ਹੋਏ ਸਮਾਜ ਦੇ ਮਹਾਂਪੁਰਖਾਂ ਦੀ ਬਾਣੀ ਨੂੰ ਗੁਰੂ ਦਾ ਦਰਜਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਰਗਾੜੀ ਵਿਖੇ ਗੁਰੂ ਗ੍ਰੰਥ ਸਾਹਿਬ ਦਾ ਨਿਰਾਦਰ ਅਤੇ ਪੁਲਿਸ ਦੀ ਗੋਲੀ ਨਾਲ ਸਿੱਖਾਂ ਦੇ ਕੀਤੇ ਕਤਲ ਦਾ ਇਨਸਾਫ ਲੈਣਾ ਵੀ ਪਰਿਵਰਤਣ ਯਾਤਰਾ ਦਾ ਮਕਸਦ ਹੈ ।ਸਿੱਖ ਕੌਮ ,ਇੱਕ ਆਜ਼ਾਦ ਕੌਮ ਹੈ, ਜਿਸ ਦਾ ਆਪਣਾ ਅਲੱਗ ਨਿਸ਼ਾਨ, ਧਰਮ-ਗ੍ਰੰਥ, ਜਨਮ ਤੋਂ ਮਰਨ ਤੀਕ ਦੇ ਵਿਲੱਖਣ ਸੰਸਕਾਰ ਹਨ ਪ੍ਰੰਤੂ ਬ੍ਰਾਹਮਣਵਾਦੀ ਤਾਕਤਾਂ ਸਿੱਖਾਂ ਨੂੰ ਹਿੰਦੂਆਂ ਦਾ ਅੰਗ ਦੱਸ ਰਹੀਆਂ ਹਨ। ਬਾਮਸੇਫ ਸਿੱਖ ਕੌਮ ਨੂੰ ਇੱਕ ਆਜ਼ਾਦ ਤੇ ਵਿੱਲਖਣ ਕੌਮ ਦਾ ਦਰਜਾ ਦਿਵਾਉਣ ਲਈ ਵਚਨਬੱਧ ਹੈ ਤੇ ਜੇ ਲੋੜ ਪਈ ਤਾਂ ਜੇਲ੍ਹ ਭਰੋ ਅੰਦੋਲਨ ਚਲਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਵੇਗਾ।

ਆਪਣੀ ਗੱਲ ਜਾਰੀ ਰੱਖਦਿਆਂ ਵਾਮਨ ਮੇਸ਼ਰਾਮ ਨੇ ਕਿਹਾ ਭਾਰਤੀ ਫੌਜਾਂ ਵੱਲੋਂ ਜੂਨ 1984 ਦੇ ਹਮਲੇ ਉਪਰੰਤ ਪੰਜਾਬ ਵਿੱਚ ਕੀਤੇ ਅਪਰੇਸ਼ਨ ਵੁੱਡ ਰੋਜ਼ ਤਹਿਤ ਡੇਢ ਲੱਖ ਸਿੱਖ ਨੌਜੁਆਨ ਮਾਰੇ ਗਏ ਸਨ, ਜਬਰੀ ਚੁੱਕ ਕੇ ਤੇ ਲਾਵਾਰਿਸ ਕਰਾਰ ਦੇ ਕੇ 25 ਹਜ਼ਾਰ ਸਿੱਖ ਮਾਰੇ ਜਾਣ ਦੇ ਅੰਕੜੇ ਵੀ ਸਾਡੇ ਸਾਹਮਣੇ ਹਨ। ਇਨ੍ਹਾਂ ਪੀੜਤ ਪਰਿਵਾਰਾਂ ਨੂੰ ਇਨਸਾਫ ਤੇ ਦੋਸ਼ੀਆਂ ਨੂੰ ਸਜ਼ਾਵਾਂ ਜ਼ੂਰ ਦਿਵਾਈਆਂ ਜਾਣਗੀਆਂ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਅਨੰਦਪੁਰ ਸਾਹਿਬ ਦੀ ਧਰਤੀ, ਉਹ ਪਾਵਨ ਧਰਤ ਹੈ, ਜਿਥੇ ਸੰਨ 1699 ਵਿੱਚ ਦਸ਼ਮੇਸ਼ ਪਿਤਾ ਜੀ ਨੇ ਅਜੇਹੀ ਸਮਾਜਿਕ ਕਰਾਂਤੀ ਲਿਆਂਦੀ ਕਿ ਸਮਾਜ ਦੇ ਦਲਿਤ ਹਿੱਸੇ ਨੂੰ ਪੰਜ ਪਿਆਰਿਆਂ ਦੇ ਰੂਪ ਵਿੱਚ ਗੁਰੂ ਦਾ ਦਰਜਾ ਮਿਲਿਆ ਤੇ ਬਚਨ ਵੀ ਹੋਇਆ ਕਿ "ਇਨ ਗਰੀਬ ਸਿਖਨ ਕੋ ਦੂੰ ਪਾਤਸ਼ਾਹੀ"। ਉਨ੍ਹਾਂ ਕਿਹਾ ਅੱਜ ਜਦੋਂ ਬਾਮਸੇਫ ਵਰਗੀ ਸਮਾਜਿਕ ਤੌਰ 'ਤੇ ਜਾਗਰੂਕ ਸੰਸਥਾ ਇਹ ਐਲਾਨ ਕਰ ਰਹੀ ਹੈ ਕਿ ਉਹ ਸਿੱਖ ਕੌਮ ਦੀ ਆਜ਼ਾਦ ਹੋਂਦ ਹਸਤੀ ਨੂੰ ਪ੍ਰਵਾਨ ਕਰਦੀ ਹੈ ਤੇ ਇਸ ਪਹਿਚਾਣ ਨੂੰ ਉਜਾਗਰ ਕਰਨ ਲਈ ਹਰ ਕੁਰਬਾਨੀ ਦੇਣ ਨੂੰ ਤਿਆਰ ਹੈ, ਤਾਂ ਸ਼੍ਰੋਮਣੀ ਅਕਾਲੀ ਦਲ (ਅ) ਵੀ ਸਮਾਜ ਦੇ ਲਿਤਾੜੇ ਵਰਗ ਦੇ ਲੋਕਾਂ ਨੂੰ ਇਨਸਾਫ ਦਿਵਾਉਣ ਦਾ ਅਹਿਦ ਦੁਹਰਾਉਂਦਾ ਹੈ।

ਇਸ ਮੌਕੇ ਵੱਖ ਵੱਖ ਗੱਤਕਾ ਟੀਮਾਂ ਨੇ ਖਾਲਸੇ ਦੀ ਜੰਗਜੂ ਖੇਡ ਗੱਤਕੇ ਦੇ ਜੌਹਰ ਵਿਖਾਏ ਤੇ ਯਾਤਰਾ ਅਗਲੇ ਪੜਾਅ ਵੱਲ ਵੱਧ ਗਈ। ਇਸ ਮੌਕੇ ਪ੍ਰੋ. ਮਹਿੰਦਰ ਪਾਲ ਸਿੰਘ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਅਮਰੀਕ ਸਿੰਘ ਬੱਲੋਵਾਲ, ਨਵਦੀਪ ਸਿੰਘ ਬਾਜਵਾ, ਕੁਲਦੀਪ ਸਿੰਘ ਭਾਗੋਵਾਲ, ਨਵਦੀਪ ਸਿੰਘ , ਪ੍ਰਿਤਪਾਲ ਸਿੰਘ, ਗੁਰਜੰਟ ਸਿੰਘ ਕੱਟੂ, ਜਸਬੀਰ ਸਿੰਘ ਖੰਡੂਰ, ਕੰਵਰਪਾਲ ਸਿੰਘ ਬਿੱਟੂ, ਹਰਭਜਨ ਸਿੰਘ ਕਸ਼ਮੀਰੀ, ਲਵਲੀ ਲੁਧਿਆਣਾ, ਨਰਿੰਦਰ ਕੌਰ ਪੁਰੇਵਾਲ ਅਤੇ ਬਾਬਾ ਹਰਬੰਸ ਸਿੰਘ ਜੈਨਪੁਰ ਹਾਜ਼ਰ ਸਨ । ਇਹ ਯਾਤਰਾਪੰਜਾਬ ਦੇ ਵੱਖ ਵੱਖ ਜਿਲਿਆਂ ਵਿੱਚੋਂ ਹੁੰਦੀ ਹੋਈ 4 ਨਵੰਬਰ ਨੂੰ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਸਮਾਪਤ ਹੋਵੇਗੀ।

## ਪੰਜਾਬ 'ਚ ਆਮ ਆਦਮੀ ਪਾਰਟੀ ਵੱਲੋਂ 22 ਮੈਂਬਰੀ ਸਟੇਟ ਕੋਰ ਕਮੇਟੀ ਦਾ ਐਲਾਨ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੀ ਆਮ ਆਦਮੀ ਪਾਰਟੀ ਨੇ 22 ਮੈਂਬਰੀ ਸਟੇਟ ਕੋਰ ਕਮੇਟੀ ਦਾ ਐਲਾਨ ਕੀਤਾ ਹੈ। ਇਹ ਕਮੇਟੀ ਪਾਰਟੀ ਦੀ ਸਟੇਟ ਇਕਾਈ ਤੇ ਪੰਜਾਬ ਨਾਲ ਸਬੰਧਿਤ ਸਾਰੇ ਫ਼ੈਸਲੇ ਖ਼ੁਦ ਲੈਣ ਦੇ ਸਮਰੱਥ ਹੋਵੇਗੀ। ਬੁਢਲਾਡਾ ਤੋਂ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਇਸ ਕਮੇਟੀ ਦੇ ਚੇਅਰਮੈਨ ਹੋਣਗੇ। ਚੰਡੀਗੜ੍ਹ ਪ੍ਰੈੱਸ ਕਲੱਬ 'ਚ ਇਹ ਐਲਾਨ ਪਾਰਟੀ ਦੇ ਸੀਨੀਅਰ ਆਗੂ ਤੇ ਸੰਸਦ ਮੈਂਬਰ ਭਗਵੰਤ ਮਾਨ ਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕੀਤਾ।

ਇਸ ਮੌਕੇ ਭਗਵੰਤ ਮਾਨ ਤੇ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਇਹ ਕਮੇਟੀ ਬਲਾਕ ਪੱਧਰ ਦੀਆਂ ਨਿਯੁਕਤੀਆਂ ਤੋਂ ਲੈ ਕੇ ਲੋਕ ਸਭਾ ਚੋਣਾਂ ਲਈ ਉਮੀਦਵਾਰ ਚੁਣਨ ਤੇ ਟਿਕਟ ਦੇਣ ਦੇ ਫ਼ੈਸਲੇ ਆਪਸੀ ਸਹਿਮਤੀ ਨਾਲ ਖ਼ੁਦ ਲਵੇਗੀ। ਕੇਂਦਰੀ ਹਾਈ ਕਮਾਨ ਇਸ ਕਮੇਟੀ ਵੱਲੋਂ ਚੁਣੇ ਉਮੀਦਵਾਰਾਂ ਨੂੰ ਪਾਰਟੀ ਲੈਟਰ ਤੇ ਚੋਣ ਨਿਸ਼ਾਨ ਅਲਾਟ ਕਰੇਗੀ। ਚੀਮਾ ਨੇ ਕਿਹਾ ਕਿ ਇਹ ਕੋਰ ਕਮੇਟੀ ਪੰਜਾਬ ਅੰਦਰ ਪਾਰਟੀ ਨੂੰ ਹੋਰ ਮਜ਼ਬੂਤ ਕਰੇਗੀ ਤੇ ਅੰਦਰੂਨੀ ਵਿਚਾਰਾਂ ਦੇ ਮਤਭੇਦਾਂ ਨੂੰ ਦੂਰ ਕਰਨ ਲਈ ਵੀ ਯਤਨਸ਼ੀਲ ਰਹੇਗੀ। ਇਸ ਮੌਕੇ ਭਗਵੰਤ ਮਾਨ ਨੇ ਦੱਸਿਆ ਕਿ 'ਆਪ' ਵਿਧਾਇਕ ਤੇ ਸੰਸਦ ਮੈਂਬਰ 7 ਅਕਤੂਬਰ ਨੂੰ ਚੰਡੀਗੜ੍ਹ 'ਚ ਮੁੱਖ ਮੰਤਰੀ ਦੇ ਘਰ ਸਾਹਮਣੇ ਸ਼ਾਂਤੀਪੂਰਵਕ ਭੁੱਖ ਹੜਤਾਲ 'ਤੇ ਬੈਠਣਗੇ।

**ਬਾਕੀ ਸਫ਼ਾ 29 'ਤੇ**

CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.




Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਕੌਂਸਲਰ ਜੈਫ ਬੋਮੈਨ ਨੇ ਐਲਆਰਟੀ ਖਿਲਾਫ ਵੋਟ ਪਾ ਕੇ ਬਰੈਂਪਟਨ ਸ਼ਹਿਰ ਦਾ ਵੱਡਾ ਨੁਕਸਾਨ ਕੀਤਾ : ਹੰਸਰਾ



**ਬਰੈਂਪਟਨ/ਬਿਊਰੋ ਨਿਊਜ਼ :**
ਬਰੈਂਪਟਨ ਦੇ ਵਾਰਡ 3 ਅਤੇ 4 ਤੋਂ ਕੌਂਸਲਰ ਜੈਫ ਬੋਮੈਨ ਨੇ ਪਿਛਲੇ ਚਾਰ ਸਾਲਾਂ ਦੌਰਾਨ ਐਲਆਰਟੀ (ਲਾਈਟ ਰੇਲ) ਵੋਟ ਪਾ ਕੇ ਬਰੈਂਪਟਨ ਸ਼ਹਿਰ ਦੇ ਖਜ਼ਾਨੇ ਦਾ ਵੱਡਾ ਨੁਕਸਾਨ ਕੀਤਾ ਹੈ, ਇਸ ਕਰਕੇ ਕੌਂਸਲਰ ਬੋਮੈਨ ਨੂੰ ਹਰਾਉਣਾ ਬਰੈਂਪਟਨ ਵਾਸੀਆਂ ਲਈ ਬੜਾ ਜ਼ਰੂਰੀ ਹੈ। ਇਹ ਵਿਚਾਰ ਹਰਪ੍ਰੀਤ ਸਿੰਘ ਹੰਸਰਾ ਨੇ ਦਿੱਤੇ।

ਉਨਾਂ ਕਿਹਾ ਕਿ ਇਹੀ ਕਾਰਨ ਹੈ ਕਿ ਵਾਰਡ 3 ਅਤੇ 4 ਦੇ ਕੌਂਸਲਰ ਜੈਫ ਬੋਮੈਨ ਨੇ ਬਰੈਂਪਟਨ ਬੋਰਡ ਆਫ ਟਰੇਡ ਵਲੋਂ ਕੀਤੀ ਗਈ ਡੀਬੇਟ ਵਿੱਚ ਗਲਫ ਟੂਰਨਾਮੈਂਟ ਦਾ ਬਹਾਨਾ ਲਾ ਕੇ, ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ, ਜਦਕਿ ਬਰੈਂਪਟਨ ਦੇ ਵਾਰਡ 3 ਅਤੇ 4 ਦੇ ਸਿਟੀ ਕੌਂਸਲਰਾਂ ਦੀ ਇੱਹ ਇੱਕੋ ਇੱਕ ਡੀਬੇਟ ਸੀ, ਜੋ ਵਪਾਰਕ ਸੰਸਥਾਵਾਂ ਦੀ ਜਥੇਬੰਦੀ (ਬਰੈਂਪਟਨ ਬੋਰਡ ਆਫ ਟਰੇਡ) ਵਲੋਂ ਕਰਵਾਈ ਜਾ ਰਹੀ ਸੀ। ਇਸ ਡੀਬੇਟ ਵਿੱਚ ਕੌਂਸਲਰ ਬੋਮੈਨ ਨੂੰ ਉਪਰੋਕਤ ਸੁਆਲਾਂ ਦੇ ਜੁਆਬ ਦੇਣੇ ਪੈਣੇ ਸਨ ਕਿ ਸੂਬਾ ਸਰਕਾਰ ਵਲੋਂ ਲਗਭਗ 400 ਮਿਲੀਅਨ ਡਾਲਰ, ਜੋ ਸਰਕਾਰ ਨੇ ਬਰੈਂਪਟਨ ਵਿੱਚ ਲਾਈਟ ਰੇਲ (ਐਲਆਰਟੀ) ਲਿਆਉਣ ਲਈ ਨਿਵੇਸ਼ ਕਰਨਾ ਸੀ, ਨੂੰ ਵੋਟ ਪਾ ਕੇ ਰੱਦ ਕਿਉਂ ਕੀਤਾ?

ਕੌਂਸਲਰ ਬੋਮੈਨ ਨੂੰ ਇਹ ਵੀ ਦੱਸਣਾ ਪੈਣਾ ਸੀ ਕਿ ਉਨਾਂ 12 ਮਿਲੀਅਨ ਡਾਲਰ ਦਾ ਰਿਵਰਸਟੋਨ ਗੌਲਫ ਕਲੱਬ ਖਰੀਦਣ ਦੇ ਹੱਕ ਵਿੱਚ ਵੋਟ ਕਿਉਂ ਪਾਈ ਸੀ, ਜਦੋਂ ਕਿ ਐਡਾ ਵੱਡਾ ਫੈਸਲਾ ਕਰਨ ਲਈ ਕੌਂਸਲ ਨੇ ਬਰੈਂਪਟਨ ਦੇ ਲੋਕਾਂ ਨੂੰ ਪੁੱਛਿਆ ਤੱਕ ਨਹੀਂ, ਜਦਕਿ ਇਥੇ ਸੀਨੀਅਰਜ਼ ਫਸੈਲਟੀ ਬਣਨ ਨੂੰ 10 ਸਾਲ ਲੱਗ ਸਕਦੇ ਹਨ।

ਜੈਫ ਬੋਮੈਨ ਦੇ ਫੈਸਲਿਆਂ ਨੂੰ ਬੇਲੋੜੇ ਦੱਸਦਿਆਂ ਹਰਪ੍ਰੀਤ ਸਿੰਘ ਹੰਸਰਾ ਨੇ ਅੱਗੇ ਕਿਹਾ ਕਿ ਕੌਂਸਲ ਨੇ ਬਰੈਂਪਟਨ ਬੀਸਟ ਹਾਕੀ ਕਲੱਬ ਨੂੰ 15 ਲੱਖ ਡਾਲਰ ਦੇ ਕੇ ਬੇਲਆਊਟ ਕੀਤਾ ਹੈ ਜਦੋਂ ਕਿ ਇਹ 15 ਲੱਖ ਡਾਲਰ ਬਰੈਂਪਟਨ ਵਿੱਚ ਲੋਕਾਂ ਦੀ ਭਲਾਈ ਲਈ ਖਰਚਿਆ ਜਾ ਸਕਦਾ ਸੀ। ਇਥੇ ਵਰਨਣਯੋਗ ਹੈ ਕਿ ਬਰੈਂਪਟਨ ਬੀਸਟ ਹਾਕੀ ਟੀਮ ਦੇ ਮਾਲਕ ਮਿਲੀਅਨਏਅਰ ਹਨ। ਇਸ ਤੋਂ ਪਹਿਲਾਂ 20 ਮਿਲੀਅਨ ਡਾਲਰ ਦੇ ਖਰਚੇ ਨਾਲ ਪਾਵਰੇਡ ਸੈਂਟਰ ਦਾ ਨਿਰਮਾਣ ਕੀਤਾ ਗਿਆ ਸੀ ਤਾਂ ਕਿ ਬਰੈਂਪਟਨ ਬੀਸਟ ਇਥੇ ਖੇਡ ਸਕੇ। ਇਥੇ ਇਹ ਵੀ ਵਰਨਣਯੋਗ

ਬਾਕੀ ਸਫ਼ਾ 28 'ਤੇ

## ਗੁਰਦੁਆਰਾ ਰਕਾਬਗੰਜ ਸਾਹਿਬ ਦੀ ਇਤਿਹਾਸਕ ਇਮਾਰਤ ਨਾਲ ਛੇੜਛਾੜ ਦੀ ਸਾਜਿਸ਼

# ਦਿੱਲੀ ਦੇ ਸਿੱਖਾਂ ਨੇ ਮੰਗਿਆ ਜੀਕੇ ਦਾ ਅਸਤੀਫਾ

## 'ਵੀਡੀਓ ਰਾਹੀਂ ਦਿਖਾਇਆ ਜੀਕੇ ਦਾ ਦੋਗਲਾ ਕਿਰਦਾਰ'




**ਨਵੀਂ ਦਿੱਲੀ/ਬਿਊਰੋ ਨਿਊਜ਼ :** ਕਾਰ-ਸੇਵਾ ਦੇ ਨਾਂਅ 'ਤੇ ਇਤਿਹਾਸਕ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਦਰਬਾਰ ਹਾਲ ਦੀ ਕੀਤੀ ਜਾਣ ਵਾਲੀ ਤੋੜ-ਭੰਨ ਦੇ ਮਾਮਲੇ ਨੂੰ ਲੈ ਕੇ ਦਿੱਲੀ ਦੇ ਕੁਝ ਜਾਗਰੂਕ ਸਿੱਖਾਂ ਦੇ ਗਰੁੱਪ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀਕੇ. ਦੇ ਅਸਤੀਫੇ ਦੀ ਮੰਗ ਕੀਤੀ ਹੈ। ਪੰਥਕ ਮਸਲਿਆਂ ਨੂੰ ਲੈ ਕੇ ਦਿੱਲੀ ਦੇ ਚੋਣਵੇਂ ਸਿੱਖਾਂ ਵੱਲੋਂ 'ਸੰਗਤ' ਨਾਂਅ ਦਾ ਗਰੁੱਪ ਬਣਾਇਆ ਗਿਆ ਹੈ। ਇਸ ਗਰੁੱਪ ਨੇ ਪ੍ਰੈਸ ਕਾਨਫਰੰਸ ਦੌਰਾਨ ਮੀਡੀਆ ਨੂੰ ਇੱਕ ਵੀਡੀਓ ਦਿਖਾ ਕੇ ਜੀਕੇ. ਦੇ ਦੋਗਲੇ ਕਿਰਦਾਰ ਨੂੰ ਸੰਗਤਾਂ ਸਾਹਮਣੇ ਰੱਖਿਆ ਹੈ। ਗਰੁੱਪ ਨੇ ਕਿਹਾ ਕਿ ਜੀਕੇ. ਵੱਲੋਂ ਕਾਰ ਸੇਵਾ ਦੇ ਨਾਂਅ 'ਤੇ ਇਤਿਹਾਸਕ ਇਮਾਰਤ ਨਾਲ ਛੇੜਛਾੜ ਜਾਂ ਤੋੜਭੰਨ ਦੀ ਪੱਕੀ ਯੋਜਨਾ ਬਣਾਈ ਗਈ ਪਰ ਜਦੋਂ ਦਿੱਲੀ ਦੀਆਂ ਸੰਗਤਾਂ ਵੱਲੋਂ ਇਸ ਦਾ ਤਿੱਖਾ ਵਿਰੋਧ ਕੀਤਾ ਗਿਆ ਤਾਂ ਉਹ ਸੰਗਤਾਂ ਨੂੰ ਗੁਮਰਾਹ ਕਰਨ ਲਈ ਇਹ ਦਾਅਵਾ ਕਰਨ ਲੱਗ ਪਏ ਕਿ ਦਰਬਾਰ ਹਾਲ ਨਾਲ ਕੋਈ ਛੇੜਛਾੜ ਜਾਂ ਤੋੜਭੰਨ ਕਰਨ ਦੀ ਕੋਈ ਯੋਜਨਾ ਨਹੀਂ ਹੈ।

ਗਰੁੱਪ ਨੇ ਕਿਹਾ ਕਿ ਇਸ ਵੀਡੀਓ ਤੋਂ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ ਕਿ ਉਪਰੋਕਤ ਮਾਮਲੇ 'ਤੇ ਜੀਕੇ. ਬਿਲਕੁਲ ਝੂਠ ਬੋਲ ਕੇ ਸੰਗਤਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਗਰੁੱਪ ਨੇ ਦੱਸਿਆ ਕਿ ਇਹ ਵੀਡੀਓ ਉਸ ਸਮੇਂ ਦੀ ਹੈ, ਜਦ ਚੋਣਵੇਂ ਸਿੱਖ ਉਪਰੋਕਤ ਮਾਮਲੇ ਬਾਰੇ ਜੀਕੇ. ਨਾਲ ਗੱਲ ਕਰਨ ਗਏ ਸੀ ਅਤੇ ਉਸ ਗੱਲਬਾਤ ਦੌਰਾਨ ਜੀਕੇ. ਨੇ ਰਕਾਬਗੰਜ ਸਾਹਿਬ ਦੇ ਦਰਬਾਰ ਹਾਲ ਨੂੰ ਖੁੱਲ੍ਹਾ ਕਰਨ ਦੀ ਗੱਲ ਆਖੀ ਸੀ ਪ੍ਰੰਤੂ ਜਦੋਂ ਸੰਗਤਾਂ ਨੇ ਤਿੱਖਾ ਵਿਰੋਧ ਕੀਤਾ ਤਾਂ ਹੁਣ ਝੂਠ ਬੋਲ ਕੇ ਸੰਗਤਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਗਰੁੱਪ ਨੇ ਇਹ ਵੀ ਦੋਸ਼ ਲਾਇਆ ਕਿ ਸਿੱਖ ਵਿਰੋਧੀ ਤਾਕਤਾਂ ਨਾਲ ਰਲ ਕੇ ਜੀਕੇ. ਵੱਲੋਂ ਵੱਡੀ ਸਾਜਿਸ਼ ਕੀਤੀ ਜਾ ਰਹੀ ਹੈ। ਗਰੁੱਪ ਨੇ ਕਿਹਾ ਕਿ ਜੀਕੇ. ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਪਾਰਲੀਮੈਂਟ ਦੇ ਸਾਹਮਣੇ ਸਥਿਤ ਗੁਰਦੁਆਰਾ ਸਾਹਿਬ ਦੀ ਇਹ ਇਮਾਰਤ ਵੀਵੀਆਈਪੀ. ਖੇਤਰ ਅਧੀਨ ਹੈ ।ਜੇਕਰ ਇੱਕ ਵਾਰ ਇਸ ਇਤਿਹਾਸਕ ਇਮਾਰਤ ਨਾਲ ਤੋੜ-ਭੰਨ ਕੀਤੀ ਗਈ ਤਾਂ ਸਰਕਾਰੀ ਏਜੰਸੀਆਂ ਵੱਲੋਂ ਇਸ ਨੂੰ ਦੁਬਾਰਾ ਉਸਾਰੀ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਨਤੀਜੇ ਵਜੋਂ ਸਿੱਖ ਵਿਰੋਧੀ ਤਾਕਤਾਂ ਦੇ ਸਿੱਖ ਇਤਿਹਾਸ ਨੂੰ ਮਿਟਾਉਣ ਦੇ ਮਨਸੂਬੇ ਸਫਲ ਹੋ ਜਾਣਗੇ।

ਗਰੁੱਪ ਨੇ ਇੱਕ ਹੋਰ ਖਦਸ਼ਾ ਜਤਾਉਂਦੇ ਹੋਏ ਕਿਹਾ ਕਿ ਕਾਰ ਸੇਵਾ ਦੇ ਨਾਂਅ 'ਤੇ ਇੱਕਠੀ ਕੀਤੀ ਜਾਣ ਵਾਲੀ ਮਾਇਆ ਦਾ ਹਿਸਾਬ-ਕਿਤਾਬ ਨਹੀਂ ਦੇਣਾ ਪੈਂਦਾ। ਇਸ ਲਈ ਹੋ ਸਕਦਾ ਹੈ ਕਿ ਇਸ ਨਾਲ ਦਿੱਲੀ ਕਮੇਟੀ ਦੇ ਘਾਟੇ ਨੂੰ ਕੁਝ ਘੱਟ ਕਰਨ ਦੀ ਯੋਜਨਾ ਵੀ ਬਣਾਈ ਗਈ ਹੋਵੇ। ਗਰੁੱਪ ਨੇ ਕਿਹਾ ਕਿ ਇਸ ਸਮੇਂ ਦਿੱਲੀ ਵਿਚ ਕੋਈ ਮਜ਼ਬੂਤ ਵਿਰੋਧੀ ਧਿਰ ਨਹੀਂ ਹੈ, ਇਸ ਲਈ ਸਿੱਖੀ ਵਿਰੋਧੀ ਮਾਮਲਿਆਂ ਨੂੰ ਰੋਕਣ ਲਈ ਸੰਗਤਾਂ ਨੂੰ ਅੱਗੇ ਆਉਣਾ ਪੈ ਰਿਹਾ ਹੈ। ਗਰੁੱਪ ਨੇ ਕਿਹਾ ਕਿ ਕਾਰ ਸੇਵਾ ਦੇ ਨਾਂਅ 'ਤੇ ਪਹਿਲਾਂ ਹੀ ਸਿੱਖ ਇਤਿਹਾਸਕ ਇਮਾਰਤਾਂ ਨੂੰ ਢਹਿ ਢੇਰੀ ਕੀਤਾ ਜਾ ਚੁੱਕਾ ਹੈ ਪਰ ਜਿਹੜੇ ਲੋਕ ਦਿੱਲੀ ਵਿਚ ਅਜਿਹਾ ਕਰਨ ਦੀ ਸੋਚ ਰਹੇ ਹਨ, ਉਨ੍ਹਾਂ ਦੇ ਮਨਸੂਬੇ ਕਿਸੇ ਵੀ ਕੀਮਤ 'ਤੇ ਪੂਰੇ ਨਹੀਂ ਹੋਣ ਦਿੱਤੇ ਜਾਣਗੇ। ਗਰੁੱਪ ਵਿੱਚ ਬਹੁਤ ਸਾਰੀਆਂ ਸੰਗਤਾਂ ਦੇ ਨਾਲ-ਨਾਲ ਦਮਨਦੀਪ ਸਿਘ, ਹਰਮਿੰਦਰ ਸਿੰਘ, ਹਰਮੀਤ ਸਿੰਘ ਪਿੰਕਾ, ਇੰਦਰਜੀਤ ਸਿੰਘ ਮੌਂਟੀ, ਇਕਬਾਲ ਸਿੰਘ, ਗੁਰਮੀਤ ਸਿੰਘ, ਜਸਪ੍ਰੀਤ ਸਿੰਘ ਅਤੇ ਸੁਰਜੀਤ ਸਿੰਘ ਸ਼ਾਮਲ ਹਨ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# *ਨਸ਼ਾ ਤਸਕਰੀ* : ਅਕਾਲੀ ਆਗੂ ਸਰਵਣ ਸਿੰਘ ਫਿਲੌਰ ਸਮੇਤ ਇਕ ਦਰਜਨ ਖਿਲਾਫ ਦੋਸ਼ ਤੈਅ

**ਮੁਹਾਲੀ/ਬਿਊਰੋ ਨਿਊਜ਼ :** ਪੰਜਾਬ ਦੇ ਬਹੁ-ਚਰਚਿਤ ਡਰੱਗ ਤਸਕਰੀ ਮਾਮਲੇ ਵਿਚ ਸਾਬਕਾ ਅਕਾਲੀ ਮੰਤਰੀ ਸਰਵਣ ਸਿੰਘ ਫਿਲੌਰ ਅਤੇ ਉਸ ਦੇ ਬੇਟੇ ਦਮਨਵੀਰ ਸਿੰਘ ਫਿਲੌਰ ਕਸੂਤੇ ਘਿਰਦੇ ਜਾ ਰਹੇ ਹਨ। ਮੁਹਾਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ ਇਸ ਮਾਮਲੇ ਵਿਚ ਸਰਵਣ ਸਿੰਘ ਫਿਲੌਰ ਅਤੇ ਉਸ ਦੇ ਬੇਟੇ ਦਮਨਵੀਰ ਸਿੰਘ ਸਮੇਤ ਸਾਬਕਾ ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ, ਪਰਮਜੀਤ ਸਿੰਘ ਚਾਹਲ, ਜਗਜੀਤ ਸਿੰਘ ਚਾਹਲ, ਉਸ ਦੀ ਪਤਨੀ ਇੰਦਰਜੀਤ ਕੌਰ ਚਾਹਲ, ਦਵਿੰਦਰ ਕਾਂਤ ਸ਼ਰਮਾ, ਸਚਿਨ ਸਰਦਾਨਾ, ਉਸ ਦੀ ਪਤਨੀ ਰਸ਼ਮੀ ਸਰਦਾਨਾ, ਪਿਤਾ ਸੁਸ਼ੀਲ ਕੁਮਾਰ ਸਰਦਾਨਾ, ਮਾਂ ਕੈਲਾਸ਼ ਸਰਦਾਨਾ ਅਤੇ ਜਸਵਿੰਦਰ ਸਿੰਘ ਦੇ ਖ਼ਿਲਾਫ਼ ਦੋਸ਼ ਤੈਅ ਕਰ ਦਿੱਤੇ ਹਨ। ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ ਲਈ 23 ਅਕਤੂਬਰ ਦੀ ਮਿਤੀ ਨਿਰਧਾਰਤ ਕੀਤੀ ਹੈ। ਇਸ ਤਰੀਕ ਉੱਤੇ ਅਦਾਲਤ ਨੇ ਕਰੀਬ 100 ਸਰਕਾਰੀ ਗਵਾਹਾਂ ਵਿੱਚੋਂ 2 ਗਵਾਹਾਂ ਨੂੰ ਆਪਣੇ ਬਿਆਨ ਦਰਜ ਕਰਵਾਉਣ ਲਈ ਸੰਮਨ ਜਾਰੀ ਕੀਤੇ ਹਨ। ਜ਼ਿਕਰਯੋਗ ਹੈ ਕਿ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਇਨ੍ਹਾਂ ਦੋਸ਼ੀਆਂ ਨੂੰ ਭੋਲਾ ਕੇਸ ਵਿੱਚ ਵੱਖਰੇ ਤੌਰ 'ਤੇ ਨਾਮਜ਼ਦ ਕੀਤਾ ਗਿਆ ਸੀ। ਇਸ ਮਾਮਲੇ ਦੀ ਸੁਣਵਾਈ ਮੁਹਾਲੀ ਸਥਿਤ ਸੀਬੀਆਈ ਅਦਾਲਤ ਦੇ ਵਿਸ਼ੇਸ਼ ਜੱਜ ਐੱਨਐੱਸ ਗਿੱਲ ਦੀ ਅਦਾਲਤ ਵਿੱਚ ਚੱਲ ਰਹੀ ਹੈ। ਕੇਸ ਦੀ ਸੁਣਵਾਈ ਦੌਰਾਨ ਈਡੀ ਦੇ ਵਕੀਲ ਜਗਜੀਤ ਸਿੰਘ ਸਰਾਓ ਵੀ ਹਾਜ਼ਰ ਸਨ। ਜਾਣਕਾਰੀ ਅਨੁਸਾਰ ਈਡੀ ਵੱਲੋਂ ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ 'ਤੇ ਦੋਸ਼ ਲਗਾਇਆ ਗਿਆ ਸੀ ਕਿ ਗੁਰਮੇਜ ਸਿੰਘ ਉਰਫ਼ ਗਾਬਾ ਕੋਲੋਂ ਮਿਲੀ ਡਾਇਰੀ ਵਿੱਚ ਸਰਵਣ ਸਿੰਘ ਫਿਲੌਰ ਦੀ ਚੋਣ 'ਤੇ ਕੀਤੇ ਖ਼ਰਚ ਦਾ ਬਿਊਰਾ ਦਰਜ ਸੀ। ਜਦੋਂਕਿ ਡਰੱਗ ਕੇਸ ਵਿੱਚ ਗ੍ਰਿਫ਼ਤਾਰ ਵਰਿੰਦਰ ਰਾਜਾ ਨੇ ਪੁੱਛਗਿੱਛ ਦੌਰਾਨ ਪੁਲੀਸ ਕੋਲ ਸਾਬਕਾ ਮੰਤਰੀ ਦੇ ਬੇਟੇ ਦਮਨਵੀਰ ਸਿੰਘ ਦਾ ਨਾਂ ਲਿਆ ਸੀ ਕਿ ਉਸ ਨੇ ਦਮਨਵੀਰ ਨੂੰ ਗੁਰਜੀਤ ਗਾਬਾ ਨਾਲ ਮਿਲਾਇਆ ਸੀ। ਗੁਰਜੀਤ ਗਾਬਾ ਅਤੇ ਗੁਰਮੇਜ ਗਾਬਾ ਦੋਵੇਂ ਭਰਾ ਹਨ। ਸਾਬਕਾ ਸੰਸਦ ਸਕੱਤਰ ਅਵਿਨਾਸ਼ ਚੰਦਰ 'ਤੇ ਦੋਸ਼ ਹੈ ਕਿ ਗੁਰਮੇਜ ਗਾਬਾ ਕੋਲੋਂ ਮਿਲੀ ਡਾਇਰੀ ਵਿੱਚ ਚੋਣ ਵਿੱਚ ਖ਼ਰਚ ਕੀਤੇ ਪੈਸਿਆਂ ਤੋਂ ਇਲਾਵਾ ਹੋਰ ਖਰਚੇ ਦਾ ਹਿਸਾਬ ਕਿਤਾਬ ਲਿਖਿਆ ਹੋਇਆ ਮਿਲਿਆ ਹੈ। ਇਸ ਤਰ੍ਹਾਂ ਹੀ ਇੰਦਰਜੀਤ ਕੌਰ 'ਤੇ ਉਸ ਦੇ ਪਤੀ ਉੱਤੇ ਬੇਨਾਮੀ ਸੰਪਤੀ ਦੀ ਖ਼ਰੀਦਣ ਦਾ ਦੋਸ਼ ਹੈ। ਈਡੀ ਵੱਲੋਂ ਦੋਸ਼ੀਆਂ ਦੇ ਖ਼ਿਲਾਫ਼ 8400 ਪੰਨਿਆਂ ਦੇ ਸਪਲੀਮੈਂਟਰੀ ਚਲਾਨ ਵਿੱਚ ਨਸ਼ਾ ਤਸਕਰੀ ਅਤੇ ਦੇਸ਼-ਵਿਦੇਸ਼ ਵਿੱਚ ਬਣਾਈਆਂ ਜਾਇਦਾਦਾਂ ਦਾ ਵੇਰਵਾ ਦਿੱਤਾ ਹੈ। ਇਸ ਮਾਮਲੇ ਵਿੱਚ ਨਾਮਜ਼ਦ ਜਗਜੀਤ ਸਿੰਘ ਚਾਹਲ, ਉਸ ਦੇ ਭਰਾ ਪਰਮਜੀਤ ਸਿੰਘ ਚਾਹਲ ਵੱਲੋਂ ਅੱਠ ਕੰਪਨੀਆਂ ਬਣਾਉਣ ਅਤੇ ਮਹਿੰਗੀਆਂ ਕਾਰਾਂ ਖ਼ਰੀਦਣ ਦਾ ਵੀ ਖ਼ੁਲਾਸਾ ਕੀਤਾ ਹੈ।



ਸਰਵਣ ਸਿੰਘ ਫਿਲੌਰ ਦਮਨਵੀਰ ਸਿੰਘ ਅਵਿਨਾਸ਼ ਚੰਦਰ

# ਸਾਹ ਲੈ ਮੌਤੇ ਕਾਹਲੀਏ ਮੈਂ ਅਜੇ ਨਾ ਵਿਹਲੀ...

## *ਪੰਜਾਬ ਦੇ ਸਾਢੇ ਪੰਜ ਹਜ਼ਾਰ ਬਜ਼ੁਰਗਾਂ ਨੇ ਲਾਇਆ ਉਮਰ ਦਾ ਸੈਂਕੜਾ*

**ਬਠਿੰਡਾ/ਬਿਊਰੋ ਨਿਊਜ਼ :**
ਪੰਜਾਬ ਦੀ ਪੁਰਾਣੀ ਪੀੜ੍ਹੀ ਦੇ ਹੱਡ ਹਾਲਾਂ ਵੀ ਅੱਜ ਦੀ ਫਾਸਟ-ਫੂਡ ਪ੍ਰੋਡਕਟ ਨਵੀਂ ਪਨੀਰੀ ਤੋਂ ਕਿਤੇ ਜ਼ਿਆਦਾ ਚੀੜ੍ਹੇ ਹਨ। ਤਾਜ਼ਾ ਜਾਣਕਾਰੀ ਮਿਲੀ ਹੈ ਕਿ ਪੰਜਾਬ ਵਿਚ 5500 ਦੇ ਕਰੀਬ ਉਹ ਬਜ਼ੁਰਗ ਹਨ, ਜਿਨ੍ਹਾਂ ਨੇ ਜ਼ਿੰਦਗੀ ਦਾ ਸੈਂਕੜਾ ਮਾਰ ਲਿਆ ਹੈ। ਉਨ੍ਹਾਂ ਦੀ ਉਮਰ 100 ਸਾਲ ਤੋਂ 102 ਸਾਲ ਦੇ ਦਰਮਿਆਨ ਹੈ। ਇਹ ਬਜ਼ੁਰਗ ਜਿਵੇਂ ਮੌਤ ਨੂੰ ਝੇਡਾਂ ਕਰ ਰਹੇ ਕਹਿ ਰਹੇ ਹੋਣ ਕਿ, "ਸਾਹ ਲੈ ਮੌਤੇ ਕਾਹਲੀਏ, ਮੈ ਅਜੇ ਨਾ ਵਿਹਲੀ।" ਅੱਜ ਦੇ ਯੁੱਗ ਵਿਚ ਮੈਡੀਕਲ ਸਹੂਲਤਾਂ ਵਧਣ ਕਾਰਨ ਭਾਵੇਂ ਹੁਣ ਦੀ ਪੀੜ੍ਹੀ ਦੀ ਔਸਤਨ ਉਮਰ ਕਾਫੀ ਵਧ ਗਈ ਹੈ ਪ੍ਰੰਤੂ ਪੁਰਾਣੇ ਸਖਤ ਮਿਹਨਤਾਂ ਕਰਨ ਵਾਲੇ ਸਾਡੇ ਬਜ਼ੁਰਗ ਵੀ ਵੱਡੀ ਗਿਣਤੀ ਵਿਚ ਹਾਲੇ ਜ਼ਿੰਦਾ ਹਨ, ਜੋ ਸਾਡੇ ਕੋਲ ਪੁਰਾਣਾ ਮਨੁੱਖੀ ਖ਼ਜ਼ਾਨਾ ਹਨ।

ਹਲਕਾ ਗੁਰੂ ਹਰਸਹਾਏ ਦੇ ਬਜ਼ੁਰਗ ਮਨਜਿੰਦਰ ਸਿੰਘ ਨੂੰ ਹਾਲੇ ਵੀ ਜ਼ਿੰਦਗੀ ਛੋਟੀ ਲੱਗ ਰਹੀ ਹੈ। ਉਸ ਦੀ ਉਮਰ ਪੂਰੇ 120 ਵਰ੍ਹਿਆਂ ਦੀ ਹੋ ਗਈ ਹੈ। ਫਿਰ ਵੀ ਉਸ ਦਾ ਰੰਗਲੀ ਦੁਨੀਆ ਛੱਡ ਕੇ ਜਾਣ ਨੂੰ ਦਿਲ ਨਹੀਂ ਕਰਦਾ। ਉਸ ਨੇ ਜ਼ਿੰਦਗੀ ਦੇ ਹਰ ਰੰਗ ਵੇਖ ਲਏ ਹਨ। ਜ਼ਿੰਦਗੀ ਦੇ ਆਖ਼ਰੀ ਮੋੜ 'ਤੇ ਖੜ੍ਹੇ ਇਸ ਬਜ਼ੁਰਗ ਦੀ ਜਿਉਣ ਦੀ ਲਾਲਸਾ ਹਾਲੇ ਮਰੀ ਨਹੀਂ।ਇਸੇ ਹਲਕੇ ਦਾ ਰਵਿੰਦਰ ਸਿੰਘ 122 ਵਰ੍ਹਿਆਂ ਦਾ ਹੋ ਗਿਆ ਹੈ, ਜੋ ਭਰਿਆ ਪਰਿਵਾਰ ਛੱਡ ਕੇ ਹਾਲਾਂ ਰੁਖ਼ਸਤ ਨਹੀਂ ਹੋਣਾ ਚਾਹੁੰਦਾ।

ਮਿਲੇ ਵੇਰਵਿਆਂ ਅਨੁਸਾਰ ਪੰਜਾਬ ਵਿਚ ਇਸ 255 ਬਜ਼ੁਰਗ ਅਜਿਹੇ ਹਨ ਜਿਨ੍ਹਾਂ ਦੀ ਉਮਰ 117 ਸਾਲਾਂ ਤੋਂ ਉੱਪਰ ਹੈ, ਜਿਨ੍ਹਾਂ ਵਿਚ 108 ਔਰਤਾਂ ਹਨ ਜਦੋਂ ਕਿ 147 ਪੁਰਸ਼ ਹਨ। ਭੁੱਚੋ ਹਲਕੇ ਦਾ ਹਜ਼ਾਰਾ ਸਿੰਘ 119 ਵਰ੍ਹਿਆਂ ਦਾ ਹੈ ਅਤੇ ਧਰਮਕੋਟ ਹਲਕੇ ਦਾ ਗੁਰਤਾਰ ਸਿੰਘ ਵੀ 119 ਵਰ੍ਹਿਆਂ ਦਾ ਹੈ। ਇਨ੍ਹਾਂ ਬਜ਼ੁਰਗਾਂ ਦੇ ਲੰਮੇ ਚੌੜੇ ਪਰਿਵਾਰ ਹਨ। ਭਾਵੇਂ ਹੁਣ ਸਰੀਰਕ ਤੌਰ 'ਤੇ ਖੜਸੁੱਕ ਦਰਖ਼ਤ ਵਾਂਗ ਹਨ ਪਰ ਉਨ੍ਹਾਂ ਦੀ ਅੰਦਰਲਾ ਜਜ਼ਬਾ ਹਰਾ ਭਰਿਆ ਹੈ। ਰਾਏਕੋਟ ਹਲਕੇ ਦੀ ਨਸੀਬ ਕੌਰ ਦੇ ਚੰਗੇ ਭਾਗ ਹਨ ਕਿ ਉਸ ਦੀ ਉਮਰ 107 ਸਾਲ ਹੈ। ਏਦਾਂ ਦੇ ਟਾਵੇਂ ਬਜ਼ੁਰਗ ਹੀ ਬਚੇ ਹਨ। ਬਠਿੰਡਾ ਦੇ ਕਸਬਾ ਫੂਲ ਦਾ ਗੁਰਦਿਆਲ ਸਿੰਘ ਹੁਣ 116 ਵਰ੍ਹਿਆਂ ਦਾ ਹੈ, ਜਿਸ ਦੀ ਹੁਣ ਸੱਤਵੀਂ ਪੀੜ੍ਹੀ ਚੱਲ ਰਹੀ ਹੈ। ਪਰਿਵਾਰ ਵਾਲੇ ਦੱਸਦੇ ਹਨ ਕਿ ਉਹ ਹਾਲੇ ਵੀ ਤੁਰ ਕੇ ਰੋਜ਼ਾਨਾ ਗੁਰੂ ਘਰ ਜਾਂਦਾ ਹੈ ਅਤੇ ਕਦੇ ਕੋਈ ਬਿਮਾਰੀ ਨੇੜੇ ਨਹੀਂ ਲੱਗੀ ਹੈ।

ਪੰਜਾਬ ਵਿਚ 468 ਬਜ਼ੁਰਗ ਔਰਤਾਂ ਉਹ ਹਨ, ਜਿਨ੍ਹਾਂ ਦੀ ਉਮਰ 105 ਸਾਲ ਦੇ ਆਸ ਪਾਸ ਹੈ। ਇਵੇਂ ਹੀ ਪੰਜਾਬ ਵਿਚ 5500 ਦੇ ਕਰੀਬ ਉਹ ਬਜ਼ੁਰਗ ਹਨ ਜਿਨ੍ਹਾਂ ਨੇ ਜ਼ਿੰਦਗੀ ਦਾ ਸੈਂਕੜਾ ਮਾਰ ਲਿਆ ਹੈ ਅਤੇ ਉਨ੍ਹਾਂ ਦੀ ਉਮਰ 100 ਸਾਲ ਤੋਂ 102 ਸਾਲ ਦੇ ਦਰਮਿਆਨ ਹੈ। ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਡਾ. ਰਵੀ ਰਵਿੰਦਰ ਦਾ ਪ੍ਰਤੀਕਰਮ ਸੀ ਕਿ ਇਨਸਾਨੀ ਫ਼ਿਤਰਤ ਹੈ ਕਿ ਮਨੁੱਖ ਦੀ ਜ਼ਿੰਦਗੀ ਨੂੰ ਜਿਉਣ ਦੀ ਸੱਧਰ ਕਦੇ ਮਰਦੀ ਨਹੀਂ। ਅੰਦਰਲਾ ਜਜ਼ਬਾ ਅਤੇ ਇੱਛਾ ਸ਼ਕਤੀ ਬਹੁਤੀਆਂ ਸਰੀਰਕ ਅਲਾਮਤਾਂ ਨੂੰ ਢਾਹ ਲੈਂਦੀ ਹੈ। ਪੁਰਾਣੇ ਖਾਣ ਪੀਣ ਦੇ ਤੌਰ ਤਰੀਕੇ ਅਤੇ ਕੁਦਰਤ ਦੇ ਨੇੜੇ ਹੋਣ ਕਰਕੇ ਸੌ ਦੀ ਉਮਰ ਪਾਰ ਕਰਨ ਵਾਲੇ ਬਹੁਤੇ ਬਜ਼ੁਰਗ ਹਨ। ਉਨ੍ਹਾਂ ਮਸ਼ਵਰਾ ਦਿੱਤਾ ਕਿ ਲੰਮੀ ਜ਼ਿੰਦਗੀ ਜਿਉਣ ਵਾਲੇ ਬਜ਼ੁਰਗਾਂ 'ਤੇ ਬਕਾਇਦਾ ਮੈਡੀਕਲ ਨਜ਼ਰੀਏ ਤੋਂ ਵੀ ਖੋਜ ਹੋਣੀ ਚਾਹੀਦੀ ਹੈ।

ਬਠਿੰਡਾ ਜ਼ਿਲ੍ਹੇ ਦੇ ਪਿੰਡ ਹਰਰੰਗਪੁਰਾ ਦੀ

**ਬਾਕੀ ਸਫ਼ਾ 28 'ਤੇ**



**ਕਸਬਾ ਫੂਲ ਦਾ 115 ਵਰ੍ਹਿਆਂ ਦਾ ਬਜ਼ੁਰਗ ਆਪਣੇ ਪਰਿਵਾਰ ਨਾਲ।**


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



Allstate You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



Capital services

CAPITAL SERVICES

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
- ਕਾਰ ਟਰਾਂਸਫਰ/ਸਟਿੱਕਰ
- ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
- ਲਾਈਵ ਸਕੈਨ/ਫਿੰਗਰ ਪ੍ਰਿੰਟ
- ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
- ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਕੈਨੇਡਾ ’ਚ ਪੰਜਾਬੀ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ

**ਵੈਨਕੂਵਰ/ਬਿਊਰੋ ਨਿਊਜ਼ :** ਕੈਨੇਡਾ ਵਿਚ ਪੰਜਾਬੀ ਮੂਲ ਦੇ 19 ਸਾਲਾ ਵਰਿੰਦਰਪਾਲ ਦੀ ਗੈਂਗਵਾਰ ਵਿਚ ਮੌਤ ਹੋਣ ਦੀ ਖਬਰ ਹੈ। ਪੁਲਿਸ ਮੁਤਾਬਕ ਕੈਨੇਡਾ ਦੇ ਸਰੀ ਤੋਂ ਕੁਝ ਹੀ ਦੂਰੀ ਤੇ ਪੈਂਦੇ ਇਲਾਕੇ ਮਿਸ਼ਨ ਵਿਚ ਲੰਡਨ ਐਵੀਨਿਊ ਕੋਲ ਸਥਿਤ ਜੰਕਸ਼ਨ ਸ਼ੌਪਿੰਗ ਸੈਂਟਰ ਦੀ



ਪਾਰਕਿੰਗ ਵਿਚ ਇਕ ਪੰਜਾਬੀ ਨੌਜਵਾਨ ਦਾ ਗੋਲੀ ਮਾਰ ਕੇ ਕਤਲ ਕਰ ਦਿਤਾ ਗਿਆ ਹੈ। ਰਾਤ ਕਰੀਬ 9 ਵਜੇ ਗੋਲ਼ੀਆਂ ਦੀਆਂ ਆਵਾਜ਼ਾਂ ਨਾਲ ਪੂਰੀ ਕਾਲੋਨੀ ਗੂੰਜ ਉੱਠੀ। ਪੁਲਿਸ ਮਾਮਲੇ ਵਿੱਚ ਸੀਸੀਟੀਵੀ ਤਸਵੀਰਾਂ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਘਟਨਾ ਵਿਚ ਮਾਰੇ ਗਏ ਨੌਜਵਾਨ ਵਰਿੰਦਰਪਾਲ ਗਿੱਲ ਉਰਫ ਵੀਪੀ. ਉਹੀ ਨੌਜਵਾਨ ਹੈ, ਜਿਸ ਬਾਰੇ ਅਗਸਤ ਵਿਚ ਐਬਟਸਫੋਰਡ ਪੁਲਿਸ ਨੇ ਲੋਕਾਂ ਨੂੰ ਸੁਚੇਤ ਸਾਵਧਾਨ ਕੀਤਾ ਸੀ। ਉਸ ਮੌਕੇ ਪੁਲਿਸ ਦਾ ਮੰਨਣਾ ਸੀ ਕਿ, ਇਸ ਨੌਜਵਾਨ ਦੀ ਮੌਜੂਦਗੀ ਲੋਕਾਂ ਲਈ ਗੰਭੀਰ ਖ਼ਤਰਾ ਬਣ ਸਕਦੀ ਹੈ। ਪੁਲਿਸ ਦਾ ਕਹਿਣਾ ਸੀ ਕਿ, ਵਰਿੰਦਰਪਾਲ ਗਿੱਲ ਦੇ ਐਬਟਸਫੋਰਡ ਅਤੇ ਲੋਅਰ ਮੇਨਲੈਂਡ ਵਿਚ ਜਾਰੀ ਗੈਂਗ ਸੰਬੰਧੀ ਝਗੜੇ ਵਿਚ ਸ਼ਾਮਲ ਹੋਣ ਕਰਕੇ ਉਸ ਦੀ ਜਾਨ ਨੂੰ ਖਤਰਾ ਹੈ। ਇਸੇ ਕਾਰਨ ਵਰਿੰਦਰਪਾਲ ਗਿੱਲ ਦੀ ਕਿਤੇ ਵੀ ਜਨਤਕ ਥਾਂ ਉਤੇ ਮੌਜੂਦਗੀ ਲੋਕਾਂ ਦੀ ਸੁਰੱਖਿਆ ਨੂੰ ਵੀ ਖਤਰੇ ਵਿਚ ਪਾ ਸਕਦੀ ਸੀ। ਮਾਮਲੇ ਦੀ ਜਾਂਚ ਕਰ ਰਹੇ ਇੱਕ ਅਧਿਕਾਰੀ ਨੇ ਦੱਸਿਆ ਕਿ ਇਸ ਮਾਮਲੇ ਵਿਚ ਇਕ ਸ਼ਖ਼ਸ ਨੂੰ ਹਿਰਾਸਤ ਵਿਚ ਲਿਆ ਗਿਆ ਹੈ, ਪਰ ਹਾਲੇ ਉਸ ‘ਤੇ ਕੋਈ ਇਲਜ਼ਾਮ ਤੈਅ ਨਹੀਂ ਹੋਏ। ਇਹ ਵੀ ਆਖਿਆ ਜਾ ਰਿਹਾ ਹੈ ਕਿ, ਇਹ ਸ਼ਖਸ ਸਿਰਫ ਜਾਣਕਾਰੀ ਹਾਸਲ ਕਰਨ ਲਈ ਹਿਰਾਸਤ ਵਿਚ ਲਿਆ ਗਿਆ ਹੈ।

## ਪੰਜਾਬ ਦੇ ਨੌਜਵਾਨ ਦੀ ਕੈਨੇਡਾ ਵਿਚ ਸੜਕ ਹਾਦਸੇ ’ਚ ਮੌਤ

**ਚੰਡੀਗੜ੍ਹ/ਬਿਊਰੋ ਨਿਊਜ਼ :** ਕੈਨੇਡਾ ਦੇ ਕੈਲਗਰੀ ਵਿਚ ਇਕ ਸੜਕ ਹਾਦਸੇ ਦੌਰਾਨ ਪੰਜਾਬ ਦੇ ਭਦੌੜ ਨਾਲ ਸਬੰਧਤ ਨੌਜਵਾਨ ਦੀ ਮੌਤ ਹੋਣ ਦੀ ਖਬਰ ਹੈ। ਮਿਲੀ ਜਾਣਕਾਰੀ ਮੁਤਾਬਕ ਮ੍ਰਿਤਕ ਭਦੌੜ ਦੇ ਸਮਾਜ ਸੇਵੀ ਦਰਸ਼ਨ ਕੁਮਾਰ ਕਿਲੇ ਵਾਲੇ ਦੇ ਪਰਿਵਾਰ ਦਾ ਬੇਟਾ ਸੀ। ਇਸ ਹਾਦਸੇ ਵਿਚ ਉਨ੍ਹਾਂ ਦਾ ਦੂਜਾ ਪੁੱਤਰ ਵੀ ਜ਼ਖ਼ਮੀ ਹੋ ਗਿਆ ਹੈ। ਜਾਣਕਾਰੀ ਅਨੁਸਾਰ ਸੰਦੀਪ ਕੁਮਾਰ ਸੋਨੀ ਅਤੇ ਉਸ ਦਾ ਛੋਟਾ ਭਰਾ ਹਰਵਿੰਦਰ ਕੁਮਾਰ ਹੈਰੀ ਦੀ ਗੱਡੀ ਐਡਮਿੰਟਨ ਰੋਡ ਉਪਰ ਭਾਰੀ ਬਰਫ਼ਬਾਰੀ ਕਾਰਨ ਸੜਕ ‘ਤੇ ਅੱਗੇ ਜਾ ਰਹੇ ਟਰਾਲੇ ਦੇ ਹਾਦਸਾਗ੍ਰਸਤ ਹੋਣ ਨਾਲ ਉਸ ਦੇ ਪਿੱਛੇ ਜਾ ਟਕਰਾਈ। ਪਿੱਛੇ ਇੱਕ ਤੇਜ਼ ਰਫਤਾਰ ਟਰਾਲੇ ਨੇ ਉਨ੍ਹਾਂ ਦੀ ਗੱਡੀ ਨੂੰ ਵੀ ਟੱਕਰ ਮਾਰ ਦਿੱਤੀ। ਇਸ ਕਾਰਨ ਹਰਵਿੰਦਰ ਕੁਮਾਰ ਹੈਰੀ (30) ਦੀ ਮੌਕੇ ‘ਤੇ ਹੀ ਮੌਤ ਹੋ ਗਈ ਜਦਕਿ ਸੰਦੀਪ ਕੁਮਾਰ ਸੋਨੀ ਜ਼ਖ਼ਮੀ ਹੋ ਗਿਆ। ਉਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ ਜਿਥੇ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਗਈ ਹੈ।



## ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਗੁਰੂ ਅੰਗਦ ਦੇਵ ਜੀ ਨੂੰ ਸਮਰਪਿਤ ਕਵੀ ਦਰਬਾਰ

**ਫਰੀਮਾਂਟ/ਪ੍ਰਮਿੰਦਰ ਸਿੰਘ ਪ੍ਰਵਾਨਾ**



ਗੁਰਦੁਆਰਾ ਸਾਹਿਬ ਫਰੀਮਾਂਟ-300, ਗੁਰਦੁਆਰਾ ਰੋਡ ਫਰੀਮਾਂਟ ਸੀਏ 94536 ਵਿਖੇ ਸਜੇ ਹਫ਼ਤਾਵਰੀ ਦੀਵਾਨਾਂ ਵਿਚ ਅਮਰੀਕੀ-ਪੰਜਾਬੀ ਕਵੀਆਂ ਵਲੋਂ ਵਿਸ਼ੇਸ਼ ਤੌਰ ’ਤੇ ਗੁਰੂ ਅੰਗਦ ਦੇਵ ਸਾਹਿਬ ਜੀ ਦੀਆਂ ਸਿੱਖਿਆਵਾਂ ਦੇ ਸਬੰਧ ਵਿਚ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਸਭ ਤੋਂ ਪਹਿਲਾਂ ਗੁਰ-ਇਤਿਹਾਸ ਉਤੇ ਰੋਸ਼ਨੀ ਪਾਈ ਗਈ ਕਿ ਗੁਰੂ ਨਾਨਕ ਸਾਹਿਬ ਜੀ ਵੱਲੋਂ ਭਾਈ ਲਹਿਣਾ ਜੀ ਤੋਂ ਸਾਜੇ ਗੁਰੂ ਅੰਗਦ ਦੇਵ ਸਾਹਿਬ ਜੀ ਨੇ 13 ਸਾਲ ਖਡੂਰ ਸਾਹਿਬ ਦੀ ਪਾਵਨ ਇਤਿਹਾਸਕ ਨਗਰੀ ਤੋਂ ਸਿੱਖੀ ਦਾ ਪ੍ਰਚਾਰ ਕੀਤਾ। ਉਨ੍ਹਾਂ ਦੇ ਜੀਵਨ ਕਾਲ ਵਿਚ ਸਭ ਤੋਂ ਮਹੱਤਵਪੂਰਨ ਪੱਖ ਇਹ ਹੈ ਕਿ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਅੱਗੇ ਤੋਰਿਆ। ਇਕ ਨਵਜੰਮੇ ਧਰਮ ਨੂੰ ਜੀਵਨ ਰਾਹ ਉਤੇ ਪਾਇਆ, ਜਿਸ ਤਹਿਤ ਸਿੱਖ ਫਲਸਫੇ ਨੂੰ ਨਿਖਾਰ ਕੇ ਸੰਗਤਾਂ ਸਾਹਮਣੇ ਪੇਸ਼ ਕੀਤਾ। ਸਿੱਖ ਗੁਰੂ ਸਾਹਿਬਾਨਾਂ ਦੀ ਹੀ ਦੇਣ ਹੈ ਕਿ ਅੱਜ ਸੰਸਾਰ ਵਿਚ ਸਿੱਖ ਧਰਮ ਦੀ ਪ੍ਰਭਾਵਸ਼ਾਲੀ ਪਛਾਣ ਹੈ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਹਾਜ਼ਰ ਕਵੀਆਂ ਨੇ ਗੁਰਮਤਿ ਆਸ਼ੇ ਅਨੁਸਾਰ ਆਪਣੀਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਕਵੀ ਦਰਬਾਰ ਵਿਚ ਭਾਈ ਠਾਕੁਰ ਸਿੰਘ, ਭਾਈ ਗੁਰਦਿਆਲ ਸਿੰਘ ਨੂਰਪੁਰੀ, ਭਾਈ ਤਰਸੇਮ ਸਿੰਘ ਸੁੰਮਨ, ਭਾਈ ਜਸਦੀਪ ਸਿੰਘ ਫਰੀਮਾਂਟ, ਭਾਈ ਮਹਿੰਦਰ ਸਿੰਘ ਰਾਜਪੂਤ ਅਤੇ ਪ੍ਰਮਿੰਦਰ ਸਿੰਘ ਪ੍ਰਵਾਨਾ ਸ਼ਾਮਲ ਹੋਏ। ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿਚ ਭਾਈ ਹਰਜਿੰਦਰ ਸਿੰਘ, ਭਾਈ ਕੰਵਲਜੀਤ ਸਿੰਘ ਅਟਵਾਲ ਅਤੇ ਭਾਈ ਦਵਿੰਦਰ ਸਿੰਘ ਸਮੇਤ ਸਾਰੇ ਪ੍ਰਬੰਧਕਾਂ ਦਾ ਭਰਪੂਰ ਸਾਥ ਰਿਹਾ।

ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਤੋਂ ਸੇਧ ਲੈ ਕੇ ਦੂਰ ਦਰਾਜ ਦੇ ਗੁਰਦੁਆਰਿਆਂ ਵਿਚ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ। ਸੰਗਤਾਂ ਅਤੇ ਪ੍ਰਬੰਧਕਾਂ ਤੋਂ ਮਿਲ ਰਹੇ ਸਹਿਯੋਗ ਨਾਲ ਅਜਿਹੇ ਪ੍ਰੋਗਰਾਮ ਸੰਪੰਨ ਹੁੰਦੇ ਹਨ।

## ਸੁਪਰੀਮ ਕੋਰਟ ਦੇ ਨਵੇਂ ਚੁਣੇ ਜੱਜ ਬ੍ਰੈਟ ਐਮ ਕਾਵਾਨੋਹ ਨੂੰ ਅਹੁਦੇ ਦੀ ਸਹੁੰ ਚੁਕਾਈ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ :**

ਜੱਜ ਬ੍ਰੈਟ ਐਮ ਕਾਵਾਨੋਹ ਨੂੰ ਅਮਰੀਕੀ ਸੁਪਰੀਮ ਕੋਰਟ ਵਿਚ ਅਮਰੀਕੀ ਇਤਿਹਾਸ ਵਿਚ ਸਭ ਤੋਂ ਘੱਟ ਵੋਟਾਂ ਦੇ ਫਰਕ ਨਾਲ ਜਿੱਤਣ ਉਪਰੰਤ ਅਹੁਦੇ ਦੀ ਸਹੁੰ ਚੁਕਾਈ ਗਈ। ਗੌਰਤਲਬ ਹੈ ਕਿ ਜਿਨਸੀ ਬਦਸਲੂਕੀ ਦੇ ਦੋਸ਼ਾਂ ਕਾਰਨ ਜੱਜ ਬ੍ਰੈਟ ਐਮ ਕਾਨੋਫ ਵਰੋਧ ਅਮਰੀਕਾ ਵਿੱਚ ਰੋਹ ਜਾਗ ਪਿਆ ਸੀ। ਸੈਨੇਟ ਵਿੱਚ ਵੋਟਿੰਗ ਦੌਰਾਨ ਵੀ ਲੋਕ ਸੈਨੇਟ ਅੱਗੇ ਤੇ ਸੁਪਰੀਮ ਕੋਰਟ ਅੱਗੇ ਰੋਸ ਮੁਜ਼ਾਹਰੇ ਕਰਦੇ ਰਹੇ। ਸੈਨੇਟ ‘ਚ ਵੋਟਿੰਗ ਦੌਰਾਨ ਵੀ ਜਨਤਕ ਗੈਲਰੀਆਂ ਵਿੱਚ ਔਰਤਾਂ ਦੇ ਇੱਕ ਸਮੂਹ ਵਲੋਂ ਵਾਰ-ਵਾਰ ਰੌਲਾ ਪਾਇਆ ਗਿਆ ਤੇ ਵਾਰ-ਵਾਰ ਕਾਰਵਾਈ ਵਿੱਚ ਵਿਘਨ ਪਿਆ। ਲਗਭਗ ਸਾਰੀਆਂ ਪਾਰਟੀਆਂ ਦੀ ਹਾਜ਼ਰੀ ਵਿਚ ਜੱਜ ਕਾਵਾਨੋਹ ਨੂੰ ਚੀਫ ਜਸਟਸਿ ਜੌਨ ਜੀ. ਰੌਬਰਟਸ ਜੂਨੀਅਰ ਅਤੇ ਰਿਟਾਇਰਡ ਜਸਟਸਿ ਐਂਥਨੀ ਐਮ ਕਨੇਡੀ ਵਲੋਂ ਸਹੁੰ ਚੁਕਾਈ ਗਈ। ਇਸ ਮੌਕੇ ਅਮਰੀਕਾ ਦੇ



ਰਾਸ਼ਟਰਪਤੀ ਡੋਨਲਡ ਟਰੰਪ ਨੇ ਖ਼ੁਸ਼ੀ ਜਾਹਰ ਕਰਦਿਆਂ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਕਈ ਸਾਲਾਂ ਤੋਂ ਸੁਪਰੀਮ ਕੋਰਟ ਵਿਚ ਕਾਬਲ ਜੱਜ ਨੂੰ ਲਿਆਉਣ ਦੀ ਕੋਸ਼ਸ਼ਿ ਕਰ ਰਹੇ ਸਨ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035




Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਸੋਸ਼ਲ ਮੀਡੀਆ ਸੱਥ 'ਚੋਂ




### ਖਤਰੇ 'ਚ ਹੈ ਗੁਰਮਖੀ ਲਿਪੀ

**-ਪ੍ਰੋ ਸ਼ਿੰਗਾਰਾ ਸਿੰਘ ਢਿੱਲੋਂ**

ਆਮ ਸੁਣਿਆ ਜਾ ਰਿਹਾ ਹੈ ਕਿ ਛੇਤੀ ਹੀ ਪੰਜਾਬੀ ਬੋਲੀ ਲੁਪਤ ਹੋ ਜਾਵੇਗੀ ਪਰ ਪਤਾ ਨਹੀ ਕਿਓਂ ਇਹ ਵਿਚਾਰ ਗਲੇ ਤੋਂ ਥੱਲੇ ਨਹੀ ਉਤਰਦਾ ਤੇ ਇਸ ਦੀ ਬਜਾਏ ਮਨ 'ਚ ਇਹ ਤੌਖਲਾ ਪੈਦਾ ਹੁੰਦਾ ਹੈ ਕਿ ਮਾਂ ਬੋਲੀ ਪੰਜਾਬੀ ਦੀ ਹੋਂਦ ਨੂੰ ਏਨਾ ਖਤਰਾ ਨਹੀਂ ਜਿੰਨਾ ਗੁਰਮੁਖੀ ਲਿਪੀ ਦੇ ਲੁਪਤ ਹੋ ਜਾਣ ਦਾ ਹੈ। ਪੰਜਾਬੀ ਪਿਆਰੇ ਇਸ ਵੇਲੇ ਪੂਰੀ ਦੁਨੀਆ 'ਚ ਵਸ ਰਹੇ ਹਨ ਤੇ ਬੋਲੀ ਦਾ ਪਰਚਾਰ ਵੀ ਵਧੀਆ ਕਰ ਰਹੇ ਹਨ। ਕੈਨੇਡਾ ਦੇ ਕਈ ਸੂਬਿਆਂ 'ਚ ਪੰਜਾਬੀ ਦੂਜੀ ਵੱਡੀ ਭਾਸ਼ਾ ਬਣ ਚੁੱਕੀ ਹੈ। ਇੰਗਲੈਂਡ 'ਚ ਤੀਜੀ ਵੱਡੀ ਭਾਸ਼ਾ ਦਾ ਦਰਜਾ ਰੱਖਦੀ ਹੈ। ਇਸੇ ਤਰ੍ਹਾਂ ਇਟਲੀ, ਜਰਮਨ, ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਹਾਲੈਂਡ ਵਰਗੇ ਵਿਕਸਤ ਮੁਲਕਾਂ 'ਚ ਵੀ ਇਸ ਦੀ ਝੰਡੀ ਹੈ। ਪਾਕਿਸਤਾਨ ਤੇ ਹਿੰਦੁਸਤਾਨ 'ਚ ਤਾਂ ਇਸ ਦੇ ਸਪੂਤਾਂ ਦੀ ਪੂਰੀ ਦੁਨੀਆ ਵਿਚ ਹੀ ਸਭ ਤੋਂ ਵੱਧ ਬਹੁਤਾਤ ਹੈ। ਦੁਨੀਆ ਦੇ ਹਰ ਕੋਨੇ 'ਚ ਪੰਜਾਬੀ ਸਾਹਿਤ ਸਭਾਵਾਂ ਸਰਗਰਮ ਹਨ। ਸਾਹਿਤ ਰਚਨਾ ਹੋ ਰਹੀ ਹੈ, ਕਵੀ ਦਰਬਾਰਾਂ, ਸੈਮੀਨਾਰਾਂ ਅਤੇ ਕਾਨਫਰੰਸਾਂ ਦਾ ਆਯੋਜਨ ਹੋ ਰਿਹਾ ਹੈ। ਪੰਜਾਬੀ ਗੀਤ-ਸੰਗੀਤ ਬਾਲੀਵੁੱਡ ਤੋਂ ਚੱਲ ਕੇ ਪੂਰੇ ਵਿਸ਼ਵ 'ਚ ਧੂਮ ਮਚਾ ਰਿਹਾ ਹੈ। ਸੋਸ਼ਲ ਮੀਡੀਆ ਉਤੇ ਵੀ ਪੰਜਾਬੀ ਦੀ ਬੱਲੇ-ਬੱਲੇ ਹੈ। ਦੂਸਰੇ ਪਾਸੇ ਗੁਰਮੁਖੀ ਲਿਪੀ ਜੋ ਕਿ ਪਹਿਲਾਂ ਦੋ ਕੁ ਕਰੋੜ ਲੋਕਾਂ ਵਲੋਂ ਲਿਖੀ ਜਾਂਦੀ ਸੀ। ਉਸ ਦੇ ਲਿਖਣ ਵਾਲਿਆਂ ਦੀ ਨਫਰੀ ਦਿਨੋ-ਦਿਨ ਘਟਦੀ ਜਾ ਰਹੀ ਹੈ। ਨਵੀਂ ਪਨੀਰੀ ਇਸ ਦੀ ਬਜਾਏ ਰੋਮਨ ਤੇ ਦੇਵਨਾਗਰੀ ਦੀ ਵਰਤੋਂ ਵੱਲ ਝੁਕਦੀ ਜਾ ਰਹੀ ਹੈ, ਜਿਸ ਕਾਰਨ ਪੰਜਾਬੀ ਬੋਲੀ 'ਚ ਹਿੰਦੀ ਤੇ ਅੰਗਰੇਜ਼ੀ ਦਾ ਪਰਭਾਵ ਵਧਦਾ ਜਾਣ ਕਰਕੇ ਪਿੰਦਲਸ਼ ਨਾਮ ਦੀ ਇਕ ਨਵੀਂ ਬੋਲੀ ਦਾ ਉਭਾਰ ਹੋ ਰਿਹਾ ਹੈ, ਜਿਸ ਦੀਆਂ ਉਦਾਹਰਨਾਂ ਸ਼ਹਿਰੀ ਵਸ ਰਹੇ ਅਜੋਕੇ ਪੜ੍ਹੇ ਲਿਖੇ ਨੌਜਵਾਨਾਂ ਦੀ ਬੋਲੀ ਤੇ ਉਹਨਾਂ ਵਲੋਂ ਸ਼ੋਸ਼ਲ ਮੀਡੀਆ 'ਚ ਵਰਤੀ ਜਾ ਰਹੀ ਲਿਪੀ ਅਤੇ ਬੋਲੀ ਤੋਂ ਆਮ ਹੀ ਮਿਲ ਜਾਂਦੀਆਂ ਹਨ। ਜੇਕਰ ਇਸ ਵਰਤਾਰੇ ਦਾ ਕੋਈ ਢੁਕਵਾਂ ਹੱਲ ਨਾ ਕੱਢਿਆ ਗਿਆ ਤਾਂ ਨਿਸਚੈ ਹੀ ਗੁਰਮੁਖੀ ਲਿਪੀ ਦੇ ਭਾਰੀ ਨੁਕਸਾਨ ਦੇ ਨਾਲ-ਨਾਲ ਪੰਜਾਬੀ ਬੋਲੀ ਉਤੇ ਵੀ ਬੜਾ ਮਾਰੂ ਅਸਰ ਪਵੇਗਾ। ਸੋ ਇਸ ਮਸਲੇ ਬਾਰੇ ਬਿਨਾ ਕਿਸੇ ਹੋਰ ਦੇਰੀ ਯੂਨੀਵਰਸਿਟੀਆਂ 'ਚ ਬੈਠੇ ਬੁੱਧੀਜੀਵੀ ਵਰਗ ਨੂੰ ਡੂੰਘੀ ਖੋਜ ਉਪਰੰਤ ਕੋਈ ਢੁਕਵੀਂ ਨੀਤੀ ਤਿਆਰ ਕਰਨੀ ਚਾਹੀਦੀ ਹੈ, ਤਾਂ ਕਿ ਸਮੇਂ ਸਿਰ ਇਸ ਮਸਲੇ ਦਾ ਬਾਨਣੂ ਬੰਨ੍ਹਿਆ ਜਾ ਸਕੇ।

### ਕਾਮਰੇਡਾਂ ਦੀਆਂ ਕਲੋਲਾਂ

**-ਜੋਬਨਪਰਿੰਸ ਸਿੰਘ ਭੁੱਲਰ**

ਭਗਤ ਸਿੰਘ ਨੇ ਸੰਨ 1923 ਵਿਚ ਅੰਗਰੇਜ਼ੀ 'ਚ ਇਕ ਲੇਖ "The problem of Punjabis language and script" ਲਿਖਿਆ ਜਿਸ ਵਿਚ ਭਗਤ ਸਿੰਘ ਨੇ ਗੁਰਮੁਖੀ ਦੀ ਰੱਜ ਕੇ ਖਿੱਲੀ ਉਡਾਈ ਤੇ ਦੇਵਨਾਗਰੀ ਦੀ ਰੱਜ ਕੇ ਪ੍ਰਸੰਸਾ ਕੀਤੀ। ਸੋਚਣ ਵਾਲੀ ਗੱਲ ਇਹ ਹੈ ਕਿ ਜੇ ਭਗਤ ਸਿੰਘ ਦੇਵਨਾਗਰੀ ਨੂੰ ਐਨਾ ਹੀ ਪਿਆਰ ਕਰਦਾ ਸੀ ਤਾਂ ਲੇਖ ਅੰਗਰੇਜ਼ੀ ਵਿਚ ਕਿਉਂ ਲਿਖਿਆ? ਨਾਲੇ ਸੰਨ 1923 'ਚ ਭਗਤ ਸਿੰਘ ਸਿਰਫ 16 ਸਾਲ ਦਾ ਸੀ, ਕੀ ਉਦੋਂ ਉਸ ਨੂੰ ਐਨੀ ਅੰਗਰੇਜ਼ੀ ਆਉਂਦੀ ਸੀ ਕਿ ਉਸ ਨੇ ਇਹ ਲੇਖ ਲਿਖ ਦਿੱਤਾ ਤੇ ਉਸ ਨੂੰ ਤਿੰਨ ਭਾਸ਼ਾਵਾਂ ਦੀ ਮੁਹਾਰਤ ਸੀ? ਉਹ ਵੀ ਭਾਸ਼ਾ ਵਿਗਿਆਨ ਦੇ ਪੱਧਰ ਦੀ, ਕਿ ਉਹ ਇਕ ਭਾਸ਼ਾ ਵਿਚਲੀਆਂ ਕਮੀਆਂ ਕੱਢ ਕੇ, ਦੂਜੀ ਦੀ ਸੰਪੂਰਨਤਾ ਦੱਸ ਕੇ, ਤੀਜੀ ਭਾਸ਼ਾ ਵਿਚ ਲੇਖ ਲਿਖ ਸਕੇ। ਇਸ ਪਿੱਛੇ ਤਾਂ ਲਗਦਾ ਕੋਈ ਕਾਮਰੇਡੀ ਕਰਾਮਾਤ ਵਰਤੀ ਹੋਈ ਹੈ।

# ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਤੇ ਪੰਥਕ ਏਜੰਡਾ

**ਰਜਿੰਦਰ ਸਿੰਘ ਪੁਰੇਵਾਲ**



ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਪੰਥ ਤੇ ਪੰਜਾਬ ਦੇ ਏਜੰਡੇ ਨੂੰ ਅਪਨਾ ਕੇ ਆਪਣਾ ਵਿਕਾਸ ਕਰਦਾ ਰਿਹਾ ਹੈ ਤੇ ਪੂਰਾ ਸਿੱਖ ਪੰਥ ਉਸ ਦੇ ਨਾਲ ਖੜ੍ਹਦਾ ਰਿਹਾ ਹੈ। ਪਰ ਜਦੋਂ ਦੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਸੱਤਾ ਵਲ ਰੁਖ ਕੀਤਾ ਹੈ, ਉਦੋਂ ਤੋਂ ਉਸ ਨੇ ਪੰਜਾਬੀ ਪਾਰਟੀ ਬਣਨ ਤੇ ਡੇਰਾਵਾਦ ਵਲ ਆਪਣਾ ਰੁਖ ਅਪਨਾ ਲਿਆ ਹੈ। ਜੇਕਰ ਅਜਿਹਾ ਸੀ ਤਾਂ ਉਸ ਨੂੰ ਪੰਥਕ ਸੰਸਥਾਵਾਂ ਉੱਤੇ ਕਬਜ਼ਾ ਛੱਡ ਦੇਣਾ ਚਾਹੀਦਾ ਸੀ। ਸ਼੍ਰੋਮਣੀ ਅਕਾਲੀ ਦਲ ਦੇ ਨਿਘਾਰ ਦਾ ਕਾਰਨ ਇਹ ਹੈ ਕਿ ਇਹ ਪਰਿਵਾਰਵਾਦ ਵਾਲੀ ਪਾਰਟੀ ਬਣ ਗਿਆ ਹੈ, ਜੋ ਕਿ ਸ਼੍ਰੋਮਣੀ ਅਕਾਲੀ ਦਲ ਦਾ ਕਦੇ ਸਿਧਾਂਤ ਵੀ ਨਹੀਂ ਰਿਹਾ। ਸ਼੍ਰੋਮਣੀ ਅਕਾਲੀ ਦਲ ਸਿੱਖ ਧਰਮ ਤੇ ਰਾਜਨੀਤੀ ਦੇ ਨਿਘਾਰ ਤੇ ਖਾਤਮੇ ਦਾ ਕਾਰਨ ਬਣ ਰਿਹਾ ਹੈ। ਸ. ਗੁਰਤੇਜ ਸਿੰਘ ਆਈਏਐਸ ਨੇ ਖਾਸ ਟਿੱਪਣੀ ਕੀਤੀ ਕਿ ਬਾਦਲ ਪਰਿਵਾਰ ਨੇ ਸਿੱਖ ਧਰਮ ਨੂੰ ਖਤਮ ਕਰਨ ਲਈ ਆਰ ਐਸ ਐਸ ਤੋਂ ਸੁਪਾਰੀ ਲਈ ਹੋਈ ਹੈ, ਪਰ ਅਸੀਂ ਇਸ ਨਾਲ ਸਹਿਮਤ ਨਾ ਵੀ ਹੋਈਏ ਪਰ ਏਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਬਾਦਲ ਦਲ ਦੀਆਂ ਨੀਤੀਆਂ ਕਾਰਨ ਸ਼੍ਰੋਮਣੀ ਅਕਾਲੀ ਦਲ ਪੰਥ ਤੇ ਪੰਜਾਬ ਨਿਘਾਰ ਵਲ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਅੰਦਰ ਵਧ ਰਹੀ ਅਸਹਿਮਤੀ ਦਾ ਮੁੱਖ ਕਾਰਨ ਸਾਹਮਣੇ ਆਇਆ ਹੈ। ਪੂਰੇ ਪੁਆੜੇ ਦੇ ਕੇਂਦਰ ਵਿੱਚ ਸਾਲ 2015 ਵਿਚ ਸਿੱਖਾਂ ਦੀ ਅਸਥਾਈ ਸੀਟ ਅਕਾਲ ਤਖ਼ਤ ਸਾਹਿਬ ਦੁਆਰਾ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਦਿੱਤੀ ਜਾਣ ਵਾਲੀ ਮਾਫ਼ੀ ਹੈ। ਇਸ ਮੁਆਫ਼ੀ ਤੋਂ ਇੱਕ ਮਹੀਨੇ ਬਾਅਦ ਜਦੋਂ ਮਾੜੇ ਨਤੀਜੇ ਦੇਖਣ ਨੂੰ ਮਿਲੇ ਤਾਂ, ਪਾਰਟੀ ਆਪਣੇ ਫ਼ੈਸਲੇ ਤੋਂ ਮੁੱਕਰ ਗਈ. ਮੁਆਫੀ ਜਲਦਬਾਜ਼ੀ ਵਿੱਚ ਦੇ ਦਿੱਤੀ ਗਈ ਤੇ ਇਹ ਇੱਕ ਕਦਮ ਹੀ ਪਾਰਟੀ ਲਈ ਭਾਰੀ ਪੈ ਗਿਆ। ਮੰਨਿਆ ਜਾ ਰਿਹਾ ਹੈ ਕਿ ਇਹ ਮੁਆਫ਼ੀ ਹੀ ਪਾਰਟੀ ਨੂੰ ਮਹਿੰਗੀ ਪੈ ਗਈ। ਇਸ ਤੋਂ ਪਹਿਲਾ 2007 ਤੇ 2012 ਵਿੱਚ ਪਾਰਟੀ ਦੀ ਜਿੱਤ ਦੇ ਬਾਅਦ ਹਰ ਪਾਸੇ ਸੁਖਬੀਰ ਦੀ ਪ੍ਰਸ਼ੰਸਾ ਕੀਤੀ ਗਈ ਸੀ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਸ਼ਰਮਨਾਕ ਘਟਨਾਵਾਂ ਦੀ ਲੜੀ ਵੀ ਸਾਲ 2105 ਵਿੱਚ ਹੀ ਵਾਪਰੀ ਤੇ ਬਹਿਬਲ ਕਲਾਂ ਵਿੱਚ ਪ੍ਰਦਰਸ਼ਨਕਾਰੀਆਂ 'ਤੇ ਪੁਲਿਸ ਗੋਲੀਬਾਰੀ ਵਿੱਚ ਦੋ ਸਿੱਖ ਨੌਜਵਾਨਾਂ ਦੀ ਮੌਤ ਹੋ ਗਈ। ਉਦੋਂ ਸੁਖਬੀਰ ਪੰਜਾਬ ਦੇ ਉਪ ਮੁੱਖ ਮੰਤਰੀ ਸਨ।

ਪੰਥਕ ਜਥੇਬੰਦੀਆਂ ਨੇ ਸਾਰੇ ਮਸਲਿਆਂ ਲਈ ਪਿਤਾ-ਪੁੱਤਰ ਦੀ ਜੋੜੀ ਨੂੰ ਦੋਸ਼ੀ ਠਹਿਰਾਇਆ। ਪਰ ਉਹਨਾਂ ਨੇ ਕਦੇ ਵੀ ਉਨ੍ਹਾਂ ਜਥੇਬੰਦੀਆਂ ਨਾਲ ਸੰਬੰਧਾਂ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਤੱਕ ਨਹੀਂ ਕੀਤੀ। ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਸੌਦਾ ਸਾਧ ਡੇਰੇ ਦੀਆਂ ਵੋਟਾਂ ਹਾਸਲ ਕਰਨ ਲਈ ਉਸ ਦੇ ਮੁਖੀ ਨੂੰ ਸਿੰਘ ਸਾਹਿਬਾਨ ਤੋਂ ਮੁਆਫ਼ੀ ਦੁਆਉਣ ਲਈ ਜੋ ਆਪਣਾ ਪ੍ਰਭਾਵ ਵਰਤਿਆ, ਉਹ ਉਸ ਦੀ ਰਾਜਨੀਤੀ ਨੂੰ ਪੁਠਾ ਪਿਆ ਹੈ। ਇਹ ਸਿੱਖ ਕੌਮ ਨੇ ਬਰਦਾਸ਼ਤ ਨਹੀਂ ਕੀਤਾ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ 'ਤੇ ਢਿੱਲ ਮੱਠ ਸ਼੍ਰੋਮਣੀ ਅਕਾਲੀ ਦਲ ਦੀ ਵੱਡੀ ਸਮੱਸਿਆ ਦਾ ਕਾਰਨ ਬਣ ਰਹੀ ਹੈ ਤੇ ਉਹ ਆਪਣੀ ਸੀਨੀਅਰ ਲੀਡਰਸ਼ਿਪ ਵਿਚ ਕਿੰਤੂ ਪਰੰਤੂ ਦਾ ਕਾਰਨ ਬਣ ਗਈ ਹੈ। ਇਸ ਦਾ ਕਾਰਨ ਇਹ ਹੈ ਕਿ ਸੰਗਤਾਂ ਦੇ ਸਾਹਮਣੇ ਸੁਆਲਾਂ ਦੇ ਜੁਆਬ ਦੇਣੇ ਔਖੇ ਹੋ ਗਏ ਹਨ।

ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਆਗੂ ਆਪੋ-ਆਪਣੇ ਸਿਆਸੀ ਲਾਭਾਂ ਲਈ ਸ਼੍ਰੋਮਣੀ ਅਕਾਲੀ ਅਤੇ ਉਸ ਦੀ ਲੀਡਰਸ਼ਿਪ ਨੂੰ ਹਾਸ਼ੀਏ 'ਤੇ ਧੱਕਣ ਲਈ ਸਰਗਰਮ ਹਨ ਤਾਂ ਜੋ ਆਉਣ ਵਾਲੀਆਂ ਪੰਚਾਇਤੀ, ਲੋਕ ਸਭਾ ਅਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਅਕਾਲੀ ਦਲ ਨੂੰ ਰਾਜਸੀ ਤੌਰ 'ਤੇ ਖਤਮ ਕੀਤਾ ਜਾਵੇ। ਸ਼੍ਰੋਮਣੀ ਅਕਾਲੀ ਦਲ ਦੇ ਬਚਣ ਦਾ ਇਕੋ ਇਕ ਰਾਹ ਇਹੀ ਹੈ ਕਿ ਇਸ ਨੂੰ ਬਾਦਲ ਪਰਿਵਾਰ ਤੋਂ ਅਲੱਗ ਥਲੱਗ ਕਰਕੇ ਕਿਸੇ ਸੀਨੀਅਰ ਲੀਡਰ ਨੂੰ ਇਸ ਦੀ ਕਮਾਂਡ ਸੌਂਪੀ ਜਾਵੇ। ਭਾਵੇਂ ਸੀਨੀਅਰ ਦੀ ਸਲਾਹਕਾਰ ਕਮੇਟੀ ਬਣਾ ਦਿੱਤੀ ਜਾਵੇ। ਉਸ ਵਿਚ ਵੱਡੇ ਬਾਦਲ ਨੂੰ ਸਰਪ੍ਰਸਤ ਬਣਾ ਕੇ ਕਾਰਜ ਅੱਗੇ ਤੋਰਿਆ ਜਾ ਸਕਦਾ ਹੈ, ਪਰ ਇਸ ਦੇ ਨਾਲ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਸਾਹਿਬ ਦੀ ਕਾਰਜ ਪ੍ਰਣਾਲੀ ਵਿਚ ਦਖਲਅੰਦਾਜ਼ੀ ਬੰਦ ਕਰਨੀ ਪਵੇਗੀ।

ਅਕਾਲੀ ਦਲ ਦੇ ਬਹੁਤੇ ਸੀਨੀਅਰ ਲੀਡਰ ਇਹ ਮਹਿਸੂਸ ਕਰ ਰਹੇ ਹਨ ਕਿ ਪਿਛਲੇ ਲੰਮੇ ਸਮੇਂ ਵਿਚ ਪਾਰਟੀ ਅੰਦਰ ਸਮੂਹਿਕ ਲੀਡਰਸ਼ਿਪ ਦਾ ਸੰਕਲਪ ਕਮਜ਼ੋਰ ਪਿਆ ਹੈ ਤੇ ਪਰਿਵਾਰਵਾਦ ਭਾਰੂ ਹੋਇਆ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਦੌਰ ਵਿਚ ਅਕਾਲੀ ਦਲ ਦੇ ਬਹੁਤੇ ਅਹਿਮ ਫ਼ੈਸਲੇ ਜ਼ਿਲ੍ਹਾ ਜਥੇਦਾਰਾਂ ਦੀਆਂ ਮੀਟਿੰਗਾਂ ਵਿਚ ਲਏ ਜਾਂਦੇ ਸਨ ਤੇ ਟਕਸਾਲੀ ਆਗੂ ਤੇ ਵਰਕਰ ਹੀ ਕੌਮ ਦੀ ਲੜਾਈ ਤੇ ਅਕਾਲੀ ਦਲ ਦੀ ਲੜਾਈ ਲੜਿਆ ਕਰਦੇ ਸਨ, ਪਰ ਹੁਣ ਗੁੰਡੇ ਕਿਸਮ ਦੇ ਲੋਕ ਪਾਰਟੀ 'ਤੇ ਭਾਰੂ ਪੈਂਦੇ ਜਾ ਰਹੇ ਹਨ, ਜਿਸ ਕਾਰਨ ਟਕਸਾਲੀ ਵਰਕਰ ਘਰਾਂ ਵਿਚ ਬੈਠ ਗਏ ਹਨ। ਜਿੰਨਾ ਚਿਰ ਤੱਕ ਸ਼੍ਰੋਮਣੀ ਅਕਾਲੀ ਦਲ ਦਾ ਪੁਰਾਣਾ ਨੈਟਵਰਕ ਟਕਸਾਲੀ ਵਰਕਰ ਸਰਗਰਮ ਨਹੀਂ ਕੀਤੇ ਜਾਦੇ, ਓਨਾ ਚਿਰ ਤੱਕ ਸਿਆਸੀ ਲੜਾਈ ਨਹੀਂ ਜਿਤੀ ਜਾ ਸਕੇਗੀ। ਲੜਾਈ ਪੰਥਕ ਜਜ਼ਬੇ ਨਾਲ ਜਿੱਤੀ ਜਾ ਸਕਦੀ ਹੈ, ਜੋ ਕਦੇ ਅਕਾਲੀ ਦਲ ਕੋਲ ਹੁੰਦਾ ਸੀ। ਉਹੀ ਜਜ਼ਬਾ ਹੁਣ ਦੁਬਾਰਾ ਪਾਰਟੀ ਵਿਚ ਪੈਦਾ ਕਰਨਾ ਹੋਵੇਗਾ। ਇਹ ਤਾਂ ਹੀ ਸੰਭਵ ਹੈ ਜੇਕਰ ਖਾਲਸਾ ਪੰਥ ਦੇ ਮਨ ਜਿੱਤੇ ਜਾਣ। ਅਕਾਲੀ ਦਲ ਦੇ ਅੰਦਰ ਸਮੂਹਿਕ ਲੀਡਰਸ਼ਿਪ ਦਾ ਸੰਕਲਪ ਉੱਪਰ ਤੋਂ ਲੈ ਕੇ ਹੇਠਾਂ ਤੱਕ ਮੁੜ ਤੋਂ ਬਹਾਲ ਕੀਤਾ ਜਾਵੇ ਤੇ ਹਿਟਲਰਸ਼ਾਹੀ ਖਤਮ ਕੀਤੀ ਜਾਵੇ। ਇਸ ਸੰਦਰਭ ਵਿਚ ਬਾਦਲ ਦਲ ਨੂੰ ਘੱਟੋ-ਘੱਟ ਪਿਛਲੇ 10 ਸਾਲਾਂ ਵਿਚ ਲਏ ਗਏ ਪੰਥ ਵਿਰੋਧੀ ਫ਼ੈਸਲਿਆਂ ਦੀ ਪਾਰਟੀ ਦੇ ਅੰਦਰ ਖੁੱਲ੍ਹ ਕੇ ਸਮੀਖਿਆ ਕਰਨੀ ਚਾਹੀਦੀ ਹੈ ਤੇ ਭਾਜਪਾ ਨਾਲ ਆਪਣਾ ਗੱਠਜੋੜ ਤੋੜਨਾ ਚਾਹੀਦਾ ਹੈ ਤੇ ਇਸ ਦਾ ਨਵਾਂ ਬਦਲ ਲੱਭਣਾ ਚਾਹੀਦਾ ਹੈ। ਪਾਰਟੀ ਦੀ ਸਥਾਪਤ ਲੀਡਰਸ਼ਿਪ ਨੂੰ ਇਸ ਗੱਲ ਦਾ ਜਵਾਬ ਦੇਣਾ ਚਾਹੀਦਾ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਿਤ ਘਟਨਾਕ੍ਰਮ ਨਾਲ ਠੀਕ ਤਰ੍ਹਾਂ ਕਿਉਂ ਨਹੀਂ ਨਿਪਟ ਸਕੀ? ਜੋ ਅਸਲ ਦੋਸ਼ੀ ਹਨ, ਉਸ ਨੂੰ ਸਾਹਮਣੇ ਲਿਆਉਣਾ ਚਾਹੀਦਾ ਹੈ ਤੇ ਇਸ ਕਾਰੇ ਪਿਛੇ ਕੌਣ ਦੋਸ਼ੀ ਸੀ? ਸ਼੍ਰੋਮਣੀ ਅਕਾਲੀ ਦਲ ਜਿਹੜਾ ਕਿ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਵਾਰਸ ਹੋਣ ਦਾ ਦਾਅਵਾ ਕਰਦਾ ਹੈ, ਹੁਣ ਉਸ ਨੂੰ ਗੁਰੂ ਗ੍ਰੰਥ, ਗੁਰੂ ਪੰਥ ਤੋਂ ਪਿਠ ਨਹੀਂ ਦਿਖਾਉਣੀ ਚਾਹੀਦੀ। ਸਿੱਖ ਸਿਧਾਂਤਾਂ ਵਿਚ ਡੇਰਾਵਾਦ ਲਈ ਕੋਈ ਥਾਂ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਇਨ੍ਹਾਂ ਗੱਲਾਂ ਤੋਂ ਬਚਣਾ ਪਵੇਗਾ। ਨਸ਼ਿਆਂ ਵਿਰੁਧ ਤੱਕੜੇ ਹੋ ਕੇ ਲਹਿਰ ਚਲਾਉਣੀ ਪਵੇਗੀ। ਕਿਸਾਨੀ ਨੂੰ ਬਚਾਉਣ ਲਈ ਕੁਦਰਤੀ ਖੇਤੀ, ਭਾਰਤ-ਪਾਕਿ ਦੇ ਗੂੜੇ ਸੰਬੰਧਾਂ ਲਈ ਤੇ ਫੈਡਰਲ ਢਾਂਚੇ ਲਈ ਤੱਕੜੇ ਹੋ ਕੇ ਪਹਿਰਾ ਦੇਣਾ ਪਵੇਗਾ।

## ਚੀਫ਼ ਖ਼ਾਲਸਾ ਦੀਵਾਨ ਦੀਆਂ ਆਮ ਚੋਣਾਂ 2 ਦਸੰਬਰ ਨੂੰ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਪ੍ਰਸਿੱਧ ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਦੇ ਮੌਜੂਦਾ ਜਨਰਲ ਹਾਊਸ ਦੀ ਮਿਆਦ ਭਾਵੇਂ ਸੰਨ 2019 ਵਿਚ ਪੂਰੀ ਹੋਣੀ ਹੈ ਪਰ ਹਾਲ ਹੀ ਵਿਚ ਪ੍ਰਧਾਨਗੀ ਦੇ ਅਹੁਦੇ ਲਈ ਪੈਦਾ ਹੋਏ ਸੰਕਟ ਦੌਰਾਨ ਕਾਰਜਸਾਧਕ ਕਮੇਟੀ ਅਤੇ ਜਨਰਲ ਹਾਊਸ ਦੀ ਮੀਟਿੰਗ ਵਿਚ ਮੁੜ ਸਿਰਫ ਪ੍ਰਧਾਨ ਦੇ ਅਹੁਦੇ ਦੀ ਚੋਣ ਕਰਾਉਣ ਦੀ ਥਾਂ ਜਨਰਲ ਚੋਣਾਂ ਕਰਾਉਣ ਦਾ ਫੈਸਲਾ ਕੀਤਾ ਗਿਆ ਸੀ। ਇਸ ਫੈਸਲੇ ਅਨੁਸਾਰ ਚੀਫ ਖਾਲਸਾ ਦੀਵਾਨ ਦੀਆਂ ਆਮ ਚੋਣਾਂ ਦੋ ਦਸੰਬਰ ਨੂੰ ਹੋਣਗੀਆਂ।ਇਹ ਫੈਸਲਾ ਇਥੇ ਦੀਵਾਨ ਦੀ ਕਾਰਜਸਾਧਕ ਕਮੇਟੀ ਦੀ ਹੋਈ ਮੀਟਿੰਗ ਦੌਰਾਨ ਕੀਤਾ ਗਿਆ ਹੈ। ਦੀਵਾਨ ਦੀ ਕਾਰਜਸਾਧਕ ਕਮੇਟੀ ਦੀ ਮੀਟਿੰਗ ਵਿਚ ਜਨਰਲ ਚੋਣਾਂ ਦੀ ਤਰੀਕ ਨਿਯਤ ਕਰਨ, ਰਿਟਰਨਿੰਗ ਅਧਿਕਾਰੀ ਨਿਯੁਕਤ ਕਰਨ ਅਤੇ ਮੈਂਬਰਾਂ ਦੀਆਂ ਸੂਚੀਆਂ ਦੀ ਸੋਧ ਕਰਨ ਦੇ ਏਜੰਡੇ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਦੇ ਵੇਰਵੇ ਜਾਰੀ ਕਰਦਿਆਂ ਦੀਵਾਨ ਦੇ ਆਨਰੇਰੀ ਸਕੱਤਰ ਨਰਿੰਦਰ ਸਿੰਘ ਖੁਰਾਣਾ ਨੇ ਦੱਸਿਆ ਕਿ ਜਨਰਲ ਚੋਣਾਂ 2 ਦਸੰਬਰ ਐਤਵਾਰ ਨੂੰ ਹੋਣਗੀਆਂ। ਇਨ੍ਹਾਂ ਚੋਣਾਂ ਵਿਚ ਮੈਂਬਰਾਂ ਵੱਲੋਂ ਦੀਵਾਨ ਦੇ ਪ੍ਰਧਾਨ, ਦੋ ਮੀਤ ਪ੍ਰਧਾਨ, ਇਕ ਸਥਾਨਕ ਪ੍ਰਧਾਨ ਅਤੇ ਦੋ ਆਨਰੇਰੀ ਸਕੱਤਰਾਂ ਦੀ ਚੋਣ ਲਈ ਵੋਟਾਂ ਪਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਮੀਟਿੰਗ ਦੌਰਾਨ ਜਨਰਲ ਚੋਣਾਂ ਵਾਸਤੇ ਬਹੁ ਸੰਮਤੀ ਨਾਲ ਤਿੰਨ ਰਿਟਰਨਿੰਗ ਅਧਿਕਾਰੀ ਵੀ ਨਿਯੁਕਤ ਕੀਤੇ ਗਏ ਹਨ, ਜਿਨ੍ਹਾਂ ਵਿਚ ਇਕਬਾਲ ਸਿੰਘ ਲਾਲਪੁਰਾ, ਪ੍ਰੋ. ਬਲਜਿੰਦਰ ਸਿੰਘ ਅਤੇ ਸਵਿੰਦਰ ਸਿੰਘ ਕੱਥੂਨੰਗਲ ਸ਼ਾਮਲ ਹਨ।

## ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਰਤਾਰਪੁਰ ਕੋਰੀਡੋਰ ਪ੍ਰਾਜੈਕਟ ਤਿਆਰ ਕਰਨ ਵਾਲੀਆਂ ਸਖਸ਼ੀਅਤਾਂ ਸਨਮਾਨਿਤ

**ਮੈਰੀਲੈਂਡ/ਰਾਜ ਗੋਗਨਾ :** ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਰਤਾਰਪੁਰ ਲਾਂਘੇ ਸਬੰਧੀ ਪ੍ਰਾਜੈਕਟ ਤਿਆਰ ਕਰਨ ਵਾਲੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਗੁਰੂਘਰ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਵਲੋਂ ਰਛਪਾਲ ਸਿੰਘ ਢੀਂਡਸਾ ਚੇਅਰਮੈਨ ਯੂਨਾਇਟਡ ਸਿੱਖ ਮਿਸ਼ਨ ਕੈਲੀਫੋਰਨੀਆ, ਬਲਵਿੰਦਰ ਸਿੰਘ ਪ੍ਰਧਾਨ ਗੁਰਦੁਆਰਾ ਰਿਵਰ ਸਾਈਡ ਕੈਲੀਫੋਰਨੀਆ, ਜਤਿੰਦਰਪਾਲ ਸਿੰਘ, ਗੁਰਚਰਨ ਸਿੰਘ ਅਤੇ ਸੁਰਿੰਦਰ ਸਿੰਘ ਇੰਜੀਨੀਅਰ ਨੂੰ ਦਿੱਤਾ ਗਿਆ। ਇਸ ਮੌਕੇ ਡਾ. ਸੁਰਿੰਦਰ ਸਿੰਘ ਗਿੱਲ ਵੱਲੋਂ ਸਾਰੇ ਮਹਿਮਾਨਾਂ ਦੀ ਜਾਣ ਪਹਿਚਾਣ ਸੰਗਤਾਂ ਨਾਲ ਕਰਵਾਈ ਅਤੇ ਕਰਤਾਰਪੁਰ ਕੋਰੀਡੋਰ ਦੇ ਪ੍ਰਾਜੈਕਟ ਬਾਰੇ ਸੰਗਤਾਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਜ਼ਿਕਰਯੋਗ ਹੈ ਕਿ ਯੁਨਾਈਟਡ ਸਿੱਖ ਮਿਸ਼ਨ ਸੰਨ 2004 ਤੋਂ ਕਰਤਾਰਪੁਰ ਲਾਂਘੇ ਸਬੰਧੀ ਕੰਮ ਕਰ ਰਿਹਾ ਹੈ, ਜਿਨ੍ਹਾਂ ਨੇ ਯੂਐੱਨ. ਅੰਬੈਸਡਰ ਜਾਨ ਮੈਕਡੋਨਲ ਦੀ



ਸਰਪ੍ਰਸਤੀ ਹੇਠ ਇਹ ਪ੍ਰਾਜੈਕਟ ਤਿਆਰ ਕਰਵਾਇਆ ਹੈ। ਇਸ ਪ੍ਰਾਜੈਕਟ ਨੂੰ ਭਾਰਤ ਤੇ ਪਾਕਿਸਤਾਨ ਦੇ ਹਰ ਨੁਮਾਇੰਦੇ ਦੇ ਹੱਥਾਂ ਵਿੱਚ ਪਹੁੰਚਾਉਣ ਦਾ ਕੰਮ ਵੀ ਰਛਪਾਲ ਸਿੰਘ ਢੀਂਡਸਾ ਤੇ ਉਨ੍ਹਾਂ ਦੀ ਟੀਮ ਨੇ ਕੀਤਾ ਹੈ। ਰਛਪਾਲ ਸਿੰਘ ਢੀਂਡਸਾ ਨੇ ਕਿਹਾ ਕਿ ਇਹ ਸੰਗਤਾਂ ਦਾ ਪ੍ਰਾਜੈਕਟ ਹੈ ਅਤੇ ਇਸ ਨੂੰ ਸੰਗਤਾਂ ਨੇ ਹੀ ਨੇਪਰੇ ਚਾੜ੍ਹਨਾ ਹੈ। ਉਨ੍ਹਾਂ ਕਿਹਾ ਸਾਨੂੰ ਆਪਣੀ ਪਹਿਚਾਣ ਅਤੇ ਲਿਆਕਤ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ, ਤਾਂ ਹੀ ਅਸੀਂ ਰਾਜ ਭਾਗ ਸੰਭਾਲਣ ਦੇ ਕਾਬਲ ਬਣ ਸਕਦੇ ਹਾਂ। ਉਨ੍ਹਾਂ ਰੋਜ਼ ਡੇ ਪਰੇਡ ਵਿੱਚ ਸਿੱਖ ਫਲੋਟ ਸ਼ਾਮਲ ਕਰਨ ਦੇ ਉਪਰਾਲੇ ਨੂੰ ਵੀ ਸਾਂਝਿਆ ਕੀਤਾ। ਉਨ੍ਹਾਂ ਕਿਹਾ ਕਿ ਇਸ ਸਾਲ ਰੋਜ਼ ਡੇ ਪਰੇਡ ਵਿੱਚ ਗੁਰੂ ਨਾਨਕ ਦੇਵ ਜੀ ਦੀ ਰਬਾਬ ਫਲੋਟ ਉਤੇ ਗੂੰਜੇਗੀ। ਇਸ ਮੌਕੇ ਸੁਰਿੰਦਰ ਸਿੰਘ ਇੰਜੀਨੀਅਰ ਵਲੋਂ ਕਰਤਾਰਪੁਰ ਲਾਂਘੇ ਸਬੰਧੀ ਡਾਕੂਮੈਂਟਰੀ ਦਿਖਾਈ ਗਈ। ਇਸ ਸਮਾਗਮ ਸਮੇਂ ਤਲਵਾੜੇ ਵਾਲੀਆਂ ਬੀਬੀਆਂ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਦੀ ਕਾਰਵਾਈ ਹਰਭਜਨ ਸਿੰਘ ਵਲੋਂ ਬਾਖੂਬ ਨਿਭਾਈ ਗਈ। ਸੰਗਤਾਂ ਦੇ ਭਾਰੀ ਇਕੱਠ ਵਲੋਂ ਕਰਤਾਰਪੁਰ ਲਾਂਘੇ ਨੂੰ ਖੁਲ੍ਹਵਾਉਣ ਦੀ ਹਮਾਇਤ ਕੀਤੀ ਗਈ।

## ਪੰਜਾਬ ਵਿਚ ਕਾਂਗਰਸ ਦੀ ਬੱਲੇ-ਬੱਲੇ
## ਭਗਵੰਤ ਹਾਰ ਸਕਦੇ ਨੇ ਸੰਗਰੂਰ ਸੀਟ

**ਸੰਗਰੂਰ/ਬਿਊਰੋ ਨਿਊਜ਼ :** ਏਬੀਪੀ ਨਿਊਜ਼-ਸੀ ਵੋਟਰ ਦੇ ਸਰਵੇਖਣ ਦੇ ਮੁਤਾਬਕ ਸੰਨ 2019 ਦੀਆਂ ਲੋਕਸਭਾ ਚੋਣਾਂ ਵਿੱਚ ਇੱਕ ਵਾਰ ਫਿਰ ਲੋਕ ਨਰਿੰਦਰ ਮੋਦੀ ਨੂੰ ਮੌਕਾ ਦੇ ਸਕਦੇ ਹਨ। ਭਾਜਪਾ ਆਪਣੇ ਦਮ ਉੱਤੇ ਬਹੁਮਤ ਤਾਂ



ਹਾਸਿਲ ਨਹੀਂ ਕਰ ਸਕੇਗੀ ਪਰ ਐਨਡੀਏ ਸਰਕਾਰ ਬਣਾਉਣ ਵਿੱਚ ਕਾਮਯਾਬ ਰਹੇਗਾ। ਪੰਜਾਬ ਦੀਆਂ 13 ਸੀਟਾਂ ਬਾਰੇ ਇਸ ਸਰਵੇਖਣ ਦਾ ਦੱਸਣਾ ਹੈ ਕਿ ਅਕਾਲੀ-ਭਾਜਪਾ ਗੱਠਜੋੜ ਦਾ ਪੂਰੀ ਤਰ੍ਹਾਂ ਨਾਲ ਸਫਾਇਆ ਹੋ ਸਕਦਾ ਹੈ। ਪੰਜਾਬ ਵਿੱਚ ਕਾਂਗਰਸ ਗੱਠਜੋੜ ਨੂੰ 13 ਵਿੱਚੋਂ 12 ਸੀਟਾਂ ਉੱਤੇ ਜਿੱਤ ਮਿਲੇਗੀ। ਹਾਲਾਂਕਿ ਇਸ ਗੱਠਜੋੜ ਵਿੱਚ ਕਿਹੜੀਆਂ ਪਾਰਟੀਆਂ ਸ਼ਾਮਿਲ ਹੋਣਗੀਆਂ, ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਪੰਜਾਬ ਕਾਂਗਰਸ ਸਾਫ਼ ਕਰ ਚੁੱਕੀ ਹੈ ਕਿ ਪੰਜਾਬ ਵਿੱਚ ਕਿਸੇ ਵੀ ਦਲ ਨਾਲ ਗੱਠਜੋੜ ਨਹੀਂ ਹੋਵੇਗਾ। ਇਸ ਦਾ ਮਤਲਬ ਕਿ ਸੰਨ 2019 ਦੀਆਂ ਲੋਕਸਭਾ ਚੋਣਾਂ ਵਿੱਚ ਕਾਂਗਰਸ ਦੀ ਬਾਦਸ਼ਾਹਤ ਪੰਜਾਬ ਵਿੱਚ ਕਾਇਮ ਰਹਿ ਸਕਦੀ ਹੈ, ਜਦਕਿ ਅਕਾਲੀ-ਭਾਜਪਾ ਗੱਠਜੋੜ ਨੂੰ ਸਿਰਫ ਇੱਕ ਸੀਟ ਮਿਲ ਸਕਦੀ ਹੈ। ਇਸ ਤੋਂ ਇਲਾਵਾ ਆਪ ਲਈ ਬੁਰੀ ਖਬਰ ਹੈ ਕਿ ਇਸ ਸਰਵੇ ਦੇ ਮੁਤਾਬਕ ਪੰਜਾਬ ਤੇ ਦਿੱਲੀ ਦੋਵੇਂ ਰਾਜਾਂ ਵਿੱਚ ਆਪ ਦਾ ਖਾਤਾ ਵੀ ਨਹੀਂ ਖੁੱਲ੍ਹੇਗਾ। ਪਾਰਟੀ ਪ੍ਰਧਾਨ ਭਗਵੰਤ ਮਾਨ ਸੰਗਰੂਰ ਸੀਟ ਤੋਂ ਵੀ ਹਾਰਦੇ ਦੱਸੇ ਹਨ।

# ਗਾਂਧੀ ਨੇ ਅ.ਫੀਮਚੀਆਂ ਦਾ ਪੰਜਾਬ ਬਣਾਉਣ ਦੀ ਮੁਹਿੰਮ ਵਿੱਢੀ

## *ਸਿਆਸਤ ਦੇ ਮਸਖਰੇ ਸਿੱਧੂ ਨੇ ਗਾਂਧੀ ਦੀ ਕੀਤੀ ਹਮਾਇਤ, ਅਖੇ 'ਚਿੱਟੇ ਤੋਂ ਚੰਗੀ', ਕੈਪਟਨ ਤੇ ਬਾਦਲ ਨੇ ਅਸਹਿਮਤੀ ਜਤਾਈ*

- **ਅ.ਫੀਮ ਦੀ ਖੇਤੀ ਨੂੰ ਕਾਨੂੰਨੀ ਦਰਜੇ ਦੇ ਹੱਕ ਵਿੱਚ ਸਿੱਧੂ**
- **ਕੈਪਟਨ ਤੇ ਬਾਦਲ ਦਲ ਨੇ ਕੀਤਾ ਕਰੜਾ ਵਿਰੋਧ**
- **ਪੰਜਾਬ ਵਿਚ ਅ.ਫੀਮ ਦੀ ਖੇਤੀ ਦੀ ਖੁੱਲ ਦੇਣਾ ਨਸ਼ੇ ਉਤੇ ਕਾਬੂ ਪਾਉਣ ਦਾ ਕੋਈ ਪੱਕਾ ਅਤੇ ਸਾਰਥਿਕ ਹੱਲ ਨਹੀਂ ਹੈ**



**ਚੰਡੀਗੜ੍ਹ/ਬਿਊਰੋ ਨਿਊਜ਼ :**
ਸਭ ਤੋਂ ਪਹਿਲਾਂ ਅਫ਼ੀਮ ਦੀ ਖੇਤੀ ਸਬੰਧੀ ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਲੋਕ ਸਭਾ ਮੈਂਬਰ ਡਾਕਟਰ ਧਰਮਵੀਰ ਗਾਂਧੀ ਨੇ ਆਵਾਜ਼ ਚੁੱਕਣੀ ਸ਼ੁਰੂ ਕੀਤੀ। ਇਸ ਤੋਂ ਬਾਅਦ ਕਿਸਾਨ ਯੂਨੀਅਨਾਂ ਨੇ ਵੀ ਡਾਕਟਰ ਧਰਮਵੀਰ ਗਾਂਧੀ ਦੀ ਦਲੀਲ ਨਾਲ ਸਹਿਮਤੀ ਪ੍ਰਗਟਾਈ। ਮਾਮਲਾ ਕੁਝ ਦਿਨ ਸ਼ਾਂਤ ਰਹਿਣ ਤੋਂ ਬਾਅਦ ਹੁਣ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਡਾਕਟਰ ਗਾਂਧੀ ਦੀ ਮੰਗ ਨਾਲ ਸੁਰ ਮਿਲਾ ਕੇ ਇਸ ਨੂੰ ਜਾਇਜ਼ ਕਰਾਰ ਦਿੱਤਾ ਹੈ। ਪਿਛਲੇ ਦਿਨੀਂ ਛਪਾਰ ਮੇਲੇ ਦੌਰਾਨ ਅਹਿਮਦਗੜ੍ਹ ਮੰਡੀ ਵਿੱਚ ਕਿਸਾਨਾਂ ਨੇ ਅਫ਼ੀਮ ਦੀ ਖੇਤੀ ਕਰਨ ਲਈ ਜ਼ਮੀਨ ਵਿਚ ਬੀਜ ਸੁੱਟ ਕੇ ਸੰਕੇਤਕ ਤੌਰ ਉੱਤੇ ਸ਼ੁਰੂ ਕਰਨ ਦਾ ਕਦਮ ਵੀ ਚੁੱਕਿਆ ਸੀ।

ਗਾਂਧੀ ਦਾ ਤਰਕ : ਇਸ ਮੁੱਦੇ ਉੱਤੇ ਡਾਕਟਰ ਧਰਮਵੀਰ ਗਾਂਧੀ ਨੇ ਆਖਿਆ ਹੈ ਕਿ ਸਰਕਾਰ ਦੀ ਨਿਗਰਾਨੀ ਹੇਠ ਪੰਜਾਬ ਦੇ ਰਵਾਇਤੀ ਨਸ਼ਿਆਂ, ਜਿਨ੍ਹਾਂ ਵਿੱਚ ਭੁੱਕੀ ਅਤੇ ਅਫ਼ੀਮ ਸ਼ਾਮਲ ਹੈ, ਨੂੰ ਕਾਨੂੰਨੀ ਤੌਰ 'ਤੇ ਮਾਨਤਾ ਦੇਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਨੂੰ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਰਗੇ ਸੂਬਿਆਂ ਵਾਂਗ ਇੱਕ ਨੀਤੀ ਬਣਾਉਣੀ ਚਾਹੀਦੀ ਹੈ ਤਾਂ ਜੋ ਅਫ਼ੀਮ ਅਤੇ ਭੁੱਕੀ ਦੀ ਵਿੱਕਰੀ ਸਰਕਾਰੀ ਨਿਗਰਾਨੀ ਹੇਠ ਹੋਵੇ।

ਡਾਕਟਰ ਧਰਮਵੀਰ ਗਾਂਧੀ ਮੁਤਾਬਕ ਸਰਕਾਰ ਨੇ ਨਸ਼ੇ ਨੂੰ ਖ਼ਤਮ ਕਰਨ ਲਈ ਸਖ਼ਤ ਤੋਂ ਸਖ਼ਤ ਕਦਮ ਚੁੱਕ ਕੇ ਅਤੇ ਕਾਨੂੰਨ ਬਣਾ ਕੇ ਦੇਖ ਲਏ ਪਰ ਨਸ਼ੇ ਉੱਤੇ ਕਾਬੂ ਨਹੀਂ ਪਾਇਆ ਜਾ ਸਕਿਆ। ਡਾਕਟਰ ਗਾਂਧੀ ਮੁਤਾਬਕ ਜਿਨ੍ਹਾਂ ਦੇਸ਼ਾਂ ਨੇ ਸਮੇਂ ਮੁਤਾਬਕ ਆਪਣੀਆਂ ਨੀਤੀਆਂ ਬਦਲੀਆਂ ਹਨ, ਉਹ ਕਾਮਯਾਬ ਹੋਏ ਹਨ। ਉਨ੍ਹਾਂ ਆਖਿਆ ਕਿ ਪੰਜਾਬ ਅਫ਼ੀਮ ਅਤੇ ਭੁੱਕੀ ਹੁਣ ਵੀ ਮਿਲਦੀ ਹੈ ਪਰ ਡਰੱਗਜ਼ ਮਾਫ਼ੀਏ ਦੇ ਕੰਟਰੋਲ ਹੇਠ। ਉਨ੍ਹਾਂ ਦਲੀਲ ਦਿੰਦਿਆਂ ਆਖਿਆ ਕਿ 300 ਰੁਪਏ ਪ੍ਰਤੀ ਕਿੱਲੋ ਦੀ ਕੀਮਤ ਵਾਲੀ ਭੁੱਕੀ ਪੰਜ ਹਜ਼ਾਰ ਰੁਪਏ ਪ੍ਰਤੀ ਕਿੱਲੋ ਮਿਲ ਰਹੀ ਹੈ। ਡਾਕਟਰ ਗਾਂਧੀ ਨੇ ਦਲੀਲ ਦਿੰਦਿਆਂ ਆਖਿਆ ਕਿ ਉਹ ਮੰਗ ਸੰਸਦ ਵਿਚ ਵੀ ਉਠਾ ਚੁੱਕੇ ਹਨ ਅਤੇ ਇਸ ਤੋਂ ਇਲਾਵਾ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਵੀ ਮੁਲਾਕਾਤ ਕਰ ਚੁੱਕੇ ਹਨ ਪਰ ਅਫਸੋਸ ਹੁਣ ਤੱਕ ਪੰਜਾਬ ਸਰਕਾਰ ਵੱਲੋਂ ਇਸ ਮੰਗ ਉੱਤੇ ਕੋਈ ਜਵਾਬ ਨਹੀਂ ਦਿੱਤਾ ਗਿਆ।

ਡਾਕਟਰ ਗਾਂਧੀ ਨੇ ਦੱਸਿਆ ਕਿ ਉਹ ਲੋਕਾਂ ਅਤੇ ਕਿਸਾਨਾਂ ਨੂੰ ਇਸ ਸਬੰਧੀ ਜਾਗਰੂਕ ਕਰਨ ਲਈ ਛੇ ਰੈਲੀਆਂ ਵੀ ਕਰ ਚੁੱਕੇ ਹਨ। ਉਹਨਾਂ ਨਵਜੋਤ ਸਿੰਘ ਸਿੱਧੂ ਦੀ ਪ੍ਰਸੰਸਾ ਕਰਦੇ ਹੋਏ ਆਖਿਆ ਕਿ ਉਨ੍ਹਾਂ ਨੇ ਅਫ਼ੀਮ ਤੇ ਭੁੱਕੀ ਦੀ ਗੱਲ ਕਰ ਕੇ ਇੱਕ ਸਮਝਦਾਰੀ ਵਾਲੀ ਗੱਲ ਕੀਤੀ ਹੈ।

### ਕੀ ਕਹਿੰਦੇ ਹਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ

ਪੰਜਾਬ ਸਰਕਾਰ ਦੇ ਮੰਤਰੀ ਨਵਜੋਤ ਸਿੱਧੂ ਵਲੋਂ ਸੂਬੇ ਵਿਚ ਅਫੀਮ ਦੀ ਖੇਤੀ ਦਾ ਸਮਰਥਨ ਕਰਨ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਭਾਵੇਂ ਸਿੱਧੂ ਦੇ ਹੱਕ ਵਿਚ ਬੋਲੇ ਹਨ ਪਰ ਉਨ੍ਹਾਂ ਪੰਜਾਬ ਵਿਚ ਅਫੀਮ ਦੀ ਖੇਤੀ ਤੋਂ ਨਾਂਹ ਕੀਤੀ ਹੈ। ਕੈਪਟਨ ਨੇ ਕਿਹਾ ਕਿ ਸਿੱਧੂ ਨੇ ਅਫੀਮ ਦੀ ਖੇਤੀ ਦਾ ਸਮਰਥਨ ਦਵਾਈ ਵਜੋਂ ਵਰਤੋਂ ਕਰਨ ਲਈ ਕੀਤਾ ਹੈ ਤੇ ਇਸ ਦੇ ਨਾਲ ਹੀ ਉਨ੍ਹਾਂ ਨੇ ਰਾਸ਼ਟਰੀ ਡਰੱਗ ਨੀਤੀ ਬਣਾਉਣ ਦਾ ਮੁੜ ਸੱਦਾ ਦਿੱਤਾ ਹੈ ਤੇ ਕਿਹਾ ਹੈ ਕਿ ਨਸ਼ਿਆਂ ਦੀ ਸਮੱਸਿਆ ਨਾਲ ਪ੍ਰਭਾਵੀ ਤਰੀਕੇ ਨਾਲ ਨਿਪਟਣ ਲਈ ਕੇਂਦਰੀ ਪੱਧਰ 'ਤੇ ਵਿਆਪਕ ਫਾਰਮੂਲਾ ਤਿਆਰ ਕਰਨ ਦੀ ਲੋੜ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਕੇਂਦਰ ਵਿਚ ਪ੍ਰਧਾਨ ਮੰਤਰੀ ਮੋਦੀ ਤੇ ਕੇਂਦਰੀ ਮੰਤਰੀ ਰਾਜਨਾਥ ਕੋਲ ਰਾਸ਼ਟਰੀ ਡਰੱਗ ਨੀਤੀ ਦਾ ਮੁੱਦਾ ਚੁੱਕਿਆ ਹੈ ਅਤੇ ਉਨ੍ਹਾਂ ਨੇ ਮੁੱਖ ਮੰਤਰੀਆਂ ਦੀ ਕਾਨਫਰੰਸ ਵਿਚ ਵੀ ਇਹ ਮਾਮਲਾ ਚੁੱਕਿਆ ਸੀ। ਨਸ਼ਿਆਂ ਦੇ ਖਾਤਮੇ ਵਾਸਤੇ



ਸਪਸ਼ਟ ਵਿਧੀ-ਵਿਧਾਨ ਦੀ ਜ਼ਰੂਰਤ ਹੈ। ਉਨ੍ਹਾਂ ਇਸ ਸਮੱਸਿਆ ਨਾਲ ਨਿਪਟਣ ਲਈ ਰਾਸ਼ਟਰੀ ਨੀਤੀ ਦੀ ਜ਼ਰੂਰਤ 'ਤੇ ਵਾਰ-ਵਾਰ ਜ਼ੋਰ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਰਗੇ ਸੂਬਿਆਂ ਵੱਲੋਂ ਅਫੀਮ ਦੀ ਖੇਤੀ ਕੀਤੀ ਜਾ ਰਹੀ ਹੈ ਜਿਸ ਵਾਸਤੇ ਪੰਜਾਬ ਲਾਹੇਵੰਦ ਮੰਡੀ ਬਣਿਆ ਆ ਰਿਹਾ ਹੈ। ਉਨ੍ਹਾਂ ਤੌਖਲਾ ਜ਼ਾਹਿਰ ਕੀਤਾ ਕਿ ਇਸ ਨਾਲ ਉਨ੍ਹਾਂ ਦੇ ਸੂਬੇ ਦੀ ਨੌਜਵਾਨ ਪੀੜ੍ਹੀ ਤਬਾਹ ਹੋ ਜਾਵੇਗੀ। ਮੁੱਖ ਮੰਤਰੀ ਵਜੋਂ ਆਪਣੇ ਸੰਨ 2007 ਦੇ ਪਿਛਲੇ ਕਾਰਜ ਕਾਲ ਤੋਂ ਹੀ ਅਜਿਹੀ ਨੀਤੀ ਦੀ ਮੰਗ ਕਰਦੇ ਆ ਰਹੇ ਹੋਣ ਦਾ ਜ਼ਿਕਰ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਇਨ੍ਹਾਂ ਤੱਥਾਂ ਨੂੰ ਸਹੀ ਮੰਨਿਆ ਹੈ ਕਿ ਕੁਝ ਸੂਬਿਆਂ ਵੱਲੋਂ ਅਫੀਮ ਦੀ ਖੇਤੀ ਦੀ ਵਧ ਰਹੀ ਮੰਗ ਦੇ ਕਾਰਨ ਇਹ ਮੁੱਦਾ ਕੇਂਦਰ ਬਿੰਦੂ ਵਿਚ ਆ ਗਿਆ ਹੈ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਹੁਣ ਇਸ ਮਾਮਲੇ ਨੂੰ ਹੱਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ, "ਇੱਕ ਸੂਬਾ ਜੇ ਭੁੱਕੀ ਦੀ ਖੇਤੀ ਕਰ ਕੇ ਜੇ ਦੂਜੇ ਸੂਬੇ ਨੂੰ ਵੇਚੇਗਾ ਤਾਂ ਇਹ ਸਹੀ ਨਹੀਂ ਹੈ। ਇਸ ਨਾਲ ਨਵੀਂ ਪੀੜ੍ਹੀ ਬਰਬਾਦ ਹੋ ਰਹੀ ਹੈ।"

## ਪੰਜਾਬ ਵਿਚ ਕਦੋਂ ਹੋਈ ਅ.ਫੀਮ ਦੀ ਖੇਤੀ .ਗੈਰ-ਕਾਨੂੰਨੀ

### *ਡਾਕਟਰਾਂ ਨੇ ਗਾਂਧੀ ਤੇ ਸਿੱਧੂ ਦੇ ਅਫੀਮਚੀ ਪੰਜਾਬ ਦੇ ਬਿਆਨ ਨੂੰ ਬਚਕਾਨਾ ਦੱਸਿਆ*

ਚੰਡੀਗੜ੍ਹ ਦੇ ਪੀਜੀਆਈ ਦੇ ਨਸ਼ਾ ਛੁਡਾਊ ਕੇਂਦਰ ਦੇ ਡਾਕਟਰ ਦੇਬਸ਼ੀਸ਼ ਬਾਸੂ ਦੱਸਦੇ ਹਨ ਕਿ ਸੰਨ 1985 ਤੋਂ ਪਹਿਲਾਂ ਅਫ਼ੀਮ ਦੀ ਖੇਤੀ ਪੰਜਾਬ ਵਿਚ ਹੁੰਦੀ ਸੀ। ਪੰਜਾਬ ਵਿਚ ਨਸ਼ਿਆਂ ਬਾਰੇ ਸਟੱਡੀ ਕਰਨ ਵਾਲੇ ਡਾਕਟਰ ਬਾਸੂ ਨੇ ਦੱਸਿਆ ਕਿ ਸੰਨ 1985 ਵਿਚ ਐਨਡੀਪੀਐਸ ਐਕਟ ਆਇਆ ਜਿਸ ਵਿਚ ਅਫ਼ੀਮ ਦੀ ਖੇਤੀ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਹਾਲਾਂਕਿ ਭੰਗ ਨੂੰ ਕਾਨੂੰਨ ਦੇ ਦਾਇਰੇ ਤੋਂ ਬਾਹਰ ਰੱਖਿਆ ਗਿਆ। ਪੰਜਾਬ ਦੇ ਨਸ਼ੇ ਬਾਰੇ ਸ਼ੋਧ ਕਰਨ ਬਾਰੇ ਡਾਕਟਰ ਦੇਵਸ਼ਿਸ ਬਾਸੂ ਨੇ ਦੱਸਿਆ ਕਿ ਦਵਾਈ ਵਾਸਤੇ ਅਫ਼ੀਮ ਦੀ ਖੇਤੀ ਦੇਸ ਦੇ ਕਈ ਸੂਬਿਆਂ ਵਿਚ ਹੋ ਰਹੀ ਹੈ। ਡਾਕਟਰ ਧਰਮਵੀਰ ਗਾਂਧੀ ਅਤੇ ਹੋਰਨਾਂ ਦੀ ਅਫ਼ੀਮ ਦੀ ਖੇਤੀ ਸਬੰਧੀ ਕੀਤੀ ਜਾ ਰਹੀ ਮੰਗ ਉੱਤੇ ਟਿੱਪਣੀ ਕਰਦੇ ਹੋਏ ਉਨ੍ਹਾਂ ਆਖਿਆ ਕਿ ਉਹ ਮੰਗ ਪਿੱਛੇ ਦੀ ਭਾਵਨਾ ਨੂੰ ਸਮਝਦੇ ਹਨ। ਇਸ ਮੰਗ ਦਾ ਆਧਾਰ ਇਹ ਹੈ ਕਿ ਜਦੋਂ ਨਸ਼ੇ ਦੀ ਵਰਤੋਂ ਕਰਨ ਵਾਲੇ ਨੂੰ ਅਫ਼ੀਮ ਜਾਂ ਭੁੱਕੀ ਨਹੀਂ ਮਿਲੇਗੀ ਤਾਂ ਉਹ ਸਿੰਥੈਟਿਕ ਨਸ਼ਿਆਂ ਵੱਲ ਰੁਖ਼ ਕਰੇਗਾ ਜੋ ਕਿ ਜ਼ਿਆਦਾ ਖ਼ਤਰਨਾਕ ਹੈ। ਉਨ੍ਹਾਂ ਆਖਿਆ ਕਿ ਭੁੱਕੀ ਅਤੇ ਅਫ਼ੀਮ ਦਾ ਸਰੀਰ ਉੱਤੇ ਮਾਰੂ ਅਸਰ ਘੱਟ ਪੈਂਦਾ ਹੈ। ਪਰ ਉਹ ਇਸ ਦਾ ਸਮਰਥਨ ਨਹੀਂ ਕਰਦੇ ਕਿਉਂਕਿ ਇਸ ਦਾ ਅਸਰ ਕੀ ਹੋਵੇਗਾ ਇਸ ਬਾਰੇ ਪਹਿਲਾਂ ਤੋਂ ਕੁਝ ਨਹੀਂ ਕਿਹਾ ਦਾ ਸਕਦਾ। ਅੰਮ੍ਰਿਤਸਰ ਦੇ ਨਸ਼ਾ ਛੁਡਾਊ ਕੇਂਦਰ ਦੇ ਇੰਚਾਰਜ ਡਾਕਟਰ ਪੀ ਡੀ ਗਰਗ ਨੇ ਡਾਕਟਰ ਗਾਂਧੀ ਅਤੇ ਹੋਰਨਾਂ ਵੱਲੋਂ ਕੀਤੀ ਜਾ ਰਹੀ ਮੰਗ ਨੂੰ ਸਿਰੇ ਤੋਂ ਖ਼ਾਰਜ ਕਰਦਿਆਂ ਇਸ ਨੂੰ ਬੱਚਿਆਂ ਵਾਲਾ ਬਿਆਨ ਕਰਾਰ ਦਿੱਤਾ। ਉਨ੍ਹਾਂ ਆਖਿਆ ਕਿ ਇਸ ਨਾਲ ਨਸ਼ਿਆਂ ਦੀ ਸਮੱਸਿਆ ਸੂਬੇ ਵਿੱਚ ਹੋਰ ਵਧ ਸਕਦੀ ਹੈ ਕਿਉਂਕਿ ਲੋਕ ਖੁੱਲ੍ਹੇ ਤੌਰ 'ਤੇ ਇਸ ਦਾ ਸੇਵਨ ਕਰਨ ਲੱਗ ਜਾਣਗੇ।

ਉਨ੍ਹਾਂ ਨੇ ਇਹ ਗੱਲ ਮੰਨੀ ਕਿ ਉਹ ਨਸ਼ਾ ਛਡਾਉਣ ਲਈ ਜਿਸ ਦਵਾਈ ਦੀ ਵਰਤੋਂ ਕਰਦੇ ਹਨ ਉਹ ਅਫ਼ੀਮ ਤੋਂ ਤਿਆਰ ਹੁੰਦੀ ਹੈ। ਉਨ੍ਹਾਂ ਕਿਹਾ, "ਅਸੀਂ ਇਸ ਨੂੰ ਦਵਾਈ ਦੀ ਤਰਾਂ ਮਰੀਜ਼ਾਂ ਨੂੰ ਦਿੰਦੇ ਹਾਂ, ਕਿਉਂਕਿ ਸਾਨੂੰ ਇਸ ਦੇ ਨੁਕਸਾਨ ਵੀ ਪਤਾ ਹਨ।"

ਸਪਸ਼ਟ ਹੈ ਕਿ ਅਫ਼ੀਮ ਦੀ ਖੇਤੀ ਸਬੰਧੀ ਰਾਜਨੀਤਿਕ ਪਾਰਟੀਆਂ ਅਤੇ ਜਾਣਕਾਰਾਂ ਦੀ ਰਾਏ ਵੱਖੋ ਵੱਖਰੀ ਹੈ ਪਰ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਅਫ਼ੀਮ ਦੀ ਖੇਤੀ ਦੀ ਮੰਗ ਪਹਿਲਾਂ ਨਾਲ ਵਧੇਰੇ ਇਸ ਸਮੇਂ ਚਰਚਾ ਵਿਚ ਹੈ। ਕੁਝ ਕਿਸਾਨ ਯੂਨੀਅਨਾਂ ਵੀ ਇਸ ਦੇ ਹੱਕ ਵਿਚ ਹਨ।

### ਧਰਮਵੀਰ ਗਾਂਧੀ ਖ਼ਿਲਾ.ਫ ਦਰਜ ਹੋ ਸਕਦਾ ਹੈ ਕੇਸ

ਪਿਛਲੇ ਦਿਨੀਂ ਅਹਿਮਦਗੜ੍ਹ ਦੇ ਪਿੰਡ ਵਿੱਚ ਕਿਸਾਨ ਰੈਲੀ ਦੌਰਾਨ ਖੇਤ ਤਿਆਰ ਕਰਕੇ ਉਸ ਵਿੱਚ ਖਸਖਸ ਬੀਜਣਾ ਪਟਿਆਲਾ ਤੋਂ ਲੋਕ ਸਭਾ ਮੈਂਬਰ ਧਰਮਵੀਰ ਗਾਂਧੀ ਨੂੰ ਮਹਿੰਗਾ ਪੈ ਸਕਦਾ ਹੈ। ਰੈਲੀ ਦੌਰਾਨ ਖਸਖਸ ਬੀਜਣ ਦੀ ਵਾਇਰਲ ਹੋਈ ਵੀਡੀਓ ਦੀ ਜਾਂਚ ਕਰਕੇ ਹੁਣ ਪੁਲੀਸ ਇਸ ਮਾਮਲੇ ਵਿੱਚ ਲੋਕ ਸਭਾ ਮੈਂਬਰ ਗਾਂਧੀ ਤੇ ਹੋਰਨਾਂ ਖ਼ਿਲਾਫ਼ ਕੇਸ ਦਰਜ ਕਰ ਸਕਦੀ ਹੈ। ਪੁਲੀਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਲੁਧਿਆਣਾ ਰੇਂਜ ਦੇ ਡੀਆਈਜੀ ਰਣਬੀਰ ਸਿੰਘ ਖੱਟੜਾ ਨੇ ਕਿਹਾ ਕਿ ਉਨ੍ਹਾਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਤੇ ਡੀਏ ਲੀਗਲ ਤੋਂ ਇਸ ਸਬੰਧੀ ਰਾਏ ਲਈ ਜਾ ਰਹੀ ਹੈ। ਦੂਜੇ ਪਾਸੇ ਇਸ ਮੁੱਦੇ ਉੱਤੇ ਸ਼੍ਰੋਮਣੀ ਅਕਾਲੀ ਬਾਦਲ ਦੇ ਬੁਲਾਰੇ ਡਾਕਟਰ ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਪੰਜਾਬ ਵਿਚ ਅਫ਼ੀਮ ਦੀ ਖੇਤੀ ਦੀ ਖੁੱਲ ਦੇਣਾ ਨਸ਼ੇ ਉਤੇ ਕਾਬੂ ਪਾਉਣ ਦਾ ਕੋਈ ਪੱਕਾ ਅਤੇ ਸਾਰਥਿਕ ਹੱਲ ਨਹੀਂ ਹੈ। ਡਾ. ਚੀਮਾ ਨੇ ਆਖਿਆ ਕਿ ਜੇਕਰ ਸਰਕਾਰ ਇਸ ਦੀ ਖੁੱਲ੍ਹ ਦਿੰਦੀ ਹੈ ਤਾਂ ਇਹ ਕਦਮ ਸੂਬੇ ਦੇ ਲੋਕਾਂ ਨੂੰ ਹਨੇਰੇ ਵਿਚ ਧੱਕਣ ਵਾਲਾ ਹੋਵੇਗਾ। ਉਨ੍ਹਾਂ ਆਖਿਆ ਕਿ ਜੇਕਰ ਸਰਕਾਰ ਨੂੰ ਲਗਦਾ ਹੈ ਕਿ ਨਸ਼ੇ ਦੀ ਸਮੱਸਿਆ ਦਾ ਹੱਲ ਸਿਰਫ਼ ਅਫ਼ੀਮ ਦੀ ਖੇਤੀ ਨੂੰ ਖੁੱਲ੍ਹ ਦੇਣਾ ਹੈ, ਤਾਂ ਸਰਕਾਰ ਨੂੰ ਇਸ ਸਬੰਧੀ ਪੂਰੀ ਸਪਸ਼ਟ ਨੀਤੀ ਲੋਕਾਂ ਦੇ ਸਾਹਮਣੇ ਰੱਖਣੀ ਚਾਹੀਦੀ ਹੈ।

### ਸਿੱਧੂ ਬੋਲਿਆ ਗਾਂਧੀ ਦੇ ਹੱਕ 'ਚ

ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੱਧੂ ਨੇ ਪਟਿਆਲਾ ਦੇ ਸਾਂਸਦ ਧਰਮਵੀਰ ਗਾਂਧੀ ਵੱਲੋਂ ਅਫ਼ੀਮ ਤੇ ਭੁੱਕੀ ਨੂੰ ਕਾਨੂੰਨੀ ਕਰਨ ਦੀ ਮੰਗ ਨੂੰ ਜਾਇਜ਼ ਦੱਸਿਆ ਹੈ। ਸਿੱਧੂ ਨੇ ਆਖਿਆ ਕਿ ਉਹ ਇਹ ਮੰਗ ਚੁੱਕਣ ਲਈ ਧਰਮਵੀਰ ਗਾਂਧੀ ਦੀ ਸ਼ਲਾਘਾ ਕਰਦੇ ਹਨ। ਸਿੱਧੂ ਨੇ ਇੱਕ ਅਕਾਲੀ ਦਲ ਆਗੂ ਉੱਤੇ ਪੰਜਾਬ ਵਿੱਚ 'ਚਿੱਟਾ' (ਹੈਰੋਇਨ) ਲੈ ਕੇ ਆਉਣ ਦਾ ਇਲਜ਼ਾਮ ਲਾਉਂਦਿਆਂ ਕਿਹਾ ਕਿ ਉਨ੍ਹਾਂ (ਸਿੱਧੂ) ਦੇ ਇੱਕ ਰਿਸ਼ਤੇਦਾਰ ਅਫ਼ੀਮ ਨੂੰ ਦਵਾਈ ਵਜੋਂ ਵਰਤਦੇ ਸਨ।



### ਬ੍ਰਹਮ ਮਹਿੰਦਰਾ, ਤ੍ਰਿਪਤ ਬਾਜਵਾ ਨੇ ਅਫੀਮਚੀਆਂ ਦੇ ਪੰਜਾਬ ਦਾ ਕੀਤਾ ਵਿਰੋਧ

ਸਿਹਤ ਮੰਤਰੀ ਬ੍ਰਹਮਮਹਿੰਦਰਾ ਤੇ ਸ਼ਹਿਰੀ ਵਿਕਾਸ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਪੋਸਤ ਦੀ ਖੇਤੀ ਦਾ ਵਿਰੋਧ ਕੀਤਾ। ਇਨ੍ਹਾਂ ਦਾ ਕਹਿਣਾ ਸੀ ਕਿ ਨਸ਼ਿਆਂ ਦੀ ਲਪੇਟ ਵਿਚ ਆ ਚੁੱਕੀ ਨੌਜਵਾਨ ਪੀੜ੍ਹੀ ਨੂੰ ਕਿਸੇ ਹੋਰ ਨਸ਼ੇ ਵਿਚ ਧਕੇਲਣਾ ਗਲਤ ਹੋਵੇਗਾ। ਸਰਕਾਰ ਇਕ ਨਸ਼ੇ ਨੂੰ ਖਤਮ ਕਰਨ ਲਈ ਦੂਸਰੇ ਨਸ਼ੇ ਨੂੰ ਉਤਸ਼ਾਹਿਤ ਨਹੀਂ ਕਰੇਗੀ। ਸਰਕਾਰ ਪੰਜਾਬ ਵਿਚ ਨਸ਼ੇ ਦੀ ਖੇਤੀ ਨਹੀਂ ਹੋਣ ਦੇਵੇਗੀ।

## ਭਾਰਤ 'ਚ ਸ਼ਰਾਬ ਪੀਣ ਵਾਲਿਆਂ ਦੀ ਵਧੀ ਗਿਣਤੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਵਿਸ਼ਵ ਸਿਹਤ ਸੰਗਠਨ (ਡਬਲਿਊਐਚਓ) ਦੀ ਇਕ ਰਿਪੋਰਟ ਅਨੁਸਾਰ ਭਾਰਤ ਵਿਚ ਪ੍ਰਤੀ ਵਿਅਕਤੀ ਸ਼ਰਾਬ ਦੀ ਖਪਤ 2005 ਤੋਂ 2016 ਦੇ ਵਿਚ ਦੋ ਗੁਣਾ ਹੋ ਗਈ ਹੈ। ਇੱਥੇ ਪ੍ਰਤੀ ਵਿਅਕਤੀ ਸਾਲਾਨਾ 5.7 ਲੀਟਰ ਸ਼ਰਾਬ ਪੀਤੀ ਜਾਂਦੀ ਹੈ।

ਰਿਪੋਰਟ ਅਨੁਸਾਰ ਡਬਲਿਊ ਐਚ ਓ ਖੇਤਰਾਂ ਦੇ ਅੱਧੇ ਖੇਤਰਾਂ ਵਿਚ ਪ੍ਰਤੀ ਵਿਅਕਤੀ ਸ਼ਰਾਬ ਦੀ ਕੁਲ ਖਪਤ (15 ਪਲਸ ਸਾਲ) ਵਿਚ ਵਾਧਾ ਹੋਣ ਦੀ ਆਸ ਹੈ ਅਤੇ ਦੱਖਣੀ ਪੂਰਵ ਏਸ਼ੀਆ ਖੇਤਰ ਵਿਚ ਸਭ ਤੋਂ ਜ਼ਿਆਦਾ ਵਾਧੇ ਦੀ ਉਮੀਦ ਹੈ। ਕੇਵਲ ਭਾਰਤ ਵਿਚ ਹੀ 2.2 ਲੀਟਰ ਵਾਧੇ ਦੀ ਉਮੀਦ ਹੈ। ਭਾਰਤ ਇਸ ਖੇਤਰ ਵਿਚ ਕੁਲ ਜਨ ਸੰਖਿਆ ਦੇ ਇਕ ਵੱਡੇ ਹਿੱਸੇ ਦੀ ਪ੍ਰਤੀਨਿਧਤਾ ਕਰਦਾ ਹੈ। ਇੰਡੋਨੇਸ਼ੀਆ ਅਤੇ ਥਾਈਲੈਂਡ ਵਿਚ ਵੀ ਕੁਝ ਵਾਧਾ ਹੋਣ ਦੀ ਉਮੀਦ ਹੈ।

- 2025 ਤੱਕ ਚੀਨ ਵਿਚ ਸ਼ੁੱਧ ਸ਼ਰਾਬ ਪ੍ਰਤੀ ਵਿਅਕਤੀ ਖਪਤ 0.9 ਲੀਟਰ ਵਾਧੇ ਦੀ ਉਮੀਦ।
- 200-2005 ਦੇ ਵਿਚ ਸਥਿਰ ਚਰਨ ਦੇ ਬਾਅਦ ਵਿਸ਼ਵ




ਖਪਤ ਵਿਚ ਵਾਧਾ ਹੋਇਆ।

- 2005 ਵਿਚ 5.5 ਲੀਟਰ ਪ੍ਰਤੀ ਵਿਅਕਤੀ ਖਪਤ ਵਿਸ਼ਵ ਪੱਧਰ 'ਤੇ ਸੀ।
- 2010 ਵਿਚ 6.4 ਹੋ ਗਈ ਅਤੇ 2016 ਵਿਚ ਇਹ 6.4 ਲੀਟਰ ਦੇ ਪੱਧਰ 'ਤੇ ਬਣੀ ਹੋਈ ਹੈ।

ਅਲਕੋਹਲ ਦੀ ਹਾਨੀਕਾਰਕ ਵਰਤੋਂ ਦੁਨੀਆ ਭਰ ਵਿਚ ਲੋਕਾਂ ਦੇ ਸਿਹਤ ਲਈ ਪ੍ਰਮੁੱਖ ਜੋਖਿਮ ਕਾਰਕਾਂ ਵਿਚੋਂ ਇਕ ਹੈ। ਇਹ ਮਾਂ-ਸ਼ਿਸ਼ੂ ਸਿਹਤ, ਐਚਆਈਵੀ, ਵਾਈਰਲ, ਹੇਪੇਟਾਈਟਿਸ, ਤਪੇਦਿਕ ਗੈਰ ਸੰਚਾਰੀ ਬਿਮਾਰੀਆਂ ਅਤੇ ਮਾਨਸਿਕ ਸਿਹਤ ਸਮੇਤ ਸਥਿਰ ਵਿਕਾਸ ਟੀਚੇ (ਐਚਡੀਜੀ) ਦੇ ਕਈ ਸਿਹਤ ਸਬੰਧੀ ਟੀਚਿਆਂ 'ਤੇ ਪ੍ਰਤੱਖ ਪ੍ਰਭਾਵ ਪੈਂਦਾ ਹੈ।

2016 ਵਿਚ ਅਲਕੋਹਲ ਦੇ ਹਾਨੀਕਾਰਕ ਵਰਤੋਂ ਨਾਲ ਦੁਨੀਆ ਭਰ ਵਿਚ 30 ਲੱਖ ਲੋਕਾਂ (ਸਾਰੇ ਤਰ੍ਹਾਂ ਦੀ ਮੌਤਾਂ ਦਾ 5.3 ਫੀਸਦੀ) ਦੀ ਮੌਤ ਹੋਈ। ਰਿਪੋਰਟ ਵਿਚ ਕਿਹਾ ਗਿਆ ਕਿ ਸ਼ਰਾਬ ਦੀ ਹਾਨੀਕਾਰਕ ਵਰਤੋਂ ਨਾਲ 200 ਤੋਂ ਜ਼ਿਆਦਾ ਬਿਮਾਰੀਆਂ ਅਤੇ ਹਾਦਸਿਆਂ ਦੀ ਸਥਿਤੀਆਂ ਵਿਚ ਇਕ ਕਾਰਨ ਰਿਹਾ ਹੈ।

**ਭਾਰਤ 'ਚ ਖਪਤ**

**2005** : 2.4 ਲੀਟਰ **2016** : 5.7 ਲੀਟਰ

**ਪੁਰਸ਼** : 4.2 ਲੀਟਰ **ਔਰਤ** : 1.6 ਲੀਟਰ

### ਬਿਹਾਰ ਦੇ ਚੂਹੇ ਵੀ ਸ਼ਰਾਬੀ, 10000 ਦੀ ਪੀਤੀ ਸ਼ਰਾਬ

**ਪਟਨਾ/ਬਿਊਰੋ ਨਿਊਜ਼ :**
ਸ਼ਰਾਬਬੰਦੀ ਤੋਂ ਬਾਅਦ ਬਿਹਾਰ ਦੇ ਚੂਹੇ ਸ਼ਰਾਬੀ ਹੋ ਗਏ ਹਨ। ਪਹਿਲੀ ਵੀ ਉਨ੍ਹਾਂ ਨੇ 9 ਲੱਖ ਲੀਟਰ ਸ਼ਰਾਬ ਪੀ ਲਈ ਸੀ ਅਤੇ ਹੁਣ ਇਕ ਵਾਰ ਫਿਰ ਤੋਂ ਉਨ੍ਹਾਂ ਨੇ ਸ਼ਰਾਬ ਪੀ ਲਈ ਹੈ। ਇਸ ਵਾਰ ਮਾਮਲਾ ਕੈਮੂਰ ਜ਼ਿਲੇ ਦਾ ਹੈ ਜਿੱਥੇ ਜ਼ਬਤ ਸ਼ਰਾਬ ਨੂੰ ਨਸ਼ਟ ਕਰਨ ਦੌਰਾਨ ਇਸ ਗੱਲ ਦਾ ਖੁਲਾਸਾ ਹੋਇਆ ਹੈ ਕਿ ਚੂਹਿਆਂ ਨੇ ਸ਼ਰਾਬ ਦੇ ਸਟਾਕ ਵਿਚ ਸੇਂਧਮਾਰੀ ਕੀਤੀ ਹੈ। ਅਸਲ ਵਿਚ ਕੈਮੂਰ ਜ਼ਿਲੇ ਵਿਚ ਸ਼ਰਾਬ ਨੂੰ ਨਸ਼ਟ ਕਰਨ ਦੀ ਪ੍ਰਕਿਰਿਆ ਚਲ ਰਹੀ ਸੀ ਜਿਸ ਵਿਚ ਜਬਤ ਸ਼ਰਾਬ ਨੂੰ ਭਭੁਆ ਦੇ ਮਾਲ ਗੋਦਾਮ ਵਿਚ ਰੱਖਿਆ ਗਿਆ ਸੀ ਜਿਸ ਨੂੰ ਨਸ਼ਟ ਕੀਤਾ ਜਾਣਾ ਸੀ। ਸੋਮਵਾਰ ਨੂੰ ਜਦੋਂ ਸ਼ਰਾਬ ਨੂੰ ਨਸ਼ਟ ਕੀਤਾ ਜਾ ਰਿਹਾ ਸੀ ਤਾਂ ਜਬਤ ਸ਼ਰਾਬ ਅਤੇ ਨਸ਼ਟ ਸ਼ਰਾਬ ਦੀ ਕੀਮਤ ਵਿਚ 10 ਹਜ਼ਾਰ ਰੁਪਏ ਦਾ ਅੰਤਰ ਪਾਇਆ ਗਿਆ। ਇਸ ਦੇ ਬਾਅਦ ਖੁਲਾਸਾ ਹੋਇਆ ਕਿ ਸਟੋਰੇਜ ਤੋਂ ਕੁਝ ਸ਼ਰਾਬ ਚੂਹੇ ਪੀ ਗਏ।

# ਕੈਪਟਨ ਨਸ਼ਾ ਤਸਕਰੀ ਖਤਮ ਨਾ ਕਰ ਸਕੇ




- ਨਸ਼ੇੜੀ ਨੌਜਵਾਨਾਂ ਦੀਆਂ ਮੌਤਾਂ ਪਹਿਲਾਂ ਦੀ ਤਰ੍ਹਾਂ ਜਾਰੀ
- ਕੈਪਟਨ ਸਰਕਾਰ ਵੀ ਵੱਡੇ ਮਗਰਮੱਛਾਂ ਨੂੰ ਹੱਥ ਨਾ ਪਾ ਸਕੀ
- ਸਾਲ 2014 ਦੌਰਾਨ 186 ਮੌਤਾਂ ਹੋਈਆਂ, 2015 ਦੌਰਾਨ 144, 2016 ਦੌਰਾਨ 138, 2017 ਦੌਰਾਨ 11 ਅਤੇ 2018 ਦੌਰਾਨ 16 ਸਤੰਬਰ ਤੱਕ 91 ਮੌਤਾਂ ਹੋ ਚੁੱਕੀਆਂ
- ਸਭ ਤੋਂ ਵਧ ਮੌਤਾਂ ਲੁਧਿਆਣੇ ਤੇ ਅੰਮ੍ਰਿਤਸਰ 'ਚ ਹੋਈਆਂ

**ਚੰਡੀਗੜ੍ਹ/ਬਿਊਰੋ ਨਿਊਜ਼ :**

ਪੰਜਾਬ ਸਰਕਾਰ ਦੀ ਨਸ਼ਿਆਂ ਵਿਰੋਧੀ ਮੁਹਿੰਮ ਅੰਕੜਿਆਂ ਦੀ ਖੇਡ ਤੱਕ ਸਿਮਟ ਗਈ ਹੈ। ਨਸ਼ਿਆਂ ਦੀ ਗ੍ਰਿਫ਼ਤ ਵਿੱਚ ਆਏ ਪੰਜਾਬ ਦੇ ਜਵਾਨਾਂ ਦਾ ਮੌਤ ਦੇ ਮੂੰਹ ਵਿਚ ਜਾਣਾ ਪਹਿਲਾਂ ਦੀ ਤਰ੍ਹਾਂ ਜਾਰੀ ਹੈ। ਪਰ ਸਰਕਾਰ ਵੱਲੋਂ ਹੈਰੋਇਨ, ਸਮੈਕ, ਅਫ਼ੀਮ, ਨਸ਼ੀਲੀਆਂ ਗੋਲੀਆਂ ਅਤੇ ਭੁੱਕੀ ਆਦਿ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੇ ਕੇਸਾਂ ਦੇ ਅੰਕੜਿਆਂ ਦੇ ਆਧਾਰ 'ਤੇ ਪੰਜਾਬ ਦੀ ਇਸ ਵੱਡੀ ਸਮੱਸਿਆ ਨੂੰ ਦੱਬਣ ਦੇ ਅਕਸਰ ਯਤਨ ਕੀਤੇ ਜਾਂਦੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਨਸ਼ਿਆਂ ਦੀ ਤਸਕਰੀ ਰੋਕਣ ਲਈ ਬਣਾਈ ਵਿਸ਼ੇਸ਼ ਟਾਸਕ ਫੋਰਸ ਵੀ ਵੱਡੀ ਮੱਛੀ ਨੂੰ ਹੱਥ ਪਾਉਣ ਵਿੱਚ ਕਾਮਯਾਬ ਨਾ ਹੋ ਸਕੀ। ਸਰਕਾਰ ਵੱਲੋਂ ਐੱਸਟੀਐੱਫ ਦੇ ਗਠਨ ਨੂੰ ਹੁਣ ਤੱਕ ਦੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ ਵਿੱਚ ਤਾਂ ਮੰਨਿਆ ਜਾਂਦਾ ਸੀ ਪਰ ਤਸਕਰੀ ਰੋਕਣ ਲਈ ਬਣਾਏ ਇਸ ਵਿੰਗ ਨੂੰ ਮੁੱਖ ਮੰਤਰੀ ਵੱਲੋਂ ਵੱਡੀ ਮਾਨਤਾ ਨਹੀਂ ਦਿੱਤੀ ਗਈ। ਇਹੀ ਕਾਰਨ ਹੈ ਕਿ ਪੁਲੀਸ ਦਾ ਇਹ ਵਿਸ਼ੇਸ਼ ਵਿੰਗ ਵੀ ਵੱਡੇ ਪੁਲੀਸ ਅਧਿਕਾਰੀਆਂ ਦੀ ਹਉਮੈਂ ਦੀ ਭੇਟ ਚੜ੍ਹ ਕੇ ਰਹਿ ਗਿਆ। ਕੈਪਟਨ ਨੇ ਬਠਿੰਡਾ ਵਿੱਚ ਕੀਤੀ ਇੱਕ ਰੈਲੀ ਦੌਰਾਨ 'ਪਵਿੱਤਰ ਗੁਟਕਾ ਸਾਹਿਬ' ਹੱਥ ਵਿੱਚ ਫੜ ਕੇ ਸਹੁੰ ਖਾਧੀ ਸੀ ਕਿ ਕਾਂਗਰਸ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਨਸ਼ਿਆਂ ਨੂੰ ਪੰਜਾਬ ਵਿੱਚ 4 ਹਫ਼ਤਿਆਂ ਵਿਚ ਕਾਬੂ ਪਾ ਲਵੇਗੀ। ਮੁੱਖ ਮੰਤਰੀ ਵਜੋਂ ਕੈਪਟਨ ਨੂੰ ਸੱਤਾ ਸੰਭਾਲਿਆਂ ਡੇਢ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਪੰਜਾਬ ਦਾ ਨਸ਼ਿਆਂ ਤੋਂ ਖਹਿੜਾ ਨਹੀਂ ਛੁੱਟਿਆ।

ਸੂਬੇ ਵਿੱਚ ਅਕਾਲੀ ਭਾਜਪਾ ਸ਼ਾਸਨ ਦੇ ਸਮੇਂ ਇਹ ਮੁੱਦਾ ਜ਼ਿਆਦਾ ਸੁਰਖ਼ੀਆਂ ਵਿੱਚ ਆਇਆ ਸੀ। ਉਸ ਸਮੇਂ ਨਸ਼ਿਆਂ ਕਾਰਨ ਮੌਤਾਂ ਵੀ ਬਹੁਤ ਜ਼ਿਆਦਾ ਹੋਈਆਂ ਸਨ। ਜੇਕਰ ਪਿਛਲੇ ਸਾਢੇ ਚਾਰ ਸਾਲਾਂ ਦੇ ਅੰਕੜਿਆਂ 'ਤੇ ਝਾਤ ਮਾਰੀ ਜਾਵੇ ਤਾਂ 570 ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਸਾਲ 2014 ਦੌਰਾਨ 186 ਮੌਤਾਂ ਹੋਈਆਂ, 2015 ਦੌਰਾਨ 144, 2016 ਦੌਰਾਨ 138, 2017 ਦੌਰਾਨ 11 ਅਤੇ 2018 ਦੌਰਾਨ 16 ਸਤੰਬਰ ਤੱਕ 91 ਮੌਤਾਂ ਹੋ ਚੁੱਕੀਆਂ ਹਨ।

ਇਹ ਅੰਕੜੇ ਪੁਲੀਸ ਦੇ ਹਨ ਜਦੋਂਕਿ ਗੈਰ ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਇਸ ਸਾਲ ਦੌਰਾਨ ਹੀ 200 ਤੋਂ ਵੱਧ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਇਹ ਤੱਥ ਵੀ ਸਾਹਮਣੇ ਆਏ ਹਨ ਕਿ ਨਸ਼ਿਆਂ ਕਾਰਨ ਸਭ ਤੋਂ ਵੱਧ ਮੌਤਾਂ ਲੁਧਿਆਣਾ ਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ ਹੋ ਰਹੀਆਂ ਹਨ। ਇਹ ਵੀ ਮਹਤੱਵਪੂਰਨ ਤੱਥ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ ਤਰਾਸਦੀ 'ਤੇ ਪਰਦਾ ਪਾਉਣ ਲਈ ਨਸ਼ਿਆਂ ਦੀ ਤਸਕਰੀ ਦੇ ਮਾਮਲੇ ਵਿੱਚ ਦਰਜ ਐੱਫਆਈਆਰਜ਼ ਅਤੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਅੰਕੜੇ ਪੇਸ਼ ਕਰ ਦਿੱਤੇ ਜਾਂਦੇ ਹਨ। ਜੇਕਰ ਚਲੰਤ ਸਾਲ ਦੀ ਹੀ ਗੱਲ ਕਰੀਏ ਤਾਂ ਪਹਿਲੀ ਜਨਵਰੀ ਤੋਂ ਲੈ ਕੇ ਸਤੰਬਰ ਮਹੀਨੇ ਤੱਕ ਤਸਕਰੀ ਨਾਲ ਸਬੰਧਿਤ 8959 ਮਾਮਲੇ ਦਰਜ ਕੀਤੇ ਜਾ ਚੁੱਕੇ ਹਨ। ਇਨ੍ਹਾਂ ਮਾਮਲਿਆਂ ਵਿੱਚ 10,428 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।

ਜ਼ਿਕਰਯੋਗ ਹੈ ਕਿ ਅਕਾਲੀ ਭਾਜਪਾ ਸਰਕਾਰ ਸਮੇਂ ਜਦੋਂ ਕਦੇ ਸਰਕਾਰ ਨਸ਼ਿਆਂ ਦੀ ਤਸਕਰੀ ਦੇ ਮਾਮਲੇ ਵਿੱਚ ਘਿਰੀ ਮਹਿਸੂਸ ਕਰ ਰਹੀ ਹੁੰਦੀ ਸੀ, ਤਾਂ ਤਤਕਾਲੀ ਗ੍ਰਹਿ ਮੰਤਰੀ ਸੁਖਬੀਰ ਬਾਦਲ ਵੱਲੋਂ ਇਸੇ ਤਰ੍ਹਾਂ ਦੇ ਤੱਥ ਪੇਸ਼ ਕਰਦਿਆਂ ਤਸਕਰ ਫੜਨ ਤੇ ਬਰਾਮਦਗੀ ਵਿੱਚ ਕਾਮਯਾਬੀ ਦੇ ਦਾਅਵੇ ਕੀਤੇ ਜਾਂਦੇ ਸਨ। ਪੰਜਾਬ ਦੇ ਲੋਕਾਂ ਵਿੱਚ ਇਹ ਆਮ ਪ੍ਰਭਾਵ ਪਾਇਆ ਜਾਂਦਾ ਹੈ ਕਿ ਨਸ਼ਿਆਂ ਦੀ ਤਸਕਰੀ ਅਤੇ ਹੋਰਨਾਂ ਗੈਰ ਕਾਨੂੰਨੀ ਕੰਮਾਂ ਦੇ ਮਾਮਲਿਆਂ ਵਿੱਚ ਸਿਆਸਤਦਾਨਾਂ, ਪੁਲੀਸ ਤੇ ਤਸਕਰੀ ਜਾਂ ਅਪਰਾਧੀਆਂ ਦਰਮਿਆਨ ਇੱਕ ਗੱਠਜੋੜ ਬਣਿਆ ਹੋਇਆ ਹੈ। ਕੈਪਟਨ ਸਰਕਾਰ ਦੇ ਪਹਿਲੇ ਸਾਲ ਦੌਰਾਨ ਪੁਲੀਸ ਵਿਭਾਗ ਵਿੱਚ ਸਭ ਤੋਂ ਵੱਡੀ ਘਟਨਾ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਨਸ਼ਿਆਂ ਦੀ ਤਸਕਰੀ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕਰਨ ਦੀ ਹੈ। ਮੋਗਾ ਜ਼ਿਲ੍ਹੇ ਦੇ ਸਾਬਕਾ ਐੱਸਐੱਸਪੀ ਰਾਜਜੀਤ ਸਿੰਘ, ਜਿਸ ਉਪਰ ਇੰਦਰਜੀਤ ਸਿੰਘ ਨੂੰ ਸਰਪ੍ਰਸਤੀ ਦੇਣ ਦੇ ਦੋਸ਼ ਲੱਗੇ ਸਨ, ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਵਧੀਕ ਡੀਜੀਪੀ ਰੈਂਕ ਦੇ ਹੀ ਇੱਕ ਅਧਿਕਾਰੀ ਖ਼ਿਲਾਫ਼ ਰਿੱਟ ਪਾਉਣ ਨੇ ਅਨੁਸਾਸ਼ਨਬੱਧ ਫੋਰਸ ਦਾ ਇੱਕ ਨਵਾਂ ਕਿਰਦਾਰ ਸਾਹਮਣੇ ਲਿਆਂਦਾ ਹੈ। ਇਸ ਤੋਂ ਬਾਅਦ ਪੁਲੀਸ ਪੂਰੀ ਤਰ੍ਹਾਂ ਧੜੇਬੰਦੀ ਦਾ ਸ਼ਿਕਾਰ ਹੋਈ ਪਈ ਹੈ।

ਕੈਪਟਨ ਤੇ ਨਸ਼ਾ ਕਾਰੋਬਾਰ : ਨਸ਼ਿਆਂ ਦੀ ਦਲਦਲ ਵਿਚ ਫਸੇ ਪੰਜਾਬ ਵਿਚੋਂ ਚਾਰ ਹਫ਼ਤਿਆਂ ਵਿਚ ਨਸ਼ੇ ਖ਼ਤਮ ਕਰਨ ਦਾ ਦਾਅਵਾ ਕਰਨ ਵਾਲੇ ਕੈਪਟਨ ਅਮਰਿੰਦਰ ਸਿੰਘ ਹੁਣ ਇਕ ਹੋਰ ਦਾਅਵਾ ਲੈ ਕੇ ਹਾਜ਼ਰ ਹੋਏ ਹਨ। ਇਸ ਦਾਅਵੇ ਵਿਚ ਉਨ੍ਹਾਂ ਪੰਜਾਬ ਵਾਸੀਆਂ ਲਈ ਇਕ ਹੋਰ ਫ਼ਿਕਰ ਜੋੜ ਦਿੱਤਾ ਹੈ। ਉਨ੍ਹਾਂ ਦਾਅਵਾ ਕੀਤਾ ਹੈ ਕਿ ਪਾਕਿਸਤਾਨ ਅਤੇ ਚੀਨ ਖਾਸ ਰਣਨੀਤੀ ਤਹਿਤ ਉੱਤਰੀ ਭਾਰਤ ਦੇ ਸੂਬਿਆਂ, ਖਾਸ ਕਰ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਉੱਤੇ ਲਾ ਰਹੇ ਹਨ ਤਾਂ ਜੋ ਭਾਰਤੀ ਫ਼ੌਜ ਨੂੰ ਤਬਾਹ ਕੀਤਾ ਜਾ ਸਕੇ। ਉਨ੍ਹਾਂ ਹਾਲ ਹੀ ਵਿਚ ਗੁਜਰਾਤ ਦੀ ਮੰਡਵੀ ਬੰਦਰਗਾਹ ਅਤੇ ਜੰਮੂ ਕਸ਼ਮੀਰ ਵਿਚ ਉੜੀ ਤੋਂ ਫੜੀ ਹੈਰੋਇਨ ਦਾ ਹਵਾਲਾ ਦਿੱਤਾ ਹੈ। ਉਨ੍ਹਾਂ ਮੁਤਾਬਿਕ, ਭਾਰਤੀ ਫ਼ੌਜ ਦੀਆਂ ਦੋ-ਤਿਹਾਈ ਰਜਮੈਂਟਾਂ ਉੱਤਰੀ ਭਾਰਤ ਤੋਂ ਹੀ ਹਨ। ਜੇ ਇਨ੍ਹਾਂ ਸੂਬਿਆਂ ਦੇ ਨੌਜਵਾਨ ਤੰਦਰੁਸਤ ਹੀ ਨਹੀਂ ਹੋਣਗੇ ਤਾਂ ਇਸ ਦਾ ਅਸਰ ਫ਼ੌਜ ਦੀ ਭਰਤੀ ਉੱਤੇ ਪਵੇਗਾ। ਇਸ ਦੇ ਨਾਲ ਹੀ ਉਨ੍ਹਾਂ ਨਸ਼ਿਆਂ ਬਾਬਤ ਕੌਮੀ ਨੀਤੀ ਦੀ ਪੈਰਵਾਈ ਵੀ ਕੀਤੀ ਹੈ।

ਬਿਨਾਂ ਸ਼ੱਕ, ਨਸ਼ਿਆਂ ਨਾਲ ਨਜਿੱਠਣ ਦੇ ਮਾਮਲੇ 'ਤੇ ਕਾਰਗਰ ਕੌਮੀ ਨੀਤੀ ਸਮੇਂ ਦੀ ਲੋੜ ਹੈ ਪਰ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਹੱਥ ਵਿਚ ਲੈ ਕੇ ਸਹੁੰ ਖਾਧੀ ਸੀ ਕਿ ਸੂਬੇ ਵਿਚ ਉਨ੍ਹਾਂ ਦੀ ਸਰਕਾਰ ਬਣਨ ਤੋਂ ਬਾਅਦ ਚਾਰ ਹਫ਼ਤਿਆਂ ਵਿਚ ਨਸ਼ਿਆਂ ਦਾ ਫਸਤਾ ਵੱਢ ਦਿੱਤਾ ਜਾਵੇਗਾ। ਅਸਲ ਵਿਚ, ਸੂਬੇ ਦੇ ਲੋਕ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਅਤੇ ਘਰਾਂ ਦੇ ਉਜਾੜੇ ਤੋਂ ਇੰਨੇ ਦੁਖੀ ਸਨ ਕਿ ਚੋਣਾਂ ਦੌਰਾਨ ਇਹ ਮੁੱਖ ਮੁੱਦਾ ਬਣ ਗਿਆ ਸੀ। ਉਂਜ, ਸੱਤਾ ਸੰਭਾਲਣ ਤੋਂ ਬਾਅਦ ਕੈਪਟਨ ਨੇ ਇਸ ਮਸਲੇ ਤੋਂ ਟਾਲਾ ਵੱਟਣਾ ਆਰੰਭ ਕਰ ਦਿੱਤਾ। ਸੂਬੇ ਵਿਚ ਜਿਸ ਪੱਧਰ ਉੱਤੇ ਨਸ਼ੇ ਆ ਰਹੇ ਹਨ ਅਤੇ ਇਨ੍ਹਾਂ ਦੀ ਵੰਡ-ਵੰਡਾਈ ਹੋ ਰਹੀ ਹੈ, ਉਸ ਤੋਂ ਸਾਫ਼ ਜ਼ਾਹਿਰ ਹੈ ਕਿ ਵੱਡੀ ਪੱਧਰ ਉੱਤੇ ਮਿਲੀਭੁਗਤ ਤੋਂ ਬਗ਼ੈਰ ਅਜਿਹਾ ਹੋ ਸਕਣਾ ਅਸੰਭਵ ਹੈ। ਇਸ ਨਾਲ ਨਜਿੱਠਣਾ ਆਸਾਨ ਨਹੀਂ ਪਰ ਇੰਨਾ ਵੀ ਮੁਸ਼ਕਿਲ ਨਹੀਂ ਸੀ ਕਿ ਇਹ ਕਾਰੋਬਾਰ ਚਲਾ ਰਹੇ ਲੋਕਾਂ ਦੀ ਸ਼ਨਾਖ਼ਤ ਨਾ ਹੋ ਸਕਦੀ ਅਤੇ ਇਨ੍ਹਾਂ ਨੂੰ ਖਦੇੜਿਆ ਨਾ ਜਾ ਸਕਦਾ ਹੋਵੇ।

ਸਰਹੱਦੀ ਸੂਬਾ ਕਰਕੇ ਪੰਜਾਬ ਨੂੰ ਨਸ਼ਿਆਂ ਸਮੇਤ ਹੋਰ ਕਈ ਅਲਾਮਤਾਂ ਨਾਲ ਜੂਝਣਾ ਪੈ ਰਿਹਾ ਹੈ। ਇਸ ਕਾਰੋਬਾਰ ਵਿਚ ਸਿਆਸਤਦਾਨਾਂ, ਪੁਲੀਸ ਅਤੇ ਨਸ਼ਾ ਤਸਕਰਾਂ ਦੀ ਮਿਲੀਭੁਗਤ ਨੇ ਇਹ ਮਸਲਾ ਬਹੁਤ ਗੁੰਝਲਦਾਰ ਬਣ ਦਿੱਤਾ ਹੈ। ਇਸੇ ਸਿਲਸਿਲੇ ਵਿਚ 6000 ਕਰੋੜ ਰੁਪਏ ਦੇ ਡਰੱਗ ਕੇਸ ਵਿਚ ਜੋ ਨੂਰਾ ਕੁਸ਼ਤੀ ਸਾਹਮਣੇ ਆਈ ਹੈ, ਉਸ ਨਾਲ ਇਨ੍ਹਾਂ ਕਾਰੋਬਾਰੀਆਂ ਦੀ ਤਾਕਤ ਦਾ ਹੀ ਮੁਜ਼ਾਹਰਾ ਹੋਇਆ ਹੈ। ਇਸ ਕੇਸ ਦੀ ਜਾਂਚ ਐਨਫੋਰਸਮੈਂਟ ਡਾਇਰੈਕਟੋਰੇਟ ਕਰ ਰਿਹਾ ਹੈ। ਪਹਿਲਾਂ ਤਾਂ ਇਸ ਕੇਸ ਦੀ 2013 ਤੋਂ ਜਾਂਚ ਕਰ ਰਹੇ ਮੁੱਖ ਜਾਂਚ ਅਫਸਰ ਦੀ ਬਦਲੀ ਤੱਕ ਕਰਵਾਉਣ ਦੇ ਯਤਨ ਹੋਏ ਅਤੇ ਹੁਣ ਇਸ ਕੇਸ ਦੇ ਜਾਂਚ ਅਫਸਰ ਰਹੇ ਡਿਪਟੀ ਡਾਇਰੈਕਟਰ ਨੇ ਅਸਤੀਫ਼ਾ ਦੇ ਕੇ ਸਭ ਨੂੰ ਹੈਰਾਨ ਕਰ ਦਿੱਤਾ। ਇਸ ਸੂਰਤ ਵਿਚ ਕੈਪਟਨ ਦੀ ਬੇਵਸੀ ਵੀ ਭਲੀਭਾਂਤ ਜ਼ਾਹਿਰ ਹੋ ਜਾਂਦੀ ਹੈ।

**ਪੰਜਾਬ ਵਿਚ ਅਫਰੀਕੀ ਨਸ਼ਾ ਸਮੱਗਲਰਾਂ ਦਾ ਬੋਲਬਾਲਾ:** ਪੰਜਾਬ ਵਿਚ ਖਾਸ ਤੌਰ 'ਤੇ ਪੰਜਾਬੀ ਬੋਲਣ ਵਾਲੇ ਨਾਈਜੀਰੀਆ ਦੇ ਨਸ਼ਾ ਸਮੱਗਲਰਾਂ ਨੇ ਬੁਰੀ ਤਰ੍ਹਾਂ ਆਪਣੇ ਪੈਰ ਜਮਾ ਲਏ ਹਨ। ਇਨ੍ਹਾਂ ਵਿਚ ਉਥੋਂ ਦੇ ਜ਼ਿਆਦਾਤਰ ਵਪਾਰੀਆਂ ਤੋਂ ਲੈ ਕੇ ਭਾਰਤ ਵਿਚ ਇਲਾਜ ਕਰਵਾਉਣ ਆਏ ਮਰੀਜ਼ ਤੇ ਉੱਚ ਸਿੱਖਿਆ ਹਾਸਿਲ ਕਰਨ ਆਏ ਵਿਦਿਆਰਥੀ ਵੀ ਸ਼ਾਮਿਲ ਹਨ। ਅਫਗਾਨਿਸਤਾਨ ਦੇ ਨਸ਼ਾ ਸਮੱਗਲਰਾਂ ਨਾਲ ਇਕ ਨੈੱਟਵਰਕ ਕਾਇਮ ਕਰਕੇ ਇਹ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਨਸ਼ੇ ਵਾਲੇ ਪਦਾਰਥਾਂ ਦੀ ਸਪਲਾਈ ਕਰ ਰਹੇ ਹਨ ਤੇ ਦਿੱਲੀ ਦੇ ਰਸਤੇ ਪੰਜਾਬ ਵਿਚ ਨਸ਼ੇ ਵਾਲੇ ਪਦਾਰਥ ਲਿਆ ਰਹੇ ਹਨ। ਪਿਛਲੇ ਸਾਲ ਪੰਜਾਬ ਪੁਲਸ ਨੇ ਨਸ਼ਾ ਸਮੱਗਲਿੰਗ ਦੇ ਦੋਸ਼ ਵਿਚ 42 ਨਾਈਜੀਰੀਅਨਾਂ ਸਮੇਤ 50 ਅਫਰੀਕਨਾਂ ਨੂੰ ਗ੍ਰਿਫਤਾਰ ਕੀਤਾ ਸੀ ਅਤੇ ਇਸ ਸਾਲ ਹੁਣ ਤਕ ਪੁਲਸ ਨੇ 18 ਨਾਈਜੀਰੀਅਨਾਂ ਸਮੇਤ 24 ਅਫਰੀਕਨਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋਂ 22 ਕਿਲੋ ਹੈਰੋਇਨ ਅਤੇ 6 ਕਿਲੋ ਅਫੀਮ ਜ਼ਬਤ ਕੀਤੀ ਹੈ।

ਗ੍ਰਿਫਤਾਰ ਕੀਤੇ ਗਏ ਸਮੱਗਲਰਾਂ ਵਿਚ ਨਾਈਜੀਰੀਆ ਦਾ ਇਕ ਕੱਪੜਾ ਵਪਾਰੀ 'ਚਿਨੇਡੂ' ਅਤੇ ਯੁਗਾਂਡਾ ਦੀ 'ਰੋਗੈਟ ਨਾਮੋਤਾਬੀ' ਨਾਮੀ ਔਰਤ ਤੋਂ ਇਲਾਵਾ ਇਕ ਹੋਰ ਅਫਰੀਕਨ ਔਰਤ 'ਫੇਥ' ਵੀ ਸ਼ਾਮਿਲ ਹੈ, ਜੋ ਟੂਰਿਸਟ ਵੀਜ਼ੇ 'ਤੇ ਭਾਰਤ ਆਈ ਸੀ। ਇਨ੍ਹਾਂ ਲੋਕਾਂ ਨੇ ਪੰਜਾਬ ਦੇ ਜ਼ਿਆਦਾਤਰ ਪਿੰਡਾਂ ਵਿਚ ਸਥਾਨਕ ਸਮੱਗਲਰਾਂ ਤੇ ਬਦਨਾਮ ਨਸ਼ੇੜੀਆਂ ਨਾਲ ਆਪਣੇ ਸੰਪਰਕ ਬਣਾ ਲਏ ਹਨ। ਇਹ ਨਾਈਜੀਰੀਅਨ ਪੰਜਾਬੀ ਬੋਲਦੇ ਹਨ ਅਤੇ ਫੜੇ ਜਾਣ 'ਤੇ ਜੇਲ ਵਿਚੋਂ ਵੀ ਆਪਣਾ ਨੈੱਟਵਰਕ ਚਲਾ ਲੈਂਦੇ ਹਨ।

'ਪੰਜਾਬ ਕਾਊਂਟਰ ਇੰਟੈਲੀਜੈਂਸ' ਦੇ ਏ. ਆਈ. ਜੀ. ਸ਼੍ਰੀ ਐੱਚ. ਪੀ. ਐੱਸ. ਖੱਖ ਅਨੁਸਾਰ ਪੰਜਾਬ ਦੇ ਗ੍ਰਹਿ ਵਿਭਾਗ ਨੇ ਇਨ੍ਹਾਂ ਵਿਦੇਸ਼ੀਆਂ 'ਤੇ ਨਜ਼ਰ ਰੱਖਣ ਲਈ ਦਿੱਲੀ ਸਰਕਾਰ ਨੂੰ ਲਿਖਿਆ ਹੈ। ਗ੍ਰਿਫਤਾਰ ਕੀਤੇ ਗਏ ਵਿਦੇਸ਼ੀਆਂ ਦੇ ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਕਿ ਇਹ ਆਪਣੇ ਵੀਜ਼ੇ ਦੀ ਮਿਆਦ ਖਤਮ ਹੋ ਜਾਣ 'ਤੇ ਵੀਇਥੇ ਟਿਕੇ ਹੋਏ ਹਨ। ਇਹ ਨਸ਼ੇ ਦੀ ਸਮੱਗਲਿੰਗ ਦੇ ਜ਼ਰੀਏ ਮੋਟੀ ਰਕਮ ਕਮਾਉਂਦੇ ਹਨ।

ਪੰਜਾਬ ਪੁਲਸ ਵਲੋਂ ਭੇਜੀ ਗਈ ਇਕ ਰਿਪੋਰਟ ਅਨੁਸਾਰ ਦਿੱਲੀ ਦੇ ਦੁਆਰਕਾ ਤੋਂ ਇਲਾਵਾ ਉੱਤਮ ਨਗਰ ਤੇ ਜਲੰਧਰ ਨਾਈਜੀਰੀਅਨਾਂ ਦਾ ਕੇਂਦਰ ਬਣ ਚੁੱਕਾ ਹੈ। ਇਸ ਸਾਲ ਅਗਸਤ ਵਿਚ ਗ੍ਰਿਫਤਾਰ ਨਾਈਜੀਰੀਅਨ 'ਫ੍ਰੈਂਕ ਮਾਰਜਿਨ' ਦਾ ਅਫਗਾਨੀ, ਪੰਜਾਬੀ ਤੇ ਅਫਰੀਕਨ ਸਮੱਗਲਰਾਂ ਦਾ ਨੈੱਟਵਰਕ ਹੈ। ਉਸ ਨੂੰ ਪੰਜਾਬ ਵਿਚ ਸਾਢੇ ਤਿੰਨ ਕਿਲੋ ਹੈਰੋਇਨ ਅਤੇ 60 ਗ੍ਰਾਮ ਆਈਸ ਨਾਲ ਫੜਿਆ ਗਿਆ ਸੀ। ਦਿੱਲੀ ਤੇ ਪੰਜਾਬ ਦੇ ਸਮੱਗਲਰਾਂ ਨੂੰ ਨਸ਼ੇ ਵਾਲੇ ਪਦਾਰਥਾਂ ਦੀ ਸਪਲਾਈ ਲਈ ਉਹ ਦਿੱਲੀ ਤੇ ਅਫਗਾਨਿਸਤਾਨ ਵਿਚ ਕਈ ਅਫਗਾਨ ਨਾਗਰਿਕਾਂ ਦੇ ਸੰਪਰਕ ਵਿਚ ਸੀ।

ਕੁਝ ਅਜਿਹੀ ਹੀ ਕਹਾਣੀ 'ਮਾਈਕਲ' ਨਾਮੀ ਸਮੱਗਲਰ ਦੀ ਹੈ, ਜੋ ਨਾਭਾ ਜੇਲ ਵਿਚੋਂ ਨਸ਼ੇ ਵਾਲੇ ਪਦਾਰਥ ਸਪਲਾਈ ਕਰਨ ਦਾ ਧੰਦਾ ਚਲਾ ਰਿਹਾ ਸੀ। ਉਸ ਦਾ ਨਾਂ 'ਰੋਗੈਟ' ਨਾਮੀ ਯੁਗਾਂਡਾ ਦੀ ਇਕ ਮਹਿਲਾ ਸਮੱਗਲਰ ਤੋਂ ਪੁੱਛਗਿੱਛ ਦੌਰਾਨ ਸਾਹਮਣੇ ਆਇਆ।

ਐੱਨ. ਡੀ. ਪੀ. ਐੱਸ. ਕਾਨੂੰਨ ਦੇ ਤਹਿਤ ਗ੍ਰਿਫਤਾਰੀ ਤੋਂ ਬਾਅਦ 'ਮਾਈਕਲ' ਨੇ ਮੋਗਾ ਦੇ ਦੌਲੇਵਾਲਾ ਪਿੰਡ ਵਿਚ ਨਸ਼ੇ ਵਾਲੇ ਪਦਾਰਥਾਂ ਦੀ ਸਮੱਗਲਿੰਗ ਲਈ ਗੱਡੀ ਚਲਾਉਣ ਵਿਚ ਮਾਹਿਰ ਇਕ ਵਿਅਕਤੀ ਨਾਲ ਆਪਣਾ ਨੈੱਟਵਰਕ ਕਾਇਮ ਕਰ ਲਿਆ ਸੀ। ਉਸ ਡਰਾਈਵਰ ਨੇ 'ਮਾਈਕਲ' ਦੀ ਜਾਣ-ਪਛਾਣ ਕੁਝ ਹੋਰਨਾਂ ਲੋਕਾਂ ਨਾਲ ਕਰਵਾਈ ਤੇ ਛੇਤੀ ਹੀ ਉਨ੍ਹਾਂ ਨੇ ਜੇਲ ਅੰਦਰ ਰਹਿੰਦਿਆਂ ਦੌਲੇਵਾਲਾ ਅਤੇ ਹੋਰਨਾਂ ਥਾਵਾਂ ਨੂੰ ਨਸ਼ੇ ਵਾਲੇ ਪਦਾਰਥਾਂ ਦੀ ਸਮੱਗਲਿੰਗ ਸ਼ੁਰੂ ਕਰ ਦਿੱਤੀ ਅਤੇ ਇਹ ਧੰਦਾ ਉਦੋਂ ਤਕ ਜਾਰੀ ਰਿਹਾ, ਜਦੋਂ ਤਕ ਉਕਤ ਔਰਤ ਨੂੰ ਗ੍ਰਿਫਤਾਰ ਨਹੀਂ ਕਰ ਲਿਆ ਗਿਆ।

ਸਥਾਨਕ ਸਮੱਗਲਰਾਂ ਦੀ ਮਿਲੀਭੁਗਤ ਨਾਲ ਵਿਦੇਸ਼ੀ ਸਮੱਗਲਰਾਂ ਦਾ ਪੰਜਾਬ ਤੇ ਦੇਸ਼ ਦੇ ਹੋਰਨਾਂ ਸੂਬਿਆਂ ਵਿਚ ਪੈਰ ਜਮਾ ਲੈਣਾ ਸਿੱਧ ਕਰਦਾ ਹੈ ਕਿ ਇਨ੍ਹਾਂ ਨੇ ਇਥੇ ਆਪਣੀਆਂ ਕਿੰਨੀਆਂ ਡੂੰਘੀਆਂ ਜੜ੍ਹਾਂ ਜਮਾ ਲਈਆਂ ਹਨ।

## ਡਰਗੱਜ਼ ਓਵਰਡੋਜ਼ ਕਾਰਨ ਮਰੀਜ਼ਾਂ ਦੀ ਗਿਣਤੀ ਵਿਚ ਹੋਇਆ ਵਾਧਾ

ਸਿਵਲ ਹਸਪਤਾਲ ਜਲੰਧਰ ਵਿਚ ਰੋਜ਼ਾਨਾ ਡਰੱਗਜ਼ ਓਵਰਡੋਜ਼ ਦੇ ਮਰੀਜ਼ ਪਹੁੰਚ ਰਹੇ ਹਨ। ਇਨ੍ਹਾਂ ਵਿਚ ਜ਼ਿਆਦਾਤਰ ਚਿੱਟਾ ਜਾਂ ਨਾਫੀਨ ਦੀ ਓਵਰਡੋਜ਼ ਦੇ ਚਲਦਿਆਂ ਹਸਪਤਾਲ ਵਿਚ ਦਾਖਲ ਹੋ ਰਹੇ ਹਨ। ਸਤੰਬਰ ਮਹੀਨੇ ਵਿਚ 22 ਦਿਨਾਂ ਵਿਚ ਹੀ ਸਿਵਲ ਹਸਪਤਾਲ ਵਿਚ ਡਰੱਗਜ਼ ਓਵਰਡੋਜ਼ ਦੇ 32 ਮਰੀਜ਼ ਆਏ ਹਨ। ਸਿਵਲ ਹਸਪਤਾਲ ਵਿਚ ਹਰ ਰੋਜ਼ ਓਵਰਡੋਜ਼ ਕਾਰਨ ਦਾਖਲ ਹੋ ਰਹੇ ਲੋਕਾਂ ਦੀ ਜਾਨ ਬਚਾਈ ਜਾ ਰਹੀ ਹੈ। ਹਸਪਤਾਲ ਦੇ ਐਨੇਸਥੈਟਿਕ ਡਾ. ਪਰਮਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਐਤਵਾਰ ਨੂੰ ਲਿਆਂਦੇ ਗਏ 8 ਲੋਕਾਂ ਵਿਚੋਂ ਦੋ ਦੀ ਹਾਲਤ ਗੰਭੀਰ ਬਣੀ ਹੋਈ ਸੀ। ਐਂਟੀਡੋਟ ਦੇਣ ਤੋਂ ਬਾਅਦ ਦੋਹਾਂ ਦੀ ਹਾਲਤ ਵਿਚ ਸੁਧਾਰ ਹੈ। ਲੋਕਾਂ ਵਿਚ ਜਾਗਰੂਕਤਾ ਵਧਣ ਨਾਲ ਵੀ ਹੁਣ ਪਰਿਵਾਰ ਵਾਲੇ ਖੁੱਲ੍ਹ ਕੇ ਆਪਣੇ ਬੱਚਿਆਂ ਦਾ ਇਲਾਜ ਕਰਵਾ ਰਹੇ ਹਨ। ਇਸ ਸਾਲ ਜੂਨ ਵਿਚ 5, ਜੁਲਾਈ ਵਿਚ 20, ਅਗਸਤ ਵਿਚ 19 ਅਤੇ ਸਤੰਬਰ ਦੇ 22 ਦਿਨਾਂ ਵਿਚ ਹੀ 32 ਮਰੀਜ਼ ਪਹੁੰਚ ਚੁੱਕੇ ਹਨ।

## ਕੇਂਦਰ ਤੇ ਪੰਜਾਬ ਨੂੰ ਮਿਲ ਕੇ ਕਰਨੀ ਹੋਵੇਗੀ ਨਸ਼ਿਆਂ ਖਿਲਾਫ਼ ਸਖ਼ਤੀ

***ਗੁਆਂਢੀ ਰਾਜਾਂ ਵਿਚ ਲਾਇਸੈਂਸ ਦੀ ਖੇਤੀ ਤੇ ਤਸਕਰੀ ਕਾਰਨ ਲੋਕ ਹੋ ਰਹੇ ਨੇ ਨਸ਼ੇ ਦੇ ਸ਼ਿਕਾਰ***

**ਜਲੰਧਰ/ਬਿਊਰੋ ਨਿਊਜ਼ :** ਇਕ ਸਾਲ ਪਹਿਲਾਂ ਪੰਜਾਬ ਵਿਚ ਹੋਏ ਸਰਵੇ ਰਿਪੋਰਟ ਵਿਚ ਖੁਲਾਸਾ ਹੋਇਆ ਕਿ ਇਥੇ 10.8 ਲੱਖ ਦੇ ਕਰੀਬ ਅਜਿਹੇ ਲੋਕ ਹਨ ਜੋ ਨਸ਼ਾ ਕਰਦੇ ਹਨ। ਇਨ੍ਹਾਂ ਵਿਚੋਂ 2.4 ਲੱਖ ਲੋਕ ਨਸ਼ੇ ਦੇ ਆਦੀ ਹਨ। ਜਦ ਕਿ 8.6 ਲੱਖ ਲੋਕ ਨਸ਼ਾ ਤਾਂ ਕਰਦੇ ਹਨ, ਪਰ ਆਦੀ ਨਹੀਂ ਹਨ। ਨਸ਼ੇ ਦੀ ਦਲਦਲ ਵਿਚ ਫਸੇ ਹੋਣ ਦਾ ਇਕ ਕਾਰਨ ਗੁਆਂਢੀ ਰਾਜ ਰਾਜਸਥਾਨ ਵਿਚ ਅਫੀਮ ਦੀ ਖੇਤੀ ਦਾ ਲਾਇਸੈਂਸ ਹੋਣਾ ਤੇ ਪੰਜਾਬ ਦੇ ਨਾਲ ਲਗਦੀ ਪਾਕਿਸਤਾਨ ਦੀ ਸਰਹੱਦ ਹੈ। ਰਾਜਸਥਾਨ ਤੇ ਪਾਕਿਸਤਾਨ ਤੋਂ ਸਮੱਗਲਰ ਨਸ਼ਾ ਲਿਆ ਕੇ ਇਥੇ ਸਪਲਾਈ ਕਰਦੇ ਹਨ। ਇਹੀ ਨਹੀਂ ਕੁਝ ਲੋਕ ਜਲਦੀ ਅਮੀਰ ਬਣਨ ਦੇ ਚੱਕਰ ਵਿਚ ਨਸ਼ਿਆਂ ਦੇ ਜਾਲ ਵਿਚ ਫਸ ਰਹੇ ਹਨ। ਸੂਤਰ ਦੱਸਦੇ ਹਨ ਕਿ ਸਮੱਗਲਰ ਖੁਦ ਨਸ਼ੇ ਦੀ ਸਪਲਾਈ ਨਾ ਕਰਕੇ ਅਜਿਹੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ, ਜਿਨ੍ਹਾਂ ਵਿਚ ਪੈਸੇ ਦੀ ਜ਼ਰੂਰਤ ਹੁੰਦੀ ਹੈ। ਸਰਵੇ ਦੀ ਰਿਪੋਰਟ ਦੇ ਅਨੁਸਾਰ ਲੋਕ ਹੁਣ ਮੈਡੀਕਲ ਨਸ਼ੇ ਜ਼ਿਆਦਾ ਕਰਨ ਲੱਗੇ ਹਨ। ਮੈਡੀਕਲ ਨਸ਼ੇ ਦੀ ਤੈਅ ਮਾਤਰਾ ਨਾ ਹੋਣ ਕਾਰਨ ਕਈ ਲੋਕ ਇਸ ਦੇ ਕਾਰਨ ਆਪਣੀਆਂ ਜਾਨਾਂ ਗੁਆ ਰਹੇ ਹਨ। ਇਸ ਤੋਂ ਇਲਾਵਾ ਹੈਰੋਇਨ ਦਾ ਨਸ਼ਾ ਕਰਨ ਵਾਲਿਆਂ ਦੀ ਗਿਣਤੀ ਸਭ ਤੋਂ ਜ਼ਿਆਦਾ 53 ਫੀਸਦੀ ਹੈ। ਦਸ ਦੇਈਏ ਹੈਰੋਇਨ ਦੀ ਸਭ ਤੋਂ ਜ਼ਿਆਦਾ ਸਪਲਾਈ ਪਾਕਿਸਤਾਨ ਤੇ ਅਫਗਾਨਿਸਤਾਨ ਤੋਂ ਰਹੀ ਹੈ। ਪਹਿਲਾਂ ਇਥੇ ਪਾਕਿ ਪੰਜਾਬ ਬਾਰਡਰ ਤੋਂ ਸਮੱਗਲਿੰਗ ਕਰ ਰਿਹਾ ਸੀ, ਹੁਣ ਸਮੱਗਲਰਾਂ ਨੇ ਜੰਮੂ-ਕਸ਼ਮੀਰ ਦੇ ਰਸਤੇ ਵੀ ਡਰੱਗ ਪੰਜਾਬ ਵਿਚ ਭੇਜਣੀ ਸ਼ੁਰੂ ਕਰ ਦਿੱਤੀ ਹੈ। ਕੇਂਦਰ ਸਰਕਾਰ ਦੇ ਸਾਮਾਜਿਕ ਨਿਆਂ ਵਿਭਾਗ ਨੇ ਪਿਛਲੇ ਸਾਲ ਪੰਜਾਬ ਦੇ 10 ਸਾਲਾਂ ਵਿਚ ਸਰਵੇ ਕਰਵਾਇਆ ਸੀ। ਇਸੇ ਸੁਸਾਇਟੀ ਪ੍ਰਮੋਸ਼ਨ ਆਫ਼ ਯੂਥ ਐਂਡ ਮਾਸੇਜ ਨੇ ਏਮਜ਼ ਦੇ ਨਾਲ ਮਿਲ ਕੇ ਕੀਤਾ ਸੀ। ਰਿਪੋਰਟ ਅਨੁਸਾਰ ਪੰਜਾਬ ਵਿਚ ਡਰੱਗ ਤੇ ਦਵਾਈਆਂ ਦੀ ਲਪੇਟ ਵਿਚ ਤਕਰੀਬਨ 2.4 ਲੱਖ ਲੋਕ ਹਨ। ਨਸ਼ਾ ਕਰਨ ਵਾਲਿਆਂ ਵਿਚ 89 ਫੀਸਦੀ ਪੁਰਸ਼, 83 ਫੀਸਦੀ ਪੜ੍ਹੇ ਲਿਖੇ, 54 ਫੀਸਦੀ ਵਿਆਹੇ, 73 ਪ੍ਰਤੀਸ਼ਤ 16 ਤੋਂ 35 ਸਾਲਾਂ ਦੇ ਲੋਕ ਹਨ। ਹੈਰੋਇਨ ਦੀ ਸਭ ਤੋਂ ਜ਼ਿਆਦਾ ਵਰਤੋਂ ਕੀਤੀ ਜਾ ਰਹੀ ਹੈ। ਇਸ ਨਸ਼ੇ ਨੂੰ ਲੈਣ ਵਾਲੇ ਲੋਕ 400 ਰੁਪਏ ਰੋਜ਼ਾਨਾ ਖਰਚ ਕਰਦੇ ਹਨ। 2017 ਦੌਰਾਨ ਭਾਰਤ ਵਿਚ ਨਾਰਕੋਟਿਕਸ ਡਰੱਗ ਐਂਡ ਸਾਈਕੋਟ੍ਰੋਪਿਕ ਸਬਸਟਾਂਸਿਜ਼ ਐਕਟ ਦੇ ਤਹਿਤ ਸ ਭਤੋਂ ਜ਼ਿਆਦਾ ਮਾਮਲੇ 44 ਪ੍ਰਤੀਸ਼ਤ ਲੋਕ ਪੰਜਾਬ ਵਿਚ ਦਰਜ ਹੋਏ ਤੇ 2016 ਵਿਚ ਐਨਡੀਪੀਐਕਸ ਐਕਟ ਦੇ ਤਹਿਤ ਪੰਜਾਬ ਵਿਚ ਦੋਸ਼ੀ ਕਰਾਰ ਦਿੱਤੇ ਗਏ ਲੋਕਾਂ ਦੀ ਸੰਖਿਆ ਸਭ ਤੋਂ ਜ਼ਿਆਦਾ 3972 ਰਹੀ।

### ਕੀ ਕਹਿੰਦੇ ਹਨ ਕੈਪਟਨ ਅਮਰਿੰਦਰ ਸਿੰਘ

ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਕਹਿੰਦੇ ਹਨ ਕਿ ਪੰਜਾਬ ਸਰਕਾਰ ਨੇ ਨਸ਼ੇ ਉਤੇ ਰੋਕ ਲਗਾਉਣ ਵਿਚ ਕੋਈ ਕਸਰ ਨਹੀਂ ਛੱਡੀ ਹੋਈ, ਨਸ਼ਾ ਸਮੱਗਲਰ ਸਰਕਾਰੀ ਸ਼ਿਕੰਜ਼ਾ ਕਸਦਾ ਦੇਖ ਕੇ ਇਹ ਦੂਸਰੇ ਰਾਜਾਂ ਵਿਚ ਜਾ ਵੜੇ ਹਨ। ਹੁਣ ਕੇਂਦਰ ਸਰਕਾਰ ਦਾ ਫਰਜ਼ ਹੈ ਕਿ ਇਨ੍ਹਾਂ ਉਤੇ ਲਗਾਮ ਕੱਸੇ।

ਅੰਮ੍ਰਿਤਸਰ ਟਾਈਮਜ਼ AMRITSAR TIMES
10 ਅਕਤੂਬਰ 2018 ਤੋਂ 16 ਅਕਤੂਬਰ 2018

## ਪੰਥ ਦਾ ਰੋਸ ਮਾਰਚ ਬਨਾਮ ਸਿਆਸੀ ਰੈਲੀਆਂ

ਸਮੁੱਚਾ ਸਿੱਖ ਪੰਥ ਤੇ ਪੰਜਾਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਲੈ ਕੇ ਰੋਸ ਨਾਲ ਭਰਿਆ ਹੋਇਆ ਹੈ। ਪਿਛਲੇ ਤਿੰਨ ਕੁ ਸਾਲ ਦੇ ਵਕਫੇ ਵਿਚ ਪਹਿਲਾਂ ਚੱਬੇ ਪਿੰਡ ਦੀ ਧਰਤੀ ਉਤੇ ਅਤੇ ਹੁਣ ਕੋਟਕਪੂਰਾ ਤੋਂ ਬਰਗਾੜੀ ਤਕ ਦੇ ਰੋਸ ਮਾਰਚ ਨਾਲ ਪੰਥ ਨੇ ਆਪਣੇ ਦਿਲ ਦੀ ਟੀਸ ਦਾ ਪ੍ਰਤੱਖ ਵਿਖਾਵਾ ਕੀਤਾ ਹੈ। ਤਿੰਨ ਸਾਲ ਪਹਿਲਾਂ ਵਾਪਰੀਆਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਕੋਟਕਪੂਰਾ ਅਤੇ ਬਹਿਬਲ ਕਲਾਂ ਦੀਆਂ ਜ਼ੁਲਮੀ ਘਟਨਾਵਾਂ ਮੁੜ ਸਿਆਸਤ ਦੇ ਕੇਂਦਰ ਵਿਚ ਹਨ।

ਪੁਰਾਣੇ ਤੇ ਮੌਜੂਦਾ ਹਾਕਮਾਂ ਨੂੰ ਕੰਧ ਉਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਬੇਅਦਬੀ ਕਾਂਡ ਦਾ ਇਨਸਾਫ ਦੇਣ ਲਈ ਅਪੀਲਾਂ ਕਰ ਰਿਹਾ ਸਿੱਖ ਪੰਥ ਹੁਣ ਹੋਰ ਸਬਰ ਕਰਨ ਦੀ ਰੌਂਅ ਵਿਚ ਨਹੀਂ ਹੈ। ਪੰਥ ਤੇ ਪੰਜਾਬ ਦਾ ਦਿਲ ਬਰਗਾੜੀ ਦੇ ਇਨਸਾਫ ਮੋਰਚੇ ਨਾਲ ਜੁੜ ਚੁੱਕਾ ਹੈ। ਉਸ ਲਈ ਕਰੋ ਜਾਂ ਮਰੋ ਦੀ ਹਾਲਤ ਬਣੀ ਹੋਈ ਹੈ। ਬੱਚੇ ਤੋਂ ਲੈ ਕੇ ਬਜ਼ੁਰਗਾਂ ਤਕ ਹਰ ਸਿੱਖ ਦੇ ਮਨ 'ਚ ਬਰਗਾੜੀ ਵਸ ਚੁੱਕੀ ਹੈ। ਗੁਰੂ ਘਰ ਦੇ ਢਾਡੀ ਵਾਰਾਂ ਗਾਉਣ ਲੱਗੇ ਹਨ। ਬਰਗਾੜੀ ਦੀ ਧਰਤੀ ਉਤੇ ਹੋਏ ਲਾਮਿਸਾਲ ਇਕੱਠ ਨੇ ਇਸ ਭਾਵਨਾ ਨੂੰ ਸਾਕਾਰ ਕੀਤਾ ਹੈ ਕਿ ਸਿੱਖ ਪੰਥ ਨੂੰ ਆਪਣੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਵਧ ਕੇ ਕੋਈ ਨਹੀਂ ਹੈ। ਗੁਰੂ ਨੂੰ ਸਮਰਪਿਤ ਸੰਗਤਾਂ ਆਪ ਮੁਹਾਰੇ ਵਹੀਰਾਂ ਘੱਤ ਕੇ ਬਰਗਾੜੀ ਜਾ ਪੁੱਜੀਆਂ। ਦੂਜੇ ਪਾਸੇ ਇਸੇ ਹੀ ਦਿਨ ਪੈਸੇ ਦੇ ਹੰਕਾਰ ਤੇ ਸੱਤਾ ਦੇ ਨਸ਼ੇ ਵਿਚ ਗਲਤਾਨ ਸਿਆਸਤ ਦੀਆਂ ਦੋ ਵੱਖ-ਵੱਖ ਰੈਲੀਆਂ ਵਿਚ "ਪਾਪ ਕੀ ਜੰਝ" ਢੁੱਕੀ ਹੋਈ ਸੀ। ਲਗਜ਼ਰੀ ਬੱਸਾਂ, 500 ਰੁਪਏ ਦਿਹਾੜੀ, ਸਰਕਾਰ ਤੇ ਸਰਕਾਰੀ ਤੰਤਰ ਦਾ ਪ੍ਰਭਾਵ ਹੋਣ ਦੇ ਬਾਵਜੂਦ ਲੰਬੀ ਤੇ ਪਟਿਆਲਾ ਦੀਆਂ ਸਿਆਸੀ ਰੈਲੀਆਂ 'ਚ 25 ਹਜ਼ਾਰ ਤੋਂ 35 ਹਜ਼ਾਰ ਦੇ ਇਕੱਠ ਮੌਕਾਪ੍ਰਸਤ ਤੇ ਦੰਭੀ ਰਾਜਨੀਤੀ ਦਾ ਮੂੰਹ ਚਿੜਾ ਰਹੇ ਸਨ। ਬਰਗਾੜੀ ਦੇ ਪੰਥਕ ਇਕੱਠ ਨੇ ਸਮੇਂ ਦੀਆਂ ਸਰਕਾਰਾਂ ਅਤੇ ਪੰਥ ਦੇ ਦੁਸ਼ਮਣ ਬਾਦਲਕਿਆਂ ਨੂੰ ਦੱਸ ਦਿੱਤਾ ਹੈ ਕਿ ਸਮੁੱਚਾ ਪੰਥ, ਗੁਰੂ ਸਾਹਿਬ ਦੀ ਬੇਅਦਬੀ ਦੇ ਰੋਸ ਨਾਲ ਭਰਿਆ ਹੋਇਆ ਹੈ।

ਪਟਿਆਲਾ ਰੈਲੀ ਵਿਚ ਬਾਦਲਕਿਆਂ ਦੀ ਬੁਖਲਾਹਟ ਨੇ ਸੰਕੇਤ ਦੇ ਦਿੱਤਾ ਹੈ ਕਿ ਉਨ੍ਹਾਂ ਦੇ ਪਾਪ ਕੰਬਣ ਲੱਗੇ ਹਨ। ਕਦੇ ਪੰਥਕ ਆਗੂਆਂ ਨੂੰ ਪਾਕਿਸਤਾਨ ਦੀ ਆਈਐਸਆਈ ਦੇ ਏਜੰਟ ਕਿਹਾ ਗਿਆ ਤੇ ਕਦੇ ਕਾਂਗਰਸ ਦੀ ਬੀ ਟੀਮ ਦੱਸਿਆ ਗਿਆ। ਸਿਤਮਜ਼ਰੀਫੀ ਦੀ ਗੱਲ ਦੇਖੋ ਕਿ ਪੰਥ ਦੀ ਧੱਕੇ ਨਾਲ ਅਲੰਬਰਦਾਰ ਬਣੀ ਇਸ ਪਾਰਟੀ ਦੇ ਕਿਸੇ ਆਗੂ ਦੇ ਮੂੰਹੋਂ ਭੁੱਲ ਕੇ ਵੀ ਗੁਰੂ ਦੀ ਬੇਅਦਬੀ ਬਾਰੇ ਇਕ ਲਫਜ਼ ਤਕ ਨਾ ਨਿਕਲਿਆ।

ਲੰਬੀ ਹਲਕੇ ਦੇ ਕਿਲਿਆਂਵਾਲੀ ਵਿਚ ਲੱਗੀ ਕਾਂਗਰਸ ਦੀ ਸਟੇਜ ਤੋਂ ਵੀ ਬਾਦਲਕਿਆਂ ਦੇ ਬਰਾਬਰ ਹੀ ਬਰਗਾੜੀ ਮੋਰਚੇ ਨੂੰ ਵੀ ਨਿਸ਼ਾਨੇ ਉਤੇ ਲਿਆ ਗਿਆ, ਜਿਸ ਤੋਂ ਕੈਪਟਨ ਸਰਕਾਰ ਦੀ ਮੋਰਚੇ ਪ੍ਰਤੀ ਬਦਨੀਅਤ ਵੀ ਸਾਫ਼ ਹੋਈ ਹੈ। ਸੱਤਾਧਾਰੀ ਧਿਰ ਕਾਂਗਰਸ ਅਤੇ ਉਸ ਦਾ ਕਪਤਾਨ ਬਾਦਲਾਂ ਨਾਲ "ਲੁਕਣਮੀਟੀ" ਖੇਡ ਰਿਹਾ ਹੈ। ਉਹ ਪੰਜਾਬ ਦੇ ਲੋਕਾਂ ਵੱਲੋਂ ਸੌਂਪੀ ਜ਼ਿੰਮੇਵਾਰੀ ਛੱਡ ਕੇ ਰੈਲੀਆਂ ਦੇ ਚੱਕਰ 'ਚ ਪੈ ਗਏ ਹਨ। ਜਦੋਂ ਪੰਜ ਸਾਲ ਬਾਅਦ ਲੇਖੇ ਜੋਖੇ ਦਾ ਦਿਨ ਆਉਣਾ ਹੈ, ਉਦੋਂ ਕਿਸੇ ਨੇ ਨਹੀਂ ਪੁੱਛਣਾ ਕਿ ਪਿਛਲੇ 5 ਸਾਲ 'ਚ ਕਿੰਨੀਆਂ ਰੈਲੀਆਂ ਕੀਤੀਆਂ ਸਨ, ਉਦੋਂ ਪੁੱਛਿਆ ਜਾਣਾ ਹੈ ਕਿ ਪੰਜ ਸਾਲ 'ਚ ਕੀਤਾ ਕੀ ਹੈ? ਚੋਣ ਪ੍ਰਚਾਰ ਦੇ ਸਮੇਂ ਤੋਂ ਬਿਨਾ ਸਰਕਾਰ ਵੱਲੋਂ ਰੈਲੀਆਂ ਕਰਨਾ, ਆਪਣੇ ਫਰਜ਼ਾਂ ਤੋਂ ਕੁਤਾਹੀ ਕਰਨਾ, ਪੈਸੇ ਤੇ ਸਮੇਂ ਨੂੰ ਬਰਬਾਦ ਕਰਨਾ ਹੀ ਮੰਨਿਆ ਜਾਂਦਾ ਹੈ। ਫ਼ੈਸਲਾ ਤੁਹਾਡੇ ਕਰਮਾਂ ਨੇ ਕਰਨਾ ਹੈ, ਪੈਸੇ ਦੇ ਜ਼ੋਰ ਨਾਲ ਕੀਤੀਆਂ ਰੈਲੀਆਂ ਦੀ ਸ਼ੋਸ਼ੇਬਾਜ਼ੀ ਨੇ ਨਹੀਂ।

ਬਰਗਾੜੀ ਇਕੱਠ ਨੇ ਪੰਜਾਬ ਸਰਕਾਰ ਨੂੰ ਸਖ਼ਤ ਚੇਤਾਵਨੀ ਜ਼ਰੂਰ ਦੇ ਦਿੱਤੀ ਹੈ ਕਿ ਹੁਣ ਬਰਗਾੜੀ ਮੋਰਚੇ ਨੂੰ ਗੰਭੀਰਤਾ ਨਾਲ ਲੈਣਾ ਪਵੇਗਾ। ਬਾਦਲਕਿਆਂ ਨੂੰ ਵੀ ਇਹ ਸੁਨੇਹਾ ਜ਼ਰੂਰ ਹੀ ਮਿਲ ਗਿਆ ਹੈ ਕਿ ਹੁਣ ਪੰਥ ਤੇ ਪੰਜਾਬ ਦੀਆਂ ਜੜ੍ਹਾਂ ਵਿਚ ਤੇਲ ਦੇ ਕੇ ਤੇ ਦਿੱਲੀ ਦੀ ਦਲਾਲੀ ਕਰਕੇ, ਸੱਤਾ ਹਾਸਲ ਕਰਨ ਦਾ ਸੁਪਨਾ ਛੱਡ ਦੇਣਾ ਚਾਹੀਦਾ ਹੈ। ਬਾਦਲਕਿਆਂ ਨੂੰ ਪੰਜਾਬ ਦੇ ਲੋਕ ਪਹਿਲਾਂ ਹੀ ਨਕਾਰ ਚੁੱਕੇ ਹਨ। ਗੁਰੂ ਦੇ ਦੋਖੀਆਂ ਤੇ ਗੁਰੂ ਨੂੰ ਸਮਰਪਿਤ ਸਿੱਖਾਂ 'ਚ ਇਕ ਮੁਕਾਬਲਾ ਬਣ ਗਿਆ ਹੈ।

ਇਸ ਗੱਲ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਪੰਜਾਬ ਦੀਆਂ ਮੁੱਖ ਸਿਆਸੀ ਪਾਰਟੀਆਂ ਵੱਲੋਂ ਆਪਣਾ ਸਾਰਾ ਧਿਆਨ ਵੱਡੀਆਂ ਰੈਲੀਆਂ ਦੀ ਸਿਆਸਤ ਉੱਤੇ ਕੇਂਦਰਿਤ ਕਰਨ ਨਾਲ ਲੋਕਾਂ ਦੇ ਬਹੁਤ ਸਾਰੇ ਮੁੱਦੇ ਨਜ਼ਰਅੰਦਾਜ਼ ਹੋ ਗਏ ਹਨ। ਪੰਥਕ ਆਗੂਆਂ ਨੂੰ ਇਹ ਵੀ ਧਿਆਨ ਰੱਖਣਾ ਪਵੇਗਾ ਕਿ ਇਹ ਇਕੱਠ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਵਿਚ ਇਨਸਾਫ਼ ਨਾ ਮਿਲਣ ਤੋਂ ਦੁਖੀ ਲੋਕਾਂ ਦਾ ਸੀ। ਅਜਿਹੇ ਨਾਜ਼ੁਕ ਮੌਕੇ ਚੌਤਰਫ਼ਾ ਸੰਕਟ ਨਾਲ ਜੂਝ ਰਹੇ ਪੰਜਾਬ ਨੂੰ ਦੂਰਅੰਦੇਸ਼ ਨੀਤੀਗਤ ਪਹੁੰਚ ਰੱਖਣ ਵਾਲੀ ਅਗਵਾਈ ਦੀ ਲੋੜ ਹੈ। ਬਹੁਤ ਸਾਰੇ ਲੋਕ ਇਸ ਘਟਨਾਕ੍ਰਮ ਤੋਂ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਵਿਚ ਹੋਣਗੇ। ਇਸੇ ਲਈ ਵੱਡੇ-ਛੋਟੇ ਆਗੂਆਂ ਵਲੋਂ ਨਿੱਤ ਦਿਨ ਵਧ-ਚੜ੍ਹ ਕੇ ਇਸ ਬਾਰੇ ਬਿਆਨਬਾਜ਼ੀ ਵੀ ਕੀਤੀ ਜਾ ਰਹੀ ਹੈ। ਸਮੁੱਚੇ ਘਟਨਾਕ੍ਰਮ ਉਤੇ ਵੱਖ-ਵੱਖ ਪਾਰਟੀਆਂ ਅਤੇ ਸੰਗਠਨਾਂ ਵਲੋਂ ਸਿਆਸਤ ਖੇਡੀ ਜਾ ਸਕਦੀ ਹੈ। ਮੁੱਖ ਮੁੱਦਾ ਜਿੱਥੇ ਸਿੱਖ ਪੰਥ ਨੂੰ ਇਨਸਾਫ ਦੇਣ ਦਾ ਹੈ, ਨਾਲ ਹੀ ਪੰਜਾਬ ਨੂੰ ਵਿਕਾਸ ਦੀ ਰਾਹ 'ਤੇ ਤੋਰਨ ਦਾ ਵੀ ਹੈ, ਇਸ ਦੀ ਆਰਥਿਕਤਾ ਨੂੰ ਮਜ਼ਬੂਤ ਬਣਾਉਣ ਦਾ ਵੀ ਹੈ। ਇਸ ਕਰਕੇ ਪੰਥ ਦੀ ਲੀਡਰਸ਼ਿਪ ਨੂੰ "ਜ਼ਖਮ ਨੂੰ ਸੂਰਜ ਬਣਾਉਣ" ਦੀ ਸੋਚ ਸਾਹਮਣੇ ਰੱਖ ਕੇ ਹੀ ਅੱਗੇ ਵਧਣਾ ਹੋਵੇਗਾ। ਸਾਡੇ ਕੋਲ ਆਮ ਹੀ ਇਕ ਧਾਰਣਾ ਬਣੀ ਆ ਰਹੀ ਹੈ, ਕਿ ਪੰਥ ਨੂੰ ਕੋਈ ਅਜਿਹਾ ਆਗੂ ਜਾਂ ਸਮੁੱਚ ਵਿਚ ਲੀਡਰਸ਼ਿਪ ਨਹੀਂ ਮਿਲੀ, ਜਿਸ ਕਾਰਨ ਅਸੀਂ ਬੇ-ਦਰ ਹੋ ਕੇ ਧੱਕੇ ਖਾ ਰਹੇ ਹਾਂ। ਪਿਛਲੇ ਕੁਝ ਸਮੇਂ ਦੌਰਾਨ ਕੁਝ ਪੰਥਕ ਆਗੂਆਂ ਦੇ ਮੂੰਹੋਂ ਇਹ ਸੁਣਨ ਨੂੰ ਵੀ ਮਿਲਿਆ ਕਿ, "ਅਸੀਂ ਕੀ ਕਰੀਏ, ਲੋਕ ਹੀ ਸਾਥ ਨਹੀਂ ਦਿੰਦੇ।" ਸਾਡੀ ਸਮਝ ਮੁਤਾਬਕ ਹੁਣ ਪੰਥ ਨੇ ਇਸ ਸਵਾਲ ਦਾ ਵੀ ਢੁਕਵਾਂ ਜਵਾਬ ਦੇ ਦਿੱਤਾ ਹੈ। ਇਸ ਕਰਕੇ ਪੰਥਕ ਏਕਤਾ ਅਤੇ ਕੋਈ ਸਰਬ-ਸਾਂਝਾ ਸਿਆਸੀ ਪਲੇਟਫਾਰਮ ਖੜ੍ਹਾ ਕਰਨ ਨਾਲ ਹੀ ਪੰਥ ਤੇ ਪੰਜਾਬ ਦੀ ਵਿਗੜੀ ਸੌਰ ਸਕਦੀ ਹੈ।

### ਗਾਂਧੀ ਮੁੜ ਹੋ ਰਿਹਾ ਹੈ ਬੇਨਕਾਬ

# ਯੂਐਸ ਗੋਲਡ ਮੈਡਲ ਦੇਣ ਦੇ ਮਤੇ ਦਾ ਤਿੱਖਾ ਵਿਰੋਧ

**ਵਾਸ਼ਿੰਗਟਨ (ਡੀਸੀ)/ਬਿਊਰੋ ਨਿਊਜ਼ :**

ਲੰਘੀ 23 ਸਤੰਬਰ ਨੂੰ ਚਾਰ ਭਾਰਤੀ-ਅਮਰੀਕੀ ਸੰਸਦ ਮੈਂਬਰਾਂ ਅਤੇ ਕੁਝ ਸਾਹਿਤਕਾਰਾਂ ਨੇ ਅਮਰੀਕਨ ਹਾਊਸ ਆਫ ਰਿਪਰਜ਼ੈਂਟੇਟਿਵਜ਼ ਵਿਚ ਮਹਾਤਮਾ ਗਾਂਧੀ ਨੂੰ ਮਰਨ ਤੋਂ ਬਾਅਦ ਅਮਰੀਕਾ ਦੇ ਵੱਕਾਰੀ ਗੋਲਡ ਮੈਡਲ ਪੁਰਸਕਾਰ ਦੇਣ ਬਾਰੇ ਮਤਾ ਪੇਸ਼ ਕੀਤਾ ਹੈ। ਸ਼ਾਂਤੀ ਅਤੇ ਅਹਿੰਸਾ ਦੇ ਪਰਚਾਰ ਲਈ ਗਾਂਧੀ ਨੂੰ ਇਹ ਪੁਰਸਕਾਰ ਦੇਣ ਦੇ ਹੱਕ ਵਿਚ ਨਿਊਯਾਰਕ ਤੋਂ ਕੈਰੋਲੀਨ ਮੈਲੋਨੀ ਸਮੇਤ ਚਾਰ ਭਾਰਤੀ ਅਮਰੀਕੀ ਸੰਸਦ ਮੈਂਬਰ ਅਮੀ ਬੇਰਾ, ਰਾਜਾ ਕ੍ਰਿਸ਼ਨਾਹੋੜੀ, ਰੋਅ ਖੰਨਾ ਅਤੇ ਪ੍ਰੋਮਿਲਾ ਜੈਪਾਲ ਹਨ। ਤੁਲਸੀ ਗਬਾਰਡ ਵੀ ਇਸ ਪ੍ਰਸਤਾਵ ਦੇ ਹੱਕ ਵਿਚ ਹੈ। ਇਹ ਪ੍ਰਸਤਾਵ ਫਿਲਹਾਲ ਲੋੜੀਂਦੀ ਕਾਰਵਾਈ ਲਈ ਵਿੱਤੀ ਸੇਵਾਵਾਂ ਬਾਰੇ ਕਮੇਟੀ ਅਤੇ ਹਾਊਸ ਐਡਮਨਿਸਟ੍ਰੇਸ਼ਨ ਕਮੇਟੀ ਨੂੰ ਭੇਜਿਆ ਗਿਆ ਹੈ।

ਅਮਰੀਕਾ ਵਿਚ ਔਰਤਾਂ ਨਾਲ ਲਿੰਗਕ ਅਪਰਾਧਾਂ ਖਿਲਾਫ ਕੰਮ ਕਰਨ ਵਾਲੀਆਂ ਸ਼ਖਸੀਅਤਾਂ, ਮਨੁੱਖੀ ਅਧਿਕਾਰ ਕਾਰਕੁੰਨਾਂ, ਘੱਟ ਗਿਣਤੀ ਹੱਕਾਂ ਦੇ ਰਾਖਿਆਂ ਵੱਲੋਂ ਇਸ ਮਤੇ ਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ। ਇਸ ਦੇ ਵਿਰੋਧ ਵਿਚ ਇਕ ਲੰਮਾ ਪੱਤਰ ਲਿਖਿਆ ਗਿਆ ਹੈ, ਜਿਸ ਵਿਚ ਗਾਂਧੀ ਦੇ ਕਥਿਤ "ਕਾਲੇ ਕਾਰਨਾਮਿਆਂ ਦਾ ਕੱਚਾ ਚਿੱਠਾ ਖੋਲ੍ਹਿਆ ਗਿਆ ਹੈ।

ਇਸ ਮਤੇ ਦੇ ਵਿਰੋਧ ਵਿਚ ਮਨੁੱਖੀ ਅਧਿਕਾਰ ਸਮੂਹਾਂ ਨੇ ਇਕ ਬਹੁਤ ਹੀ ਸਖਤ ਸਵਾਲ ਉਠਾਇਆ ਹੈ ਕਿ "ਕੀ ਇੱਕ ਲਿੰਗਕ ਸ਼ਿਕਾਰੀ ਨੂੰ ਮਾਨਤਾ ਦੇਣ ਲਈ ਇਹ ਮਤਾ ਲਿਆਂਦਾ ਗਿਆ ਹੈ?" ਇਸ ਤਰ੍ਹਾਂ ਮੰਨਿਆ ਜਾ ਰਿਹਾ ਹੈ ਕਿ 26 ਸਤੰਬਰ ਨੂੰ ਅਮਰੀਕੀ ਕਾਂਗਰਸ ਵਿਚ ਮੋਹਨਦਾਸ ਗਾਂਧੀ ਨੂੰ ਮਰਨ ਉਪਰੰਤ ਗੋਲਡ ਮੈਡਲ ਨਾਲ ਸਨਮਾਨਿਤ ਕਰਨ ਦੀ ਸਿਫਾਰਸ਼ ਕਰਨ ਵਾਲਾ ਇਹ ਮਤਾ ਲਿੰਗਕ ਅਤਿਆਚਾਰਾਂ ਨੂੰ ਮਾਨਤਾ ਦੇਣ ਵਰਗਾ ਹੈ।

ਭਾਰਤ ਦੇ ਘੱਟ ਗਿਣਤੀ ਮਾਮਲਿਆਂ ਦੇ ਸੰਗਠਨ (ਓਐਫਆਈ) ਦੀ ਤਰਫੋਂ ਬੋਲਦੇ ਹੋਏ ਰੌਕਸਾਨੇ ਕਾਰਟਰ ਨੇ ਕਿਹਾ ਕਿ ਉਹ ਹੈਰਾਨ ਹਨ ਕਿ ਅਮਰੀਕਾ ਦਾ ਸਭ ਤੋਂ ਵੱਡਾ ਨਾਗਰਿਕ ਸਨਮਾਨ ਵੀ ਗਾਂਧੀ ਲਈ ਮੰਨਿਆ ਜਾ ਰਿਹਾ ਹੈ। ਕਾਰਟਰ ਨੇ ਆਖਿਆ ਕਿ, "ਇਕ ਔਰਤ ਹੋਣ ਦੇ ਨਾਤੇ, ਮੈਂ ਜਿਨਸੀ ਸ਼ੋਸ਼ਣ ਹੋਣ ਵਾਲੀ ਔਰਤ ਦੀ ਤਰਫੋਂ ਗਾਂਧੀ ਨੂੰ ਤਮਗਾ ਦੇਣ ਉਤੇ ਸਹਿਮਤ ਨਹੀਂ ਹੋ ਸਕਦੀ।" ਕਾਰਟਰ ਨੇ ਇਹ ਵੀ ਆਖਿਆ ਕਿ "ਜਿਨਸੀ ਬਦਸਲੂਕੀ ਦੀ ਗਾਂਧੀ ਦੀ ਵਿਰਾਸਤ ਨੂੰ ਜਾਣ-ਬੁੱਝ ਕੇ ਅਣਗੌਲਿਆ ਕੀਤਾ ਗਿਆ ਹੈ। ਇਹ ਹੈਰਾਨੀ ਦੀ ਗੱਲ ਹੈ ਕਿ ਕੈਰੋਲਿਨ ਮੈਲੋਨੀ ਜਿਹੀ ਅਮਰੀਕਨ ਕਾਂਗਰਸ ਦੀ ਮੈਂਬਰ, ਜੋ ਔਰਤਾਂ ਦੇ ਅਧਿਕਾਰਾਂ ਅਤੇ ਵਿਕਾਸ ਪ੍ਰਤੀ ਆਪਣੀ ਵਚਨਬੱਧਤਾ ਲਈ ਜਾਣੀ ਜਾਂਦੀ ਹੈ, ਨੇ ਇਕ "ਲਿੰਗੀ ਸ਼ਿਕਾਰੀ" ਨੂੰ ਮਾਨਤਾ ਦੇਣ ਲਈ ਹਾਊਸ ਰੈਜ਼ੋਲੂਸ਼ਨ 6916 ਨੂੰ ਪੇਸ਼ ਕਰਨ ਵਿਚ ਰੋਲ ਅਦਾ ਕੀਤਾ ਹੈ।"

ਗੌਰਤਲਬ ਹੈ ਕਿ ਪਿਛਲੇ ਕਾਫੀ ਸਮੇਂ ਤੋਂ ਗਾਂਧੀ ਖਿਲਾਫ ਦੁਨੀਆ ਭਰ ਵਿਚ ਰੋਸ ਜ਼ਾਹਰ ਕੀਤੇ ਜਾਂਦੇ ਰਹੇ ਹਨ। ਹਾਲ ਹੀ ਵਿਚ, ਅਪਰੈਲ ਮਹੀਨੇ ਦੌਰਾਨ ਔਟਵਾ ਵਿਚ ਕਾਰਲੇਟਨ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਗਾਂਧੀ ਦੀ ਮੂਰਤੀ ਨੂੰ ਹਟਾਉਣ ਦੀ ਮੰਗ ਕੀਤੀ ਸੀ। ਸੰਸਥਾਨ ਆਫ ਅਮਰੀਕਨ ਸਟੱਡੀਜ਼ ਸਟੂਡੈਂਟ ਐਸੋਸੀਏਸ਼ਨ (ਆਈਏਐਸਏਏ) ਦੇ ਪ੍ਰਧਾਨ ਕੈਨਥ ਅਲਿਊ ਨੇ ਇਸ ਮੁਹਿੰਮ ਦੀ ਅਗਵਾਈ ਕੀਤੀ। ਅਲਿਊ ਨੇ ਦਾਅਵਾ ਕੀਤਾ ਸੀ ਕਿ, "ਗਾਂਧੀ ਜਾਤੀਵਾਦੀ ਸਨ। ਉਸ ਨੇ ਦੱਖਣੀ ਅਫਰੀਕਾ ਵਿਚ ਰਹਿਣ ਸਮੇਂ ਬ੍ਰਿਟਿਸ਼ਾਂ ਨਾਲ ਸੌਦੇਬਾਜ਼ੀ ਕਰਨ ਲਈ ਨਸਲ ਭੇਦ ਨੂੰ ਇੱਕ ਹਥਿਆਰ ਵਜੋਂ ਇਸਤੇਮਾਲ ਕੀਤਾ।" ਕਾਰਲੇਟਨ ਵਿਚੋਂ ਗਾਂਧੀ ਦੀ ਮੂਰਤੀ ਨੂੰ ਹਟਾਉਣ ਦੀਆਂ ਅਲਿਊ ਦੀਆਂ ਕੋਸ਼ਿਸ਼ਾਂ ਦੀ ਘਾਨਾ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਨੇ ਵੀ ਪ੍ਰਸ਼ੰਸਾ ਕੀਤੀ। ਘਾਨਾ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਨੇ ਵੀ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਦੱਖਣੀ ਅਫ਼ਰੀਕਾ ਵਿੱਚ ਗਾਂਧੀ ਨੇ ਡਰਬਨ ਪੋਸਟ ਅਤੇ ਟੈਲੀਗ੍ਰਾਫ ਦੇ ਦਫਤਰਾਂ ਦੀ ਜਾਤ-ਵੰਡ ਪ੍ਰਣਾਲੀ ਵਿੱਚ ਕੇਂਦਰੀ ਭੂਮਿਕਾ ਨਿਭਾਈ ਸੀ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਗਾਂਧੀ ਦਾ ਸਤਿਕਾਰ ਕਰਨਾ ਇੱਕ ਨਫ਼ਰਤ ਭਰੇ ਝੂਠ ਦੇ ਕੱਟੜਪੰਥੀ ਦੰਭ ਦਾ ਸਮਰਥਨ ਕਰਨ ਦੇ ਬਰਾਬਰ ਹੈ।

ਯੂਐੱਸ ਹਾਊਸ ਰੈਜ਼ੋਲੂਸ਼ਨ 6916 ਵਿਰੁੱਧ ਪ੍ਰਤੀਕਰਮ ਵਿਚ ਓਐਮਆਈ. ਦੇ ਕਾਰਕੁਨ ਚੈਰਿਟੀ ਜੋਸੇਫ ਨੇ ਕਿਹਾ ਕਿ, "ਗਾਂਧੀ ਦਾ ਆਪਣੀ ਭਤੀਜੀ ਨਾਲ ਕਥਿਤ "ਬ੍ਰਹਮਚਾਰਿਆ" ਦੀ ਪਰਖ ਲਈ ਅਜੀਬ ਵਰਤਾਅ ਜਿਨਸੀ ਸ਼ੋਸ਼ਣ ਦਾ ਇਕ ਨਿਰਣਾਇਕ ਤੱਥ ਹੈ।" ਗਾਂਧੀ ਨੂੰ ਗੋਲਡ ਮੈਡਲ ਦੇਣ ਦਾ ਵਿਰੋਧ ਕਰਨ ਵਾਲੀਆਂ ਪ੍ਰਮੁੱਖ ਸ਼ਖਸੀਅਤਾਂ ਦਾ ਕਹਿਣਾ ਹੈ ਕਿ ਅਸੀਂ ਤਾਕਤਵਰ ਮਰਦਾਂ ਵੱਲੋਂ ਕੀਤੀਆਂ ਗਈਆਂ ਬਹੁਤ ਸਾਰੀਆਂ ਭਿਆਨਕ ਘਟਨਾਵਾਂ ਨੂੰ ਦੇਖ ਰਹੇ ਹਾਂ ਜੋ ਉਹਨਾਂ ਦੀ ਸੁਰੱਖਿਆ ਹੇਠ ਰਹਿਣ ਵਾਲੇ ਲੋਕਾਂ ਨਾਲ ਵਾਪਰੀਆਂ ਹਨ। ਭਾਰਤ ਵਿਚ ਆਸਾ ਰਾਮ ਤੇ ਕੈਥੋਲਿਕ ਚਰਚ ਵਿਚਲੇ ਸੈਕਸ ਸਕੈਂਡਲ ਉਦਾਹਰਣਾਂ ਹਨ। ਜਿਸ ਗਾਂਧੀ ਨੇ 75 ਸਾਲ ਦੀ ਉਮਰ ਵਿਚ 18 ਸਾਲ ਦੀ ਉਮਰ ਦੀਆਂ ਅੱਲ੍ਹੜਾਂ, ਮਨੂ ਅਤੇ ਆਭਾ ਨੂੰ ਹੁਕਮ ਦਿੱਤਾ ਕਿ ਉਹ ਰਾਤ ਨੂੰ ਮੇਰੇ ਨਾਲ ਨਿਰ-ਵਸਤਰ ਹੋ ਕੇ ਨੀਂਦ ਲੈਣ, ਤਾਂ ਕਿ ਉਹ ਆਪਣੇ ਬ੍ਰਹਮਚਾਰਿਆ ਦੀ ਪਰਖ ਕਰ ਸਕੇ, ਅਜਿਹੇ ਬੰਦੇ ਨੂੰ ਸਨਮਾਨਿਤ ਕਰਨ ਦੀ ਸੋਚਣਾ ਪਾਪ ਹੈ। ਇਸ ਮਤੇ ਦੇ ਵਿਰੋਧ ਵਿਚ ਇਸ ਨੂੰ ਨਸਲਵਾਦ ਦੀ ਪੁਸ਼ਟੀ ਕਰਨ, ਆਦਿ ਦੀਆਂ ਟਿੱਪਣੀਆਂ ਤੋਂ ਬਾਅਦ ਇਹ ਸਵਾਲ ਉਠ ਰਿਹਾ ਹੈ ਕਿ ਕੀ ਇਹ ਸੱਚ-ਮੁੱਚ ਸਾਡੇ ਕੌਮੀ ਇਤਿਹਾਸ ਵਿਚ ਇਕ ਬੁੱਧੀ ਵਾਲਾ ਕਦਮ ਹੈ? ਕੀ ਇਕ ਪੁਰਸ਼ ਨੂੰ ਗੋਲਡ ਮੈਡਲ ਦਿਵਾਉਣ ਲਈ, ਜਿਸ ਉਤੇ ਕੁੜੀਆਂ ਦੇ ਸਰੀਰਕ ਸ਼ੋਸ਼ਣ ਦੇ ਦੋਸ਼ ਲਗਦੇ ਹੋਣ, ਜੋ ਰੰਗ ਭੇਦ ਸਮੇਤ, ਜਾਤਪਾਤ, ਨਸਲੀ ਤੇ ਧਾਰਮਿਕ ਵਿਤਕਰਿਆਂ ਵਾਲਾ ਸਾਬਤ ਹੁੰਦਾ ਹੋਵੇ, ਕੰਮ ਕਰਨਾ ਚਾਹੀਦਾ ਹੈ? ਅਫਰੀਕਨ ਕਾਰਕੁਨ ਯਾਦਾ ਬਰਨਾਰਡ, ਇਸ ਕਦਮ ਨੂੰ ਮਨੁੱਖਤਾ ਦਾ ਅਪਮਾਨ ਕਰਨ ਲਈ ਉਸ ਦੇ ਮੂੰਹ ਉਤੇ ਥੱਪੜ ਮਾਰਨ ਵਰਗੀ ਕਾਰਵਾਈ ਮੰਨਦਾ ਹੈ।

ਦਰਅਸਲ ਮੋਹਨ ਦਾਸ ਕਰਮ ਚੰਦ ਗਾਂਧੀ, ਜਿਸ ਨੂੰ ਭਾਰਤ ਵਿਚ "ਬਾਪੂ ਗਾਂਧੀ ਵੀ ਕਿਹਾ ਜਾਂਦਾ ਹੈ, ਬਾਰੇ ਬਹੁਤ ਸਾਰੇ ਅਜਿਹੇ ਇੰਕਸ਼ਾਫ ਲਿਖਤੀ ਤੇ ਦਸਤਾਵੇਜ਼ੀ ਰੂਪ ਵਿਚ ਕਈ ਵਾਰ ਸਾਹਮਣੇ ਆ ਚੁੱਕੇ ਹਨ, ਜਿਨਾਂ ਵਿਚ ਉਸ ਦਾ ਅਹਿੰਸਾ ਦਾ ਢੌਂਗ ਕਰਨ, ਰਾਸ਼ਟਰਵਾਦ ਦੇ ਨਾਮ ਉਤੇ ਲੁਕਵੇਂ ਰੁਪ ਵਿਚ ਹਿੰਦੂਵਾਦ ਦੇ ਪਾਸਾਰ ਲਈ ਕੰਮ ਕਰਨ ਅਤੇ ਕਥਿਤ 'ਬ੍ਰਹਮਚਾਰਿਆ' ਦੀ ਪਰਖ ਦੇ ਨਾਮ ਉਤੇ ਔਰਤਾਂ ਦਾ ਸਰੀਰਕ ਸੋਸ਼ਣ ਕਰਨ ਤਕ ਦੇ ਸੰਗੀਨ ਦੋਸ਼ ਸ਼ਾਮਲ ਹਨ।



ਅਮਰੀਕਨ ਕਾਂਗਰਸ ਦਾ ਗੋਲਡ ਮੈਡਲ ਪੁਰਸਕਾਰ ਇਸ ਦਾ ਸਭ ਤੋਂ ਵੱਡਾ ਨਾਗਰਿਕ ਸਨਮਾਨ ਹੈ। ਹੁਣ ਤਕ ਬਹੁਤ ਘੱਟ ਵਿਦੇਸ਼ੀ ਇਸ ਪੁਰਸਕਾਰ ਨੂੰ ਪ੍ਰਾਪਤ ਕਰ ਸਕੇ ਹਨ। ਇਸ ਪੁਰਸਕਾਰ ਨੂੰ ਪ੍ਰਾਪਤ ਕਰਨ ਵਾਲੇ ਗੈਰ-ਅਮਰੀਕਨਾਂ ਵਿਚ ਪ੍ਰਮੁੱਖ ਤੌਰ 'ਤੇ ਮਦਰ ਟੈਰੇਸਾ (ਸੰਨ 1997), ਨੈਲਸਨ ਮੰਡੇਲਾ (ਸੰਨ 1998), ਪੋਪ ਜੌਹਨ ਪਾਲ (ਸੰਨ 2000), ਦਲਾਈਲਾਮਾ (ਸੰਨ 2006), ਆਂਗ ਸਾਨ ਸੂ ਕੀ (ਸੰਨ 2008), ਮੁਹੰਮਦ ਯੂਨਸ (ਸੰਨ 2010) ਅਤੇ ਸ਼ਿਮੋਨ ਪੇਰੇਸ (ਸੰਨ 2014) ਸ਼ਾਮਲ ਹਨ।

ਗੌਰਤਲਬ ਹੈ ਕਿ ਉਕਤ ਸੰਗੀਨ ਕਿਸਮ ਦੇ ਇਲਜ਼ਾਮਾਂ ਕਾਰਨ ਹੀ ਕਥਿਤ ਅਹਿੰਸਾ ਦੇ ਇਸ ਪੁਜਾਰੀ ਨੂੰ ਪੰਜ ਵਾਰ ਨੋਬਲ ਸ਼ਾਤੀ ਪੁਰਸਕਾਰ ਲਈ ਨਾਮਜ਼ਦ ਹੋਣ ਦੇ ਬਾਵਜੂਦ ਇਹ ਪੁਰਸਕਾਰ ਨਹੀਂ ਮਿਲ ਸਕਿਆ।

ਅਮਰੀਕਾ ਸਮੇਤ ਦੁਨੀਆ ਭਰ ਵਿਚ ਵਸਦੇ ਇਨਸਾਫ-ਪਸੰਦ ਲੋਕ ਇਸ ਮਤੇ ਨੂੰ ਲੈ ਕੇ ਚਿੰਤਤ ਹਨ, ਜੋ ਮੋਹਨ ਦਾਸ ਉਰਫ ਮਹਾਤਮਾ ਗਾਂਧੀ ਨੂੰ ਮਰਨ ਉਪਰੰਤ ਅਮਰੀਕਨ ਕਾਂਗਰਸ ਵੱਲੋਂ ਸੋਨੇ ਦਾ ਤਮਗਾ ਦੇਣ ਦਾ ਸੁਝਾਅ ਦਿੰਦਾ ਹੈ। ਇਨਾਂ ਦਾਨਿਸ਼ਵਰਾਂ ਦਾ ਪ੍ਰਮੁੱਖ ਇਤਰਾਜ਼ ਗਾਂਧੀ ਦੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨੂੰ ਲੈ ਕੇ ਹੈ। ਹੈਰਤਅੰਗੇਜ਼ ਗੱਲ ਹੈ ਗਾਂਧੀ ਉਤੇ ਜਿਨਸੀ ਸ਼ੋਸ਼ਣ ਦੇ ਦੋਸ਼ ਉਸ ਦੀਆਂ ਨਾਬਾਲਗ ਭਤੀਜੀਆਂ ਨਾਲ ਹੀ ਸਬੰਧਤ ਹਨ। ਉਹ 70 ਸਾਲ ਦੀ ਉਮਰ ਵਿਚ ਕਥਿਤ 'ਬ੍ਰਹਮਚਾਰਿਆ' ਦੀ ਪਰਖ ਕਰਨ ਦੇ ਨਾਮ ਉਤੇ ਆਪਣੀਆਂ ਨਾਬਾਲਗ ਭਤੀਜੀਆਂ ਨਾਲ ਨਿਰ-ਵਸਤਰ ਹੋ ਕੇ ਸੌਣ ਦੀਆਂ ਗੱਲਾਂ ਖੁਦ ਹੀ ਮੰਨਦਾ ਰਿਹਾ ਹੈ। ਜਿਨਸੀ ਸ਼ੋਸ਼ਣ ਦੇ ਮੁੱਦੇ ਬਾਰੇ ਸੰਸਾਰ ਪੱਧਰ ਉਤੇ ਜੋ ਸਾਂਝੀ ਸਮਝ ਬਣੀ ਹੋਈ ਹੈ, ਉਸ ਵਿਚ ਕਿਸੇ ਬਾਲਗ ਪੁਰਸ਼ ਦਾ ਅਜਿਹਾ ਵਿਵਹਾਰ ਜਿਨਸੀ ਸ਼ੋਸ਼ਣ ਦੇ ਅਧੀਨ ਹੀ ਮੰਨਿਆ ਜਾਂਦਾ ਹੈ। ਇਸ ਕਰਕੇ ਉਕਤ ਮਤੇ ਦਾ ਵਿਰੋਧ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਸਾਡੇ ਪ੍ਰਤੀਨਿਧੀ ਜਿਨਸੀ ਸ਼ੋਸ਼ਣ ਦਾ ਵਿਰੋਧ ਕਰਨ ਵਿਚ ਦੋਹਰੇ ਮਿਆਰ ਨਾ ਅਪਨਾਉਣ। ਗਾਂਧੀ ਦੇ ਖਿਲਾਫ ਹੋਰ ਸੰਗੀਨ ਦੋਸ਼ ਹਨ ਕਿ ਉਸ ਨੇ ਭਾਰਤੀਆਂ ਅਤੇ ਅਫ਼ਰੀਕਨਾਂ ਦੀ ਵੰਡ ਕੀਤੀ ਅਤੇ ਇਸ ਤਰਾਂ ਕਰਕੇ ਉਸ ਨੇ ਨਸਲੀ ਭੇਦਭਾਵ ਵਾਲਾ ਕੰਮ ਹੀ ਕੀਤਾ। ਆਪਣੇ ਹੀ ਪਰਿਵਾਰ ਦੀਆਂ ਜਵਾਨ ਲੜਕੀਆਂ ਅਤੇ ਆਪਣੇ ਫਾਲੋਅਰਜ਼

ਬਾਕੀ ਸ.ਫ਼ਾ 28 'ਤੇ

# ਪੰਜਾਬ ਦੇ 'ਇਨਕਲਾਬੀ' ਖੱਬੇ ਪੱਖੀ ਸਾਹਿਤਕਾਰ ਸਰਕਾਰ ਭਗਤ ਕਿਵੇਂ ਬਣੇ ?

**ਪ੍ਰੀਤਮ ਸਿੰਘ**





ਪੰਜਾਬੀ ਲੇਖਕ ਅੱਜਕੱਲ ਡਾਢੇ ਤਿਲਮਲਾ ਰਹੇ ਹਨ ਕਿ ਸਨਮਾਨ ਸਮਾਰੋਹਾਂ ਵਿਚ ਰਾਜ ਸੱਤਾ ਵਲੋਂ ਉਨ੍ਹਾਂ ਨੂੰ ਸਨਮਾਨਿਤ ਕਰਨ ਦੀ ਥਾਂ ਅਪਮਾਨਿਤ ਕੀਤਾ ਜਾਂਦਾ ਹੈ। ਤੇਰਾ ਸਿੰਘ ਚੰਨ ਨੇ ਇਸ ਵਿਚਾਰ ਦੀ ਪ੍ਰਤਿਨਿਧਤਾ ਕਰਦਿਆਂ ਲਿਖਿਆ ਸੀ, "ਅਸਲ ਵਿਚ ਰਾਜ ਸੱਤਾ ਉੱਤੇ ਬਿਰਾਜਮਾਨ ਹਾਕਮਾਂ ਦੇ ਮਨ ਵਿਚ ਲੇਖਕਾਂ ਦੀ ਕੋਈ ਕਦਰ ਨਹੀਂ। ਉਹ ਸਭ ਕੁਝ ਵਿਖਾਵੇ ਵਜੋਂ ਕਰਦੇ ਹਨ ਤੇ ਅਜਿਹੇ ਹਰ ਅਵਸਰ ਨੂੰ ਆਪਣੀ ਸਿਫ਼ਤ ਸਲਾਹ ਕਰਵਾਉਣ ਲਈ ਵਰਤਦੇ ਹਨ।"

ਸੋਚਣ ਵਾਲੀ ਗੱਲ ਇਹ ਹੈ ਕਿ ਜੇ ਰਾਜ ਸੱਤਾ ਦਾ ਲੇਖਕਾਂ ਪ੍ਰਤੀ ਅਜਿਹਾ ਵਤੀਰਾ ਹੈ ਤਾਂ ਕੀ ਲੇਖਕ ਆਪਣੇ ਸਵੈ-ਮਾਣ ਦੀ ਰਾਖੀ ਲਈ ਕੋਈ ਕਦਮ ਚੁਕਣ ਦਾ ਜੇਰਾ ਰੱਖਦੇ ਹਨ। ਹਕੀਕਤ ਇਹ ਹੈ ਕਿ ਪੰਜਾਬੀ ਲੇਖਕ ਰਾਜ ਸੱਤਾ ਤੋਂ ਸਨਮਾਨ ਪ੍ਰਾਪਤ ਕਰਨ ਲਈ ਸਦਾ ਤਰਲੋਮੱਛੀ ਹੁੰਦੇ ਰਹਿੰਦੇ ਹਨ। ਭਾਵੇਂ ਇਹ ਸਨਮਾਨ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਜਿੰਨੇ ਮਰਜ਼ੀ ਪਾਪੜ ਵੇਲਣੇ ਪੈਣ ਤੇ ਇਸ ਟੀਚੇ ਦੀ ਪ੍ਰਾਪਤੀ ਲਈ ਉਨ੍ਹਾਂ ਨੂੰ ਜਿੰਨਾ ਮਰਜ਼ੀ ਜ਼ਲੀਲ ਹੋਣਾ ਪਵੇ।

ਸੰਨ 1963 ਵਿਚ ਜਲੰਧਰ ਦੇ ਟਾਊਨ ਹਾਲ ਵਿਚ ਇਕ ਸਮਾਗਮ ਹੋਇਆ। ਪ੍ਰਯੋਗਸ਼ੀਲ ਕਵਿਤਾ ਉਤੇ ਬਹਿਸ ਚਲ ਰਹੀ ਸੀ। ਪ੍ਰੋ. ਮੋਹਨ ਸਿੰਘ ਵੀ ਉੱਥੇ ਮੌਜੂਦ ਸੀ। ਮੈਂ ਕਿਹਾ ਕਿ ਪ੍ਰਗਤੀਵਾਦੀ ਕਵਿਤਾ ਹਕੀਕਤ ਤੋਂ ਅੱਖਾਂ ਮੀਟ ਕੇ ਕੇਵਲ ਇਕ ਵਿਚਾਰਧਾਰਾ ਦਾ ਧੂੱਤੂ ਵਜਾ ਰਹੀ ਹੈ। ਪ੍ਰੋ. ਮੋਹਨ ਸਿੰਘ ਨੇ ਚੀਨ ਵਿਚ ਇਨਕਲਾਬ ਆਉਣ ਅਤੇ ਕਮਿਊਨਿਸਟਾਂ ਦੇ ਸੱਤਾ ਸੰਭਾਲਣ ਪਿਛੋਂ ਚੀਨੀ ਇਨਕਲਾਬ ਦੀ ਸਿਫਤ ਸਲਾਹ ਵਿਚ ਧੜਾ-ਧੜ ਕਵਿਤਾਵਾਂ ਰਚੀਆਂ। ਪਰ ਜਦੋਂ ਚੀਨ ਨੇ ਭਾਰਤ ਉੱਤੇ ਹਮਲਾ ਕਰ ਦਿੱਤਾ ਤਾਂ ਉਸ ਦੀ ਨਿਖੇਧੀ ਕਰਨ ਲਈ ਉਨ੍ਹਾਂ ਪਾਸੋਂ ਇਕ ਕਵਿਤਾ ਵੀ ਨਹੀਂ ਰਚੀ ਗਈ। ਪ੍ਰੋ. ਮੋਹਨ ਸਿੰਘ ਸਮਾਗਮ ਵਿਚ ਬੋਲੇ ਤੇ ਪ੍ਰਗਤੀਸ਼ੀਲ ਕਵਿਤਾ ਦੀ ਉਨ੍ਹਾਂ ਨੇ ਭਰਪੂਰ ਵਕਾਲਤ ਕੀਤੀ ਪਰ ਮੇਰੇ ਕਿੰਤੂ ਦਾ ਕੋਈ ਉਤਰ ਨਾ ਦਿੱਤਾ। ਗੱਲ ਆਈ ਗਈ ਹੋ ਗਈ। ਕਾਫੀ ਸਮਾਂ ਬਾਅਦ ਪ੍ਰੋ. ਮੋਹਨ ਸਿੰਘ ਨੇ ਮੇਰੇ ਨਾਲ ਗਿਲਾ ਕੀਤਾ। "ਮੈਂ ਤੁਹਾਡਾ ਕਦੇ ਕੁਝ ਨਹੀਂ ਵਿਗਾੜਿਆ ਪਰ ਤੁਸੀਂ ਮੇਰਾ ਬੜਾ ਨੁਕਸਾਨ ਕੀਤਾ ਹੈ।" ਮੈਂ ਹੈਰਾਨ ਹੋ ਕੇ ਪੁਛਿਆ, "ਪ੍ਰੋ. ਸਾਹਿਬ ਮੈਨੂੰ ਦੱਸੋ ਤਾਂ ਸਹੀ ਮੈਂ ਤੁਹਾਡਾ ਕੀ ਨੁਕਸਾਨ ਕੀਤਾ ਹੈ?" ਉਨ੍ਹਾਂ ਉਤਰ ਦਿੱਤਾ, "ਤੁਸੀਂ ਉਸ ਦਿਨ ਆਪਣੇ ਭਾਸ਼ਨ ਵਿਚ ਮੇਰੇ ਚੀਨ-ਪੱਖੀ ਹੋਣ ਦੀ ਗੱਲ ਤੋਰੀ ਸੀ। ਇਸ ਦੀ ਰਿਪੋਰਟ ਸੀਆਈਡੀ. ਨੇ ਪ੍ਰਤਾਪ ਸਿੰਘ ਕੈਰੋਂ ਨੂੰ ਕਰ ਦਿੱਤੀ ਹੈ। ਉਸ ਨੇ ਮੈਨੂੰ ਐਮਐਲਸੀ. ਨਾਮਜ਼ਦ ਕਰਨ ਦਾ ਮਨ ਬਣਾਇਆ ਹੋਇਆ ਸੀ। ਹੁਣ ਤੁਹਾਡੇ ਭਾਸ਼ਨ ਦੇ ਪ੍ਰਭਾਵ ਸਦਕਾ ਇਹ ਸੁਨਹਿਰੀ ਮੌਕਾ ਮੇਰੇ ਹੱਥੋਂ ਖੁਸ ਗਿਆ ਹੈ।" ਮੈਂ ਬੜਾ ਹੈਰਾਨ-ਪਰੇਸ਼ਾਨ ਹੋਇਆ। ਮੈਂ ਕਿਹਾ, "ਪ੍ਰੋ. ਸਾਹਿਬ ਤੁਹਾਨੂੰ ਕਿਸੇ ਨੇ ਐਵੇਂ ਵਰਗਲਾ ਦਿਤਾ ਹੈ। ਸਰਕਾਰ ਏਨੀਆਂ ਛੋਟੀਆਂ ਛੋਟੀਆਂ ਗੱਲਾਂ ਦਾ ਨੋਟਿਸ ਲੈ ਕੇ ਅਜਿਹੇ ਅਹਿਮ ਫੈਸਲੇ ਨਹੀਂ ਬਦਲਦੀ।" ਪ੍ਰੋ. ਮੋਹਨ ਸਿੰਘ ਨੇ ਉਤਰ ਦਿਤਾ, "ਨਹੀਂ ਮੈਂ ਤੁਹਾਨੂੰ ਹਕੀਕਤ ਦੱਸ ਰਿਹਾ ਹਾਂ। ਮੈਂ ਜਦੋਂ ਇਸ ਸਬੰਧ ਵਿਚ ਕੈਰੋਂ ਸਾਹਿਬ ਨੂੰ ਯਾਦ ਕਰਾਉਣ ਗਿਆ ਤਾਂ ਉਨ੍ਹਾਂ ਨੇ ਆਪ ਇਹ ਗੱਲ ਮੈਨੂੰ ਜਤਲਾਈ।"

ਇਸ ਤੋਂ ਬਾਅਦ ਵੀ ਪ੍ਰੋ. ਮੋਹਨ ਸਿੰਘ ਦੇ ਰਾਜ ਸੱਤਾ ਦੀ ਨੇੜਤਾ ਪ੍ਰਾਪਤ ਕਰਨ ਦੀ ਚੇਸ਼ਟਾ ਵਿਚ ਕੋਈ ਫਰਕ ਨਾ ਆਇਆ। ਜਦੋਂ ਸੰਨ 1976 ਵਿਚ ਦੇਸ਼ ਵਿਚ ਐਮਰਜੈਂਸੀ ਲਾਗੂ ਹੋਈ ਅਤੇ ਤਾਨਾਸ਼ਾਹੀ ਦਾ ਪੂਰਾ ਰਾਜ ਹੋ ਗਿਆ, ਪੰਜਾਬ ਸਰਕਾਰ ਨੇ 'ਜਾਗ੍ਰਿਤੀ' ਰਸਾਲੇ ਦੇ ਸਿਲਵਰ ਜੁਬਲੀ ਸਮਾਗਮ ਦਾ ਪ੍ਰਬੰਧ ਕੀਤਾ। ਪ੍ਰੋ. ਮੋਹਨ ਸਿੰਘ ਨੇ ਇਸ ਸਮਾਗਮ ਵਿਚ ਇੰਦਰਾ ਗਾਂਧੀ ਦੀ ਕਸੀਦਾਗੋਈ ਕਰਦਿਆਂ ਹੋਇਆ ਇਕ ਨਜ਼ਮ ਪੜ੍ਹੀ, ਜਿਸ ਵਿਚ ਇੰਦਰਾ ਗਾਂਧੀ ਨੂੰ ਦੁਰਗਾ ਵਜੋਂ ਚਿਤਰਿਆ ਗਿਆ ਸੀ। ਐਮਰਜੈਂਸੀ ਦੀ ਵੀ ਰੱਜ ਕੇ ਤਾਰੀਫ ਕੀਤੀ ਗਈ, ਹਾਲਾਂਕਿ ਇਸ ਦੇ ਲਾਗੂ ਹੋਣ ਨਾਲ ਹੋਰ ਹੱਕ ਤਾਂ ਇਕ ਪਾਸੇ ਰਹੇ, ਲੋਕਾਂ ਪਾਸੋਂ ਜੀਣ ਦਾ ਹੱਕ ਵੀ ਖੋਹ ਲਿਆ ਗਿਆ ਸੀ।

ਸੰਨ 1963 ਵਿਚ ਪੰਜਾਬ ਸਰਕਾਰ ਨੇ ਪ੍ਰੋ. ਸੰਤ ਸਿੰਘ ਸੇਖੋਂ ਨੂੰ "ਸ਼੍ਰੋਮਣੀ ਸਾਹਿਤਕਾਰ" ਵਜੋਂ ਸਨਮਾਨਿਤ ਕੀਤਾ ਸੀ। ਇਸ ਸਮਾਗਮ ਦੀ ਪ੍ਰਧਾਨਗੀ ਦਰਬਾਰਾ ਸਿੰਘ ਨੇ ਕੀਤੀ। ਸੇਖੋਂ ਨੇ ਇਸ ਸਮਾਰੋਹ ਵਿਚ ਇਕ ਲੇਖ ਪੜ੍ਹਿਆ, "ਬੁੱਧੀਜੀਵੀ ਵਰਗ ਤੇ ਰਾਜ ਸੱਤਾ।" ਇਸ ਲੇਖ ਵਿਚ ਬਹੁਤ ਸਾਰੇ ਕਲੇਸ਼ਾਂ ਦਾ ਹੱਲ ਇਹ ਸੀ ਕਿ ਬੌਧਿਕ ਵਰਗ ਨੂੰ ਰਾਜ ਸੱਤਾ ਵਿਚ ਮਾਣ ਪ੍ਰਾਪਤ ਹੋਵੇ। ਦਰਬਾਰਾ ਸਿੰਘ ਨੇ ਆਖਿਆ ਕਿ ਲੇਖਕ ਦਾ ਕਰਤਵ ਤਾਂ ਲਿਖਣਾ ਹੈ ਪਰ ਜੇ ਉਸ ਨੇ ਸੱਤਾ ਵੱਲ ਝਾਕਣਾ ਹੈ, ਤਾਂ ਇਸ ਲਈ ਲੋਕਾਂ ਵਿਚ ਰਹਿ ਕੇ, ਜਨ-ਹਿੱਤਾਂ ਲਈ ਸੰਘਰਸ਼ ਕਰ ਕੇ, ਲੋਕਾਂ ਦਾ ਵਿਸ਼ਵਾਸ ਜਿੱਤੇ। ਰਾਜਸੱਤਾ ਘਰ ਵਿਚ ਬੈਠ ਕੇ ਕਵਿਤਾ-ਕਹਾਣੀ ਲਿਖਣ ਨਾਲ ਤੁਹਾਡੀ ਝੋਲੀ ਵਿਚ ਨਹੀਂ ਆ ਪੈਣੀ।

ਸੇਖੋਂ ਨੂੰ ਜਦੋਂ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ ਤਾਂ ਪੰਚਾਇਤ ਭਵਨ, ਚੰਡੀਗੜ੍ਹ ਵਿਚ ਇਕ ਸਮਾਗਮ ਹੋਇਆ ਜਿਸ ਦੇ ਮੁੱਖ ਮਹਿਮਾਨ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਸਨ। ਡਾ. ਅਤਰ ਸਿੰਘ ਨੇ ਸੇਖੋਂ ਸਾਹਿਬ ਦਾ ਤੁਆਰਫ਼ ਕਰਵਾਉਂਦਿਆਂ ਹੋਇਆ ਕਿਹਾ ਕਿ ਮੁੱਖ ਮੰਤਰੀ ਜੀ ਨੂੰ ਇਕ ਸ਼ਿਕਾਇਤ ਰਹਿੰਦੀ ਹੈ ਕਿ ਲੇਖਕ ਆਮ ਤੌਰ ਉਤੇ ਉਹਨਾਂ ਦੇ ਪਿੱਛੇ ਪਿੱਛੇ ਚਾਪਲੂਸੀ ਕਰਨ ਲਈ ਤੁਰੇ ਫਿਰਦੇ ਹਨ ਪਰ ਅੱਜ ਮੁੱਖ ਮੰਤਰੀ ਜੀ ਅਸੀਂ ਤੁਹਾਡੀ ਮੁਲਾਕਾਤ ਉਸ ਲੇਖਕ ਨਾਲ ਕਰਵਾਉਣ ਲੱਗੇ ਹਾਂ, ਜਿਹੜਾ ਬਾਗੀ ਹੈ। ਮੁੱਖ ਮੰਤਰੀ ਨੇ ਆਪਣੇ ਭਾਸ਼ਨ ਵਿਚ ਕਿਹਾ ਕਿ ਮੈਂ ਸੇਖੋਂ ਸਾਹਿਬ ਦੀਆਂ ਰਚਨਾਵਾਂ ਜੇਲ੍ਹ ਵਿਚ ਪੜ੍ਹੀਆਂ ਸਨ ਤੇ ਆਪਣੀ ਨਿੱਜੀ ਜ਼ਿੰਦਗੀ ਵਿਚ ਇਹ ਕਿੰਨੇ ਕੁ ਬਾਗੀ ਹਨ, ਇਹ ਤੁਸੀਂ ਮੇਰੇ ਨਾਲੋਂ ਵੀ ਵੱਧ ਚੰਗੀ ਤਰ੍ਹਾਂ ਜਾਣਦੇ ਹੋ।

ਰਾਜ ਸੱਤਾ ਦੀ ਨੇੜਤਾ ਪ੍ਰਾਪਤ ਕਰਨ ਨਾਲ ਲੇਖਕਾਂ ਨੂੰ ਲਾਭ ਪੁੱਜਦਾ ਰਹਿੰਦਾ ਹੈ, ਇਸ ਲਈ ਉਹ ਮਾੜੇ ਮੋਟੇ ਅਪਮਾਨ ਨੂੰ ਸਹਿ ਜਾਂਦੇ ਹਨ। ਕਿਉਂਕਿ ਜਿੰਨਾ ਚਿਰ ਉਨ੍ਹਾਂ ਦੀ ਲੇਖਣੀ ਦਾ ਰਾਜ ਸੱਤਾ ਵਲੋਂ ਮੁੱਲ ਨਹੀਂ ਪੈ ਜਾਂਦਾ, ਉਨ੍ਹਾਂ ਨੂੰ ਚੈਨ ਨਹੀਂ ਪੈਂਦਾ। ਹਰ ਇਕ ਲੇਖਕ ਇਹ ਸਮਝਦਾ ਹੈ ਕਿ ਉਸ ਦਾ ਸਾਹਿਤ ਵਿਚ ਸਥਾਨ ਨਿਰਧਾਰਤ ਹੀ ਰਾਜ ਸੱਤਾ ਵਲੋਂ ਦਿਤੇ ਗਏ ਪੁਰਸਕਾਰਾਂ ਅਤੇ ਸਨਮਾਨਾਂ ਨਾਲ ਹੋਣਾ ਹੈ। ਅੱਜ ਹਾਲਤ ਇਹ ਹੈ ਕਿ ਲੇਖਕ ਦਾ ਸਾਹਿਤ ਵਿਚ ਸਥਾਨ ਨਿਰਧਾਰਤ ਹੀ ਉਸ ਨੂੰ ਰਾਜ ਸੱਤਾ ਵਲੋਂ ਮਿਲੇ ਸਨਮਾਨਾਂ ਦੇ ਪੈਮਾਨੇ ਨਾਲ ਨਾਪਿਆ ਜਾਂਦਾ ਹੈ। ਵੱਡੇ ਤੋਂ ਵੱਡਾ ਲੇਖਕ ਵੀ ਇਸ ਝਾਕ ਵਿਚ ਰਹਿੰਦਾ ਹੈ ਕਿ ਉਸ ਨੂੰ ਕੋਈ ਨਾ ਕੋਈ ਸਨਮਾਨ ਹਰ ਸਾਲ ਮਿਲਦਾ ਰਵ੍ਹੇ। ਕਦੇ ਭਾਸ਼ਾ ਵਿਭਾਗ ਵਲੋਂ, ਕਦੇ ਰਾਜ ਸਰਕਾਰ ਵਲੋਂ, ਕਦੇ ਕੇਂਦਰੀ ਸਾਹਿਤ ਅਕਾਦਮੀ ਵਲੋਂ, ਕਦੇ ਕੇਂਦਰੀ ਸਰਕਾਰ ਵਲੋਂ। ਭਾਵੇਂ ਇਹ ਪਦਮ ਸ੍ਰੀ ਦੀ ਸ਼ਕਲ ਵਿਚ ਹੋਵੇ, ਭਾਵੇਂ ਰਾਜ ਸਭਾ ਦੀ ਨਾਮਜ਼ਦ ਮੈਂਬਰੀ ਦੀ ਸ਼ਕਲ ਵਿਚ ਹੋਵੇ।

ਇਨਾਮ ਕਿਵੇਂ ਪ੍ਰਾਪਤ ਹੁੰਦੇ ਹਨ, ਇਸ ਦੀ ਕੁਝ ਝਲਕ ਤਾਂ ਖੁਸ਼ਵੰਤ ਸਿੰਘ ਤੇ ਪ੍ਰਭਜੋਤ ਕੌਰ ਵਿਚਾਲੇ ਚੱਲੇ ਵਿਵਾਦ ਤੋਂ ਮਿਲਦੀ ਹੈ। ਉਸ ਨੇ ਇੰਡੀਆ ਟੂਡੇ ਵਿਚ ਲਿਖਿਆ ਹੈ ਕਿ ਪ੍ਰਭਜੋਤ ਕੌਰ ਨੂੰ ਡਾ. ਰਾਧਾਕ੍ਰਿਸ਼ਨ ਦੀ ਨੇੜਤਾ ਪ੍ਰਾਪਤ ਹੋਣ ਕਰਕੇ ਸਾਹਿਤ ਅਕਾਦਮੀ ਦਾ ਪੁਰਸਕਾਰ ਹੀ ਪ੍ਰਾਪਤ ਨਾ ਹੋਇਆ ਬਲਕਿ ਹੋਰ ਕੋਈ ਇਨਾਮ-ਸਨਮਾਨ ਵੀ ਮਿਲੇ। ਕਰਤਾਰ ਸਿੰਘ ਦੁੱਗਲ ਨੇ ਇਸ ਹਕੀਕਤ ਤੋਂ ਇਕ ਕਹਾਣੀ ਰਾਹੀਂ ਪਰਦਾ ਚੁੱਕਣ ਦਾ ਯਤਨ ਕੀਤਾ ਹੈ। ਆਪਣੀ ਕਹਾਣੀ "ਇੰਨ ਬਿੰਨ ਉਂਝ" ਵਿਚ ਉਸ ਨੇ ਪੁਰਸਕਾਰ ਪ੍ਰਾਪਤ ਕਰਨ ਵਾਲੇ ਲੇਖਕ ਦੀ ਇੰਜ ਤਸਵੀਰਕਸ਼ੀ ਕੀਤੀ ਹੈ।

"ਤੇ ਉਹਦੀ ਤ੍ਰੀਮਤ ਦੇ ਮੂੰਹੋਂ ਅਭੜਵਾਹੇ ਨਿਕਲਿਆ, ਇਨਾਮ ਕਿਤਾਬ ਕਰਕੇ ਥੋੜ੍ਹਾ ਮਿਲਿਆ ਹੈ, ਤੇ ਫੇਰ ਉਹ ਅਚਾਨਕ ਚੁੱਪ ਹੋ ਗਈ।"

ਉਹ ਆਪਣੀ ਤ੍ਰੀਮਤ ਨੂੰ ਕਹਿ ਰਿਹਾ ਸੀ, "ਪਿਤਾ ਜੀ ਦੇ ਸਾਹਮਣੇ ਤੇਰਾ ਇਹ ਕਹਿਣਾ ਕਿ ਇਨਾਮ ਕਿਤਾਬ ਕਰਕੇ ਥੋੜ੍ਹਾ ਮਿਲਿਆ ਹੈ, ਕੀ ਇਹ ਬੇਹੂਦਗੀ ਨਹੀਂ ਸੀ?" ਤੇ ਉਹਦੀ ਤ੍ਰੀਮਤ ਨੂੰ ਜਿਵੇਂ ਚਾਰੇ ਕੱਪੜੀਂ ਅੱਗ ਲੱਗ ਗਈ ਹੋਵੇ, "ਇਸ ਵਿਚ ਬੇਹੂਦਗੀ ਦੀ ਕਿਹੜੀ ਗੱਲ ਹੈ?" ਉਹ ਕਹਿਣ ਲੱਗੀ, "ਪਿਛਲੇ ਦਸ ਵਰ੍ਹਿਆਂ ਤੋਂ ਅਸੀਂ ਇਸ ਇਨਾਮ ਦੇ ਮਗਰ ਲੱਗੇ ਹੋਏ ਹਾਂ। ਤੁਰ-ਤੁਰ ਕੇ ਪੈਰਾਂ ਦੀਆਂ ਅੱਡੀਆਂ ਵੀ ਘਸ ਗਈਆਂ ਨੇ। ਤਿੰਨ ਹਜ਼ਾਰ ਦਾ ਇਨਾਮ ਤੇ ਇਸ ਤੋਂ ਦੂਣੀ-ਤੀਣੀ ਰਕਮ ਅਸੀਂ ਕਿਰਾਇਆਂ ਤੇ ਭੈੜੇ ਭੈੜੇ ਲੋਕਾਂ ਦੀਆਂ ਖਾਤਰਾਂ ਵਿਚ ਖਰਚ ਚੁੱਕੇ ਹਾਂ। ਤੇ ਫੇਰ ਹਰ ਵਰ੍ਹੇ ਹਰ ਦੂਜੇ ਵਰ੍ਹੇ ਆਪਣੇ ਖਰਚ ਉਤੇ ਕਿਤਾਬਾਂ ਛਪਵਾਈਆਂ। ਮਾਰ ਪਕੜ ਕੇ ਸਾਰਾ ਘਰ ਕਿਤਾਬਾਂ ਦਾ ਭਰ ਗਿਆ ਏ। ਜਿਧਰ ਦੇਖੋ ਅਣਵਿਕੀਆਂ ਕਿਤਾਬਾਂ ਦੇ ਬੰਡਲ। ਮੈਂ ਤੇ ਸੋਚ-ਸੋਚ ਕੇ ਹੈਰਾਨ ਪਈ ਹੁੰਦੀ ਹਾਂ। ਅਸੀਂ ਤੇ ਇਨਾਮ ਤੋਂ ਕਿਤੇ ਵਧੇਰੇ ਇਨਾਮ ਲੈਣ ਲਈ ਪੈਸਾ ਰੋੜ੍ਹਿਆ ਏ।" ਪਤਾ ਨਹੀਂ ਕਿਤਨਾ ਚਿਰ ਇੰਜ ਉਹ ਬੋਲਦੀ ਰਹੀ। ਉਸ ਦੇ ਸਾਹਿਤਕਾਰ ਖਾਵੰਦ ਦੇ ਮੂੰਹ ਵਿਚ ਜਿਵੇਂ ਜ਼ੁਬਾਨ ਨਾ ਹੋਵੇ।

ਹਾਲਾਤ ਕਿੰਨੇ ਨਿਘਰ ਚੁੱਕੇ ਹਨ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਵਿਅਕਤੀਗਤ ਲੇਖਕਾਂ ਨੂੰ ਤਾਂ ਇਕ ਪਾਸੇ ਛੱਡੋ, ਹੁਣ ਲੇਖਕ ਜਥੇਬੰਦੀਆਂ ਵੀ ਸਰਕਾਰ ਤੋਂ ਇਨਾਮ ਪ੍ਰਾਪਤ ਕਰਨ, ਨਾਮ ਦੀ ਰਾਸ਼ੀ ਨੂੰ ਸਰਕਾਰ ਪਾਸੋਂ ਵਧਾਉਣ ਤੇ ਗਰਾਂਟਾਂ ਹਾਸਲ ਕਰਨ ਲਈ ਹੀ ਆਪਣੀ ਜਥੇਬੰਦੀ ਦੇ ਵਰਨਣ ਯੋਗ ਕਾਰਨਾਮੇ ਵਜੋਂ ਪੇਸ਼ ਕਰਨ ਵਿਚ ਫ਼ਖ਼ਰ ਮਹਿਸੂਸ ਕਰਦੀਆਂ ਰਹੀਆਂ ਹਨ ਤੇ ਕਰ ਰਹੀਆਂ ਹਨ।

ਤੇਰਾ ਸਿੰਘ ਚੰਨ ਲਿਖਦੇ ਹਨ, "ਪੰਜਾਬੀ ਲੇਖਕਾਂ ਦੀ ਪ੍ਰਮੁੱਖ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਨੇ ਸਨਮਾਨ ਵਿਚ ਵਾਧੇ ਲਈ ਲੰਮਾ ਸੰਘਰਸ਼ ਕੀਤਾ। ਪੰਜਾਬੀ ਦੇ ਸ਼੍ਰੋਮਣੀ ਸਾਹਿਤਕਾਰ ਲਈ ਰਕਮ 10,000 ਤੋਂ 51,000 ਕਰਵਾਉਣ ਲਈ ਸਫਲਤਾ ਪ੍ਰਾਪਤ ਕੀਤੀ ਹੈ। ਇਸ ਤਰ੍ਹਾਂ ਹੋਰ ਕਲਾਵਾਂ ਦੇ ਲੇਖਕਾਂ ਦੀ ਸਨਮਾਨ ਰਕਮ ਵਿਚ ਵੀ ਵਾਧਾ ਕਰਵਾਇਆ।"

ਸ਼ਾਇਦ ਇਸ ਵਧੀ ਹੋਈ ਰਾਸ਼ੀ ਨੇ ਕਈਆਂ ਦੇ ਈਮਾਨ ਡੁਲਾ ਦਿੱਤੇ ਹਨ ਅਤੇ ਲੇਖਕ ਹੁਣ ਇਹ ਰਾਸ਼ੀ ਸਰਕਾਰ ਤੋਂ ਪ੍ਰਾਪਤ ਕਰਨ ਦੀ ਚੂਹਾ-ਦੌੜ ਵਿਚ ਅੱਗੇ ਨਾਲੋਂ ਵੀ ਵਧੇਰੇ ਖਜਲ ਖੁਆਰ ਹੋ ਰਹੇ ਹਨ। ਜਸਵੰਤ ਸਿੰਘ ਕੰਵਲ ਨੂੰ ਜਦੋਂ ਪੰਜਾਬ ਆਰਟ ਕੌਂਸਲ ਨੇ 10,000 ਦਾ ਇਨਾਮ ਦੇਣ ਦਾ ਐਲਾਨ ਕੀਤਾ ਤਾਂ ਉਸ ਨੇ ਉਹ ਇਨਾਮ ਇਹ ਕਹਿ ਕੇ ਠੁਕਰਾ ਦਿਤਾ ਕਿ ਮੇਰੇ ਪਾਠਕਾਂ ਦਾ ਦਿਨੋਂ ਦਿਨ ਵਿਸ਼ਾਲ ਹੋ ਰਿਹਾ ਘੇਰਾ ਹੀ ਸਭ ਤੋਂ ਵਡਾ ਇਨਾਮ ਹੈ। ਮੈਂ ਸਰਕਾਰੀ ਇਨਾਮਾਂ ਵਿਚ ਕੋਈ ਆਸਥਾ ਨਹੀਂ ਰੱਖਦਾ। ਇਸ ਤੋਂ ਬਾਅਦ ਇਹ ਇਨਾਮ ਇਨਕਲਾਬ ਦੇ ਵੱਡੇ ਮੁਦਈ ਸੰਤੋਖ ਸਿੰਘ ਧੀਰ ਨੇ ਬੜੀ ਚਾਹ ਨਾਲ ਕਬੂਲ ਕਰ ਲਿਆ। ਪਰ ਜਦੋਂ ਪੰਜਾਬ ਸਰਕਾਰ ਨੇ 51,000 ਰੁਪਏ ਦਾ ਸ਼੍ਰੋਮਣੀ ਸਾਹਿਤਕਾਰ ਦਾ ਇਨਾਮ ਜਸਵੰਤ ਸਿੰਘ ਕੰਵਲ ਨੂੰ ਦੇਣ ਦਾ ਐਲਾਨ ਕੀਤਾ ਤਾਂ ਕੰਵਲ ਨੇ ਬਖੁਸ਼ੀ ਇਨਾਮ ਸਵੀਕਾਰ ਕਰ ਲਿਆ ਅਤੇ ਪਹਿਲੇ ਕੀਤੇ ਸਾਰੇ ਦਾਅਵੇ ਧਰੇ ਧਰਾਏ ਰਹਿ ਗਏ।

ਤੇਰਾ ਸਿੰਘ ਚੰਨ ਲਿਖਦੇ ਹਨ, "ਸਨਮਾਨ ਵਜੋਂ ਰਾਸ਼ੀ ਲੈਣੀ ਸਾਡਾ ਹਕ ਹੈ। ਪਰ ਇਹ ਰਕਮ ਵੀ ਮਾਣ ਸਤਿਕਾਰ ਨਾਲ ਦੇਣੀ ਚਾਹੀਦੀ ਹੈ।" ਇਹ ਗਲ ਸਮਝ ਵਿਚ ਨਹੀਂ ਆਈ ਕਿ ਸਰਕਾਰ ਪਾਸੋਂ ਸਨਮਾਨ ਵਜੋਂ ਰਾਸ਼ੀ ਪ੍ਰਾਪਤ ਕਰਨਾ ਹੱਕ ਕਿਵੇਂ ਬਣ ਗਿਆ? ਅਤੇ ਕਦੋਂ ਤੋਂ ਬਣ ਗਿਆ? ਕਿਉਂਕਿ ਪ੍ਰਗਤੀਵਾਦੀ ਲੇਖਕ ਇਸ ਮਤ ਦਾ ਪ੍ਰਚਾਰ ਕਰਦੇ ਰਹੇ ਹਨ ਕਿ ਸਾਡਾ ਸਮਾਜ ਸ਼੍ਰੇਣੀ-ਬੱਧ ਸਮਾਜ ਹੈ। ਰਾਜ ਸੱਤਾ ਸ਼ੋਸ਼ਕ ਵਰਗ ਦੇ ਕਬਜ਼ੇ ਵਿਚ ਹੈ। ਹਾਕਮ ਜਮਾਤ ਰਾਜ ਸੱਤਾ ਨੂੰ ਸ਼ੋਸ਼ਕ ਵਰਗ ਦੇ ਹੱਕ ਵਿਚ ਵਰਤ ਰਹੀ ਹੈ ਤੇ ਇਸ ਨਾਲ ਕਿਰਤੀਆਂ ਦਾ ਸ਼ੋਸ਼ਣ ਕਰਨ ਵਿਚ ਸਹਾਇਤਾ ਕਰ ਰਹੀ ਹੈ। ਇਸ ਸਮਾਜ ਦਾ ਕਲਿਆਣ ਤਦੇ ਸੰਭਵ ਹੈ ਜੇ ਇਨਕਲਾਬ ਰਾਹੀਂ ਰਾਜ ਸੱਤਾ ਹਾਕਮ ਸ਼੍ਰੇਣੀ ਦੇ ਹਥੋਂ ਖੋਹ ਕੇ ਮਜ਼ਦੂਰ ਸ਼੍ਰੇਣੀ ਦੇ ਹਥ ਦਿੱਤੀ ਜਾਵੇ। ਜਦੋਂ ਤਕ ਇਹ ਕਰਾਂਤੀ ਨਹੀਂ ਆ ਜਾਂਦੀ ਸਮਾਜ ਵਿਚ ਨਿਆਂਸ਼ੀਲ ਵੰਡ ਨਹੀਂ ਹੋਣੀ। ਪਰ ਹੁਣ ਉਸੇ ਸਟੇਟ ਤੋਂ ਧਨ ਰਾਸ਼ੀ ਪ੍ਰਾਪਤ ਕਰਨਾ ਹੱਕ ਸਮਝਿਆ ਜਾ ਰਿਹਾ ਹੈ। ਪਰ ਇਹ ਧਾਰਨਾ ਤੇਰਾ ਸਿੰਘ ਚੰਨ ਦੀ ਕੋਈ ਵਿਅਕਤੀਗਤ ਨਹੀਂ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦਾ ਸਕੱਤਰ ਐਸ. ਤਰਸੇਮ ਵੀ ਇਹੋ ਮੁਹਾਰਨੀ ਪੜ੍ਹਦਾ ਰਿਹਾ ਸੀ। ਇਨਕਲਾਬੀ ਨਾਟਕਕਾਰ ਗੁਰਸ਼ਰਨ ਸਿੰਘ ਵੀ ਵਾਰ ਵਾਰ ਇਹੋ ਐਲਾਨ ਕਰਦਾ ਸੀ। ਪਰ ਕਿਸੇ ਨੇ ਅੱਜ ਤੱਕ ਇਹ ਸਪਸ਼ਟ ਕਰਨ ਦੀ ਖੇਚਲ ਨਹੀਂ ਕੀਤੀ ਕਿ ਕੀ ਹੁਣ ਸਮਾਜ ਸ਼੍ਰੇਣੀਬਧ ਨਹੀਂ ਰਿਹਾ ਅਤੇ ਕੀ ਹੁਣ ਸਟੇਟ ਬੁਰਜੁਆ ਨਹੀਂ ਰਹੀ? ਕੀ ਇਹ ਸਮਝ ਲਿਆ ਜਾਵੇ ਕਿ ਸਟੇਟ ਨੇ ਆਪਣਾ ਸ਼੍ਰੇਣੀ ਯੁਕਤ ਸੁਭਾਅ ਤਿਆਗ ਦਿਤਾ ਹੈ?

ਸਨਮਾਨ ਪ੍ਰਾਪਤੀ ਪ੍ਰਤੀ ਲੇਖਕਾਂ ਦੇ ਇਸ ਵਤੀਰੇ ਦਾ ਸਾਰੇ ਸਾਹਿਤ ਉੱਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਪੰਜਾਬ ਦੇ ਸੰਕਟ ਸੰਬਧੀ ਜੋ ਸਾਹਿਤ ਰਚਿਆ ਗਿਆ ਹੈ, ਉਹ ਸਰਕਾਰ ਦੀ ਇਸ ਸੰਕਟ ਪ੍ਰਤੀ ਸੋਚ ਨੂੰ ਦ੍ਰਿਸ਼ਟੀਗੋਚਰ ਰੱਖ ਕੇ ਹੀ ਰਚਿਆ ਗਿਆ ਹੈ। ਪੰਜਾਬ ਦਾ ਅਸਲ ਮਸਲਾ ਇਸ ਖਿਤੇ ਦੀ ਲੁੱਟ ਖਸੁੱਟ ਦਾ ਹੈ ਤੇ ਇਸਦੀ ਸਭਿਆਚਾਰਕ ਪਛਾਣ ਨੂੰ ਢਾਹ ਲਾਉਣ ਦੇ ਯਤਨਾਂ ਸਦਕਾ ਵਜੂਦ ਵਿਚ ਆਇਆ ਹੈ। ਸਾਰੇ ਭਾਰਤ ਵਿਚ ਭਾਸ਼ਾ ਦੇ ਆਧਾਰ ਉੱਤੇ ਸੂਬੇ ਬਣਾ ਦਿਤੇ ਗਏ ਪਰ ਪੰਜਾਬੀ ਸੂਬਾ ਬਣਵਾਉਣ ਲਈ ਪੰਜਾਬੀ ਲੋਕਾਂ ਨੂੰ ਇਕ ਲੰਮੇ ਸਮੇਂ ਤਕ ਸੰਘਰਸ਼ ਕਰਨਾ ਪਿਆ। ਇਸ ਨਾਲ ਕੁੜੱਤਣ ਵਧੀ, ਕਿਉਂਕਿ ਰਾਜਸਤਾ ਦੀ ਸ਼ਹਿ ਉਤੇ ਪੰਜਾਬ ਦੀ ਵਸੋਂ ਦਾ ਇਕ ਭਾਗ ਆਪਣੀ ਮਾਂ ਬੋਲੀ ਤੋਂ ਹੀ ਮੁਨਕਰ ਹੋ ਬੈਠਾ ਸੀ। ਸਾਰੇ ਦੇਸ ਵਿਚ ਦਰਿਆਈ ਪਾਣੀਆਂ ਦੀ ਵੰਡ "ਰਾਈਪੇਰੀਅਨ" ਅਸੂਲ ਉੱਤੇ ਆਧਾਰਿਤ ਹੈ, ਪਰ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਵੇਲੇ ਇਹ ਅਸੂਲ ਹੀ ਤਿਆਗ ਦਿਤਾ ਗਿਆ। ਦਰਿਆ ਜਮਨਾ ਵਿਚੋਂ ਪੰਜਾਬ ਨੂੰ ਕੋਈ ਹਿਸਾ ਨਾ ਮਿਲਿਆ, ਕਿਉਂਕਿ ਪੰਜਾਬ ਰਾਈਪੇਰੀਅਨ ਨਹੀਂ। ਪਰ ਰਾਵੀ ਦਾ ਪਾਣੀ ਵੰਡਣ ਵੇਲੇ ਇਸ ਤੱਥ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਕਿ ਹਰਿਆਣਾ ਤੇ ਰਾਜਸਥਾਨ ਇਸ ਅਸੂਲ ਤਹਿਤ ਪੰਜਾਬ ਦੇ ਕਿਸੇ ਦਰਿਆ ਤੋਂ ਪਾਣੀ ਨਹੀਂ ਵੰਡ ਸਕਦੇ। ਘਗਰ ਦਰਿਆ ਹਰਿਆਣਾ ਤੇ ਪੰਜਾਬ ਲਈ ਸਾਂਝਾ ਹੈ ਅਰਥਾਤ ਦੋਵੇਂ ਪਰਾਂਤ ਇਸ ਦਰਿਆ ਦੇ ਪ੍ਰਸੰਗ ਵਿਚ ਸਾਂਝੇ ਹਨ ਪਰ ਇਰਾਡੀ ਕਮਿਸ਼ਨ ਨੇ ਪਾਣੀਆਂ ਦੀ ਤਕਸੀਮ ਦਾ ਫੈਸਲਾ ਕਰਨ ਲਗਿਆ ਪੰਜਾਬ ਦੇ ਚੋਆਂ ਵਿਚ ਜੋ ਪਾਣੀ ਵਗਦਾ ਹੈ ਉਸ ਨੂੰ ਤਾਂ ਹਿਸਾਬ ਕਿਤਾਬ ਵਿਚ ਸ਼ਾਮਲ ਕਰ ਲਿਆ ਪਰ ਘਗਰ ਦੇ ਪਾਣੀ ਨੂੰ ਬਿਲਕੁਲ ਨਜ਼ਰਅੰਦਾਜ਼ ਕਰ ਦਿੱਤਾ।

ਪੰਜਾਬ ਵਿਚੋਂ ਕਣਕ ਬਾਹਰ ਲੈ ਜਾਣ ਉਤੇ ਕਾਨੂੰਨਨ ਕੋਈ ਪਾਬੰਦੀ ਨਹੀਂ। ਪਰ ਸਰਕਾਰ ਜ਼ਬਰਦਸਤੀ ਕਣਕ ਪ੍ਰਦੇਸ਼ ਤੋਂ ਬਾਹਰ ਬਰਾਮਦ ਨਹੀਂ ਕਰਨ ਦੇਂਦੀ ਤਾਂ ਜੋ ਪੰਜਾਬ ਦੇ ਕਿਸਾਨਾਂ ਦੀ ਕਣਕ ਸਸਤੇ ਭਾਅ ਖਰੀਦੀ ਜਾ ਸਕੇ। ਸਰਕਾਰ ਪੰਜਾਬ ਨੂੰ ਇਸ ਕਣਕ-ਚਾਵਲ ਪੈਦਾ ਕਰਨ ਦੇ ਚੱਕਰ ਵਿਚੋਂ ਬਾਹਰ ਨਹੀਂ ਨਿਕਲਣ ਦੇਂਦੀ, ਤਾਂ ਜੋ ਪੰਜਾਬ ਵਿਚੋਂ ਸਸਤੇ ਭਾਅ ਕਣਕ ਖਰੀਦੀ ਜਾ ਸਕੇ ਅਤੇ ਇਸ ਤਰ੍ਹਾਂ ਪੰਜਾਬ ਦੀ ਆਰਥਿਕ ਲੁਟ ਕਾਇਮ ਰਹਿ ਸਕੇ। ਇਸ ਨਾਲ ਬੇਰੁਜ਼ਗਾਰੀ ਵਧ ਰਹੀ ਹੈ। ਆਬਾਦੀ ਦੇ ਵਧਣ ਨਾਲ ਜ਼ਮੀਨ ਦੀ ਰੋਜ਼ਗਾਰ ਪੈਦਾ ਕਰਨ ਦੀ ਸਮਰੱਥਾ ਘਟਦੀ ਜਾਂਦੀ ਹੈ। ਇਸ ਕਮੀ ਨੂੰ ਉਦਯੋਗ ਲਾ ਕੇ ਹੀ ਪੂਰਾ ਕੀਤਾ ਜਾ ਸਕਦਾ ਹੈ, ਪਰ ਸਰਕਾਰ ਪੰਜਾਬ ਵਿਚ ਸਨਅਤਾਂ ਵਿਕਸਿਤ ਹੋਣ ਨਹੀਂ ਦੇਂਦੀ। ਕਿਉਂਕਿ ਹਰ ਵਡਾ ਨਵਾਂ ਕਾਰਖਾਨਾ ਲਾਉਣ ਲਈ ਸਰਕਾਰ ਪਾਸੋਂ ਇਜਾਜ਼ਤ ਲੈਣੀ ਪੈਂਦੀ ਹੈ ਅਤੇ ਕੇਂਦਰ ਸਰਕਾਰ ਆਪਣੀ ਲਾਈਸੈਂਸਿਗ ਪਾਲਿਸੀ ਪੰਜਾਬ ਵਿਚ ਸਨਅਤਾਂ ਦੇ ਅਗੇਂ ਵਿਕਾਸ ਕਰਨ ਦੇ ਰਾਹ ਵਿਚ ਰੁਕਾਵਟ ਖੜੀ ਕਰਨ ਲਈ ਵਰਤਦੀ ਰਹੀ ਹੈ। ਬੇਰੋਜ਼ਗਾਰੀ ਕਾਰਨ ਜਦੋਂ ਨੌਜਵਾਨਾਂ ਵਿਚ ਬੇਚੈਨੀ ਫੈਲਦੀ ਹੈ ਤਾਂ ਉਸ ਨੂੰ ਦਬਾਉਣ ਲਈ ਹਰ ਹੀਲਾ ਵਰਤਿਆ ਜਾਂਦਾ ਹੈ। ਮਨੁੱਖੀ ਅਧਿਕਾਰਾਂ ਦੀ ਖੁਲ੍ਹੇ ਆਮ ਉਲੰਘਣਾ ਹੁੰਦੀ ਹੈ। ਸਾਰਾ ਜਗ ਫਿਟਕਾਰਾਂ ਪਾਉਂਦਾ ਹੈ, ਪਰ ਸਾਡੇ ਪੰਜਾਬੀ ਲੇਖਕ ਇਸ ਸਾਰੇ ਵਰਤਾਰੇ ਨੂੰ ਹਿੰਦੂ-ਸਿਖ ਕਸ਼ਮਕਸ਼ ਵਜੋਂ ਹੀ ਚਿਤਾਰਦੇ ਹਨ।

ਪੰਜਾਬ ਸੰਕਟ ਨਾਲ ਸੰਬੰਧਿਤ ਸਾਰੇ ਸਾਹਿਤ ਵਿਚ ਇਕੋ ਰਾਗ ਅਲਾਪਿਆ ਹੋਇਆ ਹੁੰਦਾ ਹੈ ਕਿ ਹਿੰਦੂ ਸਿਖ ਭਾਈ ਹਨ ਇਸ ਲਈ ਇਹ ਸੰਕਟ ਕੋਈ ਅਰਥ ਨਹੀਂ ਰੱਖਦਾ। ਇਹ ਸੰਕਟ ਲੋਕਾਂ ਵਿਚ ਇਸੇ ਗਲ ਦਾ ਪ੍ਰਚਾਰ ਕਰਨ ਨਾਲ ਹਲ ਹੋ ਜਾਵੇਗਾ। ਪੰਜਾਬ ਸੰਕਟ ਸੰਬੰਧੀ ਪੰਜਾਬੀ ਲੇਖਕਾਂ ਨੇ ਜਿੰਨੇ ਸੀਰੀਅਲ ਹੁਣ ਤਕ ਬਣਾਏ ਹਨ, ਉਹ ਇਸੇ ਫਾਰਮੂਲੇ

ਬਾਕੀ ਸਫ਼ਾ 28 'ਤੇ

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

# Thank you • Thank you • Thank you • Thank you • Thank you to Waheguru ji and sadh sangat for making Sikh Float a success

## Sikh Float at Rose Parade













ROSE PARADE




**A big thanks to all donors who made this possible**

Donate Here

The Sikh Float
Dear Friends
The Sikh Float is into its 5th year, at the America's New Year Celebration in the Annual Rose Parade at Pasadena, California on the 1st of January, 2019.
The theme this year being "The Melody of Life" , we have selected the building of a giant RABAB to be displayed on the float depicting the teachings of Guru Nanak Dev ji.
The Sikh Float at the Rose Parade gives a great opportunity to the Sikh community to express itself at a local, national, and international level, of the Sikh ideals, practice, and History. The Rose Parade is televised all over the world reaching millions. It is essential for us to continue this very important annual effort / tradition.

Along with the complex designing, planning, and production of the Float, comes the time, expertise, effort, and cost of developing the Float. We appreciate all past and present contribution , and encourage ongoing contribution for helping continue this great effort.

The different levels of sponsorships is as follows:

Platinum $ 10,000+ • Diamond $ 7,500+ • Gold. $ 5,000+ • Silver. $ 2,500+ • Community

We value any and all donations to your desire and ability. A check can be made to "The Sikh Float, Rose Parade" and mailed to the address .10656 Cilantro Ave, Fontana, CA 92337

***"This is an important effort to continue for our community, our children, and the future generations"***

## Thanks to all donors

Gurmehar Foundation, Gurdip S. Malik, Beyond Borders Foundation, Robert J, Applegate, Nanak Parchar Sabha, The Sikh Spirit Foundation, Devinder S. Bindra, Royal Marker & Liquor, KK Bhatia MD, Satjiv S.Chahil, Daljinder S.Takhar, A&B Express Inc, Dhindsa Group of Companies, Baljit S. Bhatti, Future Computing Solutions Inc., Parvinder Khanuja MD, Wraich Transport, Arinder S. Chadha MD, Gurpreet Singh Khakh, Surinderapal Singh, Joginder Singh Sandhu (Joe), Jagtar S. Samra, The Blue Divinity Foundation, Western Regional Security, Baldev Sigh Samra Manbir Singh MD, Reem Petroleum Inc., Gurpreet S. Ahuja MD, Garucharan & Ranjit Singh, Surinder S. Saini MD, Lynn Trucking, Damanjit Singh, Tarlochan S. Rangi, Midland Oil Group, 1011 Inc., Bhatia J&J Inc., Satwinder S. Sidhu, Balwinder S. Bains, Brinderjit Dhillon, Devinder S. Gandhi MD, Onkarjit S. Marwah MD, Shoker Trading Corp.,Khalsa Care Foundation, Bandana Singh, Kulmeet S Dang, Jagjit Singh Sohl, Ravinder K. Sohl, Rupinder S. Bindra, The Association of Sikh Professionals, GP Farms Inc., Manraj Petroleum, Gurnam S. Pannu, Krishan S Khurana, Prbjeet S Khurana, Satinder Singh, Amritpal S Batra, Ujjager S. Uppal, Ravi Grewal, Darshan Singh Gill, Iqbal Singh Samra, Nachatar Singh Bhullar, 7-11 Franchisee and many more community members

SIKH Float ROSE PARADE COMMITTEE

ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ
UNITED SIKH MISSION USA
BEHOLD WHOLE OF MANKIND AS ONE

Adv. Sponsored by: Dalip Singh Sethi • Auto Center Realty LLC



jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com

ਧੰਨ ਧੰਨ ਬਾਬਾ ਨੰਦ ਸਿੰਘ ਜੀ

# ਭੁੱਲਰ ਪਾਲਕੀ ਸੈਂਟਰ

# BHULLAR PALKI CENTRE

ਇੱਥੇ ਗੁਰਦੁਆਰਾ ਸਾਹਿਬ ਦੇ ਹਾਲ ਵਿੱਚ ਵੱਡੀਆਂ ਪਾਲਕੀਆਂ, ਹਾਲ ਦੀ ਡੈਕੋਰੇਸ਼ਨ, ਸੱਚਖੰਡ ਦੀ ਡੈਕੋਰੇਸ਼ਨ ਅਤੇ ਹਰ ਤਰ੍ਹਾਂ ਦਾ ਸ਼ੀਸ਼ੇ ਦੀ ਡੈਕੋਰੇਸ਼ਨ ਦਾ ਕੰਮ ਬੜੇ ਪਿਆਰ ਅਤੇ ਸ਼ਰਧਾ ਨਾਲ ਕੀਤਾ ਜਾਂਦਾ ਹੈ।





Satpal Singh (S/o S. Ajaib Singh)
e-mail : bhullarpalkicentre@ymail.com
satpalsingh.bhullar.3@facebook.com

**Contact :**
661-227-7610, 98146-65175,
84377-13600, 98150-13690,

KAMAL CHOWK, JAGRAON-142026 (Ldh.)
Facebook :-bhullarpalkicentre

## HARPAL SINGH
# MANN



## CHABOT–LAS POSITAS
COMMUNITY COLLEGE TRUSTEE

*I have been a resident of Union City for over 18 years and have been in service to our community for the last decade. A father of two young children, who are gearing up to attend our local public schools, I believe in the importance of quality public school and college education. I am committed to ensuring that our community colleges have the necessary resources to train our students for the careers of the future. I believe strongly in education, and one's ability to make themselves whoever they wish to be, provided they have an environment which fosters learning and growth.*

**QUALIFICATIONS**

- Engineer
- Union City Planning Commissioner – 7 Years
- Member of the legislation committee of California Democratic Party

**FOCUS ON**

- Student access and success
- Higher completion rates
- Collaboration between local schools, community colleges and outside private and philanthropic sources to ensure funding for education

**IMPROVE ON**

- Listening to the needs of our community
- Matching skills with job requirements
- Career and Technical Education, including Biomedical and Healthcare
- Academic rigor and quality of education
- Work as a team with students, community and local schools to ensure success of our graduates.

**PLEASE VOTE FOR MANN ON NOV 6th**

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

## Now Open

Indiana
1480 N State Road 1, Cambridge City, IN 47327. 70 Exit 137
Diesel/Gas

**ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ**



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !

**ਸਹੂਲਤਾਂ**

- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.



**Free Buffet over 100 gallons**
open 6am to midnight

**Phone: 765-478-6300**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.


Anthem BlueCross
2014 ACE INDIVIDUAL
CHAMPION LEVEL
KHALSA INSURANCE AGENCY

COVERED CALIFORNIA

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE
408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


TRANS-ALLIANCE
TOGETHER WE SAVE
SAVE UPTO 24¢
PER GALLON ON DIESEL
TRANS-ALLIANCE
KHALSA FUEL CARD
1243 6756 7698 3421
TRANS EXPRESS
FLEET ONE
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO
Stopping Centers
TA
TravelCenters of America
Loves
Travel Stops & Country Stores

# ਭਾਰਤ-ਰੂਸ ਮਿਜ਼ਾਈਲ ਸਮਝੌਤਾ, ਅਮਰੀਕਾ ਹੋ ਸਕਦਾ ਹੈ ਖਫਾ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸਾਲਾਨਾ ਦੁਵੱਲੇ ਸੰਮੇਲਨ ਲਈ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਆਪਣੇ ਦੋ ਦਿਨਾ ਦੌਰੇ ਤਹਿਤ ਭਾਰਤ ਵਿਚ ਹਨ। ਪੁਤਿਨ ਨਾਲ ਇਕ ਉੱਚ ਪੱਧਰੀ ਵਫ਼ਦ ਵੀ ਭਾਰਤ ਆਇਆ ਹੈ। ਭਾਰਤ ਅਤੇ ਰੂਸ ਵਿਚਾਲੇ ਐਸ-400 ਮਿਜ਼ਾਈਲ ਰੱਖਿਆ ਪ੍ਰਣਾਲੀ ਸੌਦੇ 'ਤੇ ਦਸਤਖਤ ਹੋਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਲਾਦੀਮੀਰ ਪੁਤੀਨ ਨੇ ਇਸ ਸੌਦੇ ਨੂੰ ਅਮਲੀ ਜਾਮਾ ਪਹਿਨਾਇਆ। ਪੁਤਿਨ ਦੇ ਦੌਰੇ ਦੌਰਾਨ ਐਸ-400 ਟ੍ਰਿਫ਼ ਹਵਾ ਰੱਖਿਆ ਮਿਜ਼ਾਈਲ ਪ੍ਰਣਾਲੀ ਸਮਝੌਤੇ 'ਤੇ ਸਭ ਦੀ ਨਜ਼ਰ ਸੀ ਕਿਉਂਕਿ ਕ੍ਰੇਮਲਿਨ (ਰੂਸੀ ਸਰਕਾਰ) ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਸੀ ਕਿ ਪੁਤਿਨ ਭਾਰਤ ਨਾਲ 5 ਅਰਬ ਅਮਰੀਕੀ ਡਾਲਰ ਵਾਲੇ ਇਸ ਸੌਦੇ 'ਤੇ ਦਸਤਖ਼ਤ ਕਰ ਸਕਦੇ ਹਨ।



ਉਧਰ ਰੂਸ ਨਾਲ ਐਸ-400 ਮਿਜ਼ਾਈਲ ਸਮਝੌਤਾ ਹੋਣ 'ਤੇ ਭਾਰਤ 'ਤੇ ਅਮਰੀਕਾ ਪਾਬੰਦੀਆਂ ਲਗਾ ਸਕਦਾ ਹੈ। ਅਮਰੀਕਾ ਦਾ ਕਹਿਣਾ ਹੈ ਕਿ ਐਸ-400 ਮਿਜ਼ਾਈਲ ਰੱਖਿਆ ਪ੍ਰਣਾਲੀ ਦੀ ਖ਼ਰੀਦ ਨਾਲ ਉਸ ਦੀ ਕਾਊਂਟਰਿੰਗ ਅਮਰੀਕਾ ਐਡਵਾਈਜ਼ਰੀ ਥਰੂ ਸੈਂਕਸ਼ਨਜ਼ ਐਕਟ (ਸੀਏਏਟੀਐਸਏ.) ਦਾ ਉਲੰਘਣ ਹੋਵੇਗਾ। ਅਮਰੀਕਾ ਦੇ ਇਸ ਘਰੇਲੂ ਕਾਨੂੰਨ ਮੁਤਾਬਿਕ ਜੇਕਰ ਕੋਈ ਦੇਸ਼ ਈਰਾਨ, ਉੱਤਰੀ ਕੋਰੀਆ ਜਾਂ ਰੂਸ ਨਾਲ ਅਹਿਮ ਲੈਣ-ਦੇਣ ਦਾ ਸਬੰਧ ਰੱਖਦਾ ਹੈ ਤਾਂ ਉਹ ਅਮਰੀਕੀ ਪਾਬੰਦੀਆਂ ਦਾ ਸ਼ਿਕਾਰ ਹੋਵੇਗਾ। ਹਾਲਾਂਕਿ ਇਸ ਦੌਰਾਨ ਇਹ ਵੀ ਖ਼ਬਰ ਹੈ ਕਿ ਅਮਰੀਕਾ ਇਸ 'ਚ ਭਾਰਤ ਨੂੰ ਰਾਹਤ ਦੇ ਸਕਦਾ ਹੈ। ਰੱਖਿਆ ਜਾਣਕਾਰਾਂ ਮੁਤਾਬਿਕ ਅਮਰੀਕਾ ਚਾਹੁੰਦਾ ਹੈ ਕਿ ਭਾਰਤ, ਰੂਸ ਤੋਂ ਇਹ ਰੱਖਿਆ ਪ੍ਰਣਾਲੀ ਨਾ ਖ਼ਰੀਦੇ। ਅਮਰੀਕਾ ਦੀ ਚਿੰਤਾ ਇਸ ਗੱਲ ਨੂੰ ਲੈ ਕੇ ਹੈ ਕਿ ਐਸ-400 ਦਾ ਇਸਤੇਮਾਲ ਅਮਰੀਕੀ ਲੜਾਕੂ ਜਹਾਜ਼ਾਂ ਦੀ ਗੁਪਤ ਸਮਰੱਥਾ ਨੂੰ ਟੈਸਟ ਕਰਨ ਲਈ ਕੀਤਾ ਜਾ ਸਕਦਾ ਹੈ। ਮੰਨਿਆ ਜਾ ਰਿਹਾ ਹੈ ਇਸ ਪ੍ਰਣਾਲੀ ਨਾਲ ਭਾਰਤ ਨੂੰ ਅਮਰੀਕੀ ਜਹਾਜ਼ਾਂ ਦਾ ਡਾਟਾ ਮਿਲ ਸਕਦਾ ਹੈ। ਅਮਰੀਕਾ ਨੂੰ ਇਹ ਡਰ ਵੀ ਸਤਾ ਰਿਹਾ ਹੈ ਕਿ ਇਹ ਡਾਟਾ ਰੂਸ ਜਾਂ ਦੁਸ਼ਮਣ ਦੇਸ਼ ਨੂੰ ਲੀਕ ਕੀਤਾ ਜਾ ਸਕਦਾ ਹੈ। ਉਹ ਇਸ ਗੱਲ ਨੂੰ ਵੀ ਲੈ ਕੇ ਫ਼ਿਕਰਮੰਦ ਹੈ ਕਿ ਭਾਰਤ ਹੀ ਨਹੀਂ, ਕਈ ਹੋਰ ਦੇਸ਼ ਐਸ-400 ਪ੍ਰਣਾਲੀ ਨੂੰ ਖ਼ਰੀਦਣ ਦੀ ਇੱਛਾ ਜਤਾ ਰਹੇ ਹਨ।

ਬੁਲਾਰੇ ਅਨੁਸਾਰ 19-ਵੇਂ ਭਾਰਤ-ਰੂਸ ਸਾਲਾਨਾ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰੂਸ ਦੇ ਰਾਸ਼ਟਰਪਤੀ ਪੁਤਿਨ ਨਾਲ ਗੱਲਬਾਤ ਦੌਰਾਨ ਦੋਵਾਂ ਨੇਤਾਵਾਂ ਨੇ ਦੁਵੱਲੇ ਰੱਖਿਆ ਸਹਿਯੋਗ ਦੀ ਸਮੀਖ਼ਿਆ ਵੀ ਕੀਤੀ ਹੈ। ਦੋਵੇ ਨੇਤਾਵਾਂ ਨੇ ਈਰਾਨ ਤੋਂ ਕੱਚੇ ਤੇਲ ਦੀ ਦਰਾਮਦ 'ਤੇ ਅਮਰੀਕੀ ਪਾਬੰਦੀਆਂ ਸਮੇਤ ਕਈ ਪ੍ਰਮੁੱਖ ਖ਼ੇਤਰੀ ਅਤੇ ਵਿਸ਼ਵ ਪੱਧਰੀ ਮੁੱਦਿਆਂ 'ਤੇ ਚਰਚਾ ਕੀਤੀ।

ਪ੍ਰਧਾਨ ਮੰਤਰੀ ਮੋਦੀ ਨੇ ਰੂਸੀ ਰਾਸ਼ਟਰਪਤੀ ਪੁਤਿਨ ਨੂੰ ਆਪਣੀ ਸਰਕਾਰੀ ਰਿਹਾਇਸ਼ 'ਤੇ ਰਾਤ ਦੇ ਖ਼ਾਣੇ ਦੀ ਦਾਅਵਤ ਵੀ ਦਿੱਤੀ ਹੋਈ ਹੈ। ਇਸ ਤੋਂ ਪਹਿਲਾਂ ਮੋਦੀ ਨੇ ਆਪਣੀ 7 ਲੋਕ ਕਲਿਆਣ ਮਾਰਗ ਰਿਹਾਇਸ਼ 'ਤੇ ਪੁੱਜਣ ਮੌਕੇ ਪੁਤਿਨ ਦਾ ਸਵਾਗਤ ਕੀਤਾ ਸੀ।

## ਮੋਦੀ ਨੂੰ 'ਚੈਂਪੀਅਨਜ਼ ਆਫ ਦਿ ਅਰਥ' ਪੁਰਸਕਾਰ ਮਿਲਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸੰਯੁਕਤ ਰਾਸ਼ਟਰ ਦੇ ਵਾਤਾਵਰਨ ਨਾਲ ਸਬੰਧਤ ਸਿਰਮੌਰ ਪੁਰਸਕਾਰ 'ਚੈਂਪੀਅਨਜ਼ ਆਫ ਦਿ ਅਰਥ' ਨਾਲ ਸਨਮਾਨ ਕੀਤਾ ਗਿਆ। ਪੁਰਸਕਾਰ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟਰੇਜ਼ ਵੱਲੋਂ ਪ੍ਰਦਾਨ ਕੀਤਾ ਗਿਆ। ਇਹ ਪੁਰਸਕਾਰ ਸ੍ਰੀ ਮੋਦੀ ਅਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਂ ਨੂੰ ਸਾਂਝੇ ਤੌਰ ਉੱਤੇ ਪ੍ਰਦਾਨ ਕੀਤਾ ਗਿਆ ਹੈ। ਇਸ ਮੌਕੇ ਸ੍ਰੀ ਮੋਦੀ ਨੇ ਕਿਹਾ ਕਿ ਸਾਫ਼ ਸੁਥਰਾ ਅਤੇ ਹਰਿਆ ਭਰਿਆ ਵਾਤਾਵਰਨ ਉਨ੍ਹਾਂ ਦੀ ਸਰਕਾਰ ਦੀਆਂ ਨੀਤੀਆਂ ਦਾ ਬੁਨਿਆਦੀ ਆਧਾਰ ਹੈ। ਜਲਵਾਯੂ ਅਤੇ ਆਫ਼ਤ ਦੋਵੇਂ ਸਭਿਆਚਾਰ ਨਾਲ ਸਬੰਧਤ ਹਨ। ਜਦੋਂ ਤੱਕ ਜਲਵਾਯੂ ਨੂੰ ਸਭਿਆਚਾਰ ਦਾ ਅੰਗ ਨਹੀਂ ਬਣਾਇਆ ਜਾਂਦਾ, ਉਦੋਂ ਤੱਕ ਆਫ਼ਤ ਤੋਂ ਵੀ ਬਚਣਾ ਮੁਸ਼ਕਿਲ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਵਾਤਾਵਰਨ ਸਬੰਧੀ ਪ੍ਰਤੀਬੱਧਤਾ ਵਿੱਚ ਸਿਰਫ਼ ਵਾਧਾ ਹੋਇਆ ਹੈ। ਉਨ੍ਹਾਂ ਦੀ ਸਰਕਾਰ ਗੈਸਾਂ ਦਾ ਰਿਸਾਅ ਸਾਲ 2005 ਦੇ ਮੁਕਾਬਲੇ ਅਗਲੇ ਦੋ ਸਾਲ ਵਿੱਚ 20 ਤੋਂ 25 ਫੀਸਦੀ ਘਟਾਉਣ ਦੇ ਲਈ ਯਤਨਸ਼ੀਲ ਹੈ ਤੇ ਸਰਕਾਰ ਸਾਲ 2030 ਤੱਕ ਇਸ ਨੂੰ 30 ਤੋਂ 35 ਫੀਸਦੀ ਤੱਕ ਘਟਾਏਗੀ।



ਸ੍ਰੀ ਮੋਦੀ ਅਤੇ ਮੈਕਰੌਂ ਨੂੰ ਇਹ ਪੁਰਸਕਾਰ ਉਨ੍ਹਾਂ ਵੱਲੋਂ ਅੰਤਰਰਾਸ਼ਟਰੀ ਸੌਰ ਊਰਜਾ ਅਤੇ ਵਾਤਾਵਰਨ ਕਾਰਜ ਕਰਨ ਵਾਸਤੇ ਨਵੇਂ ਖੇਤਰਾਂ ਨੂੰ ਉਤਸ਼ਾਹਤ ਕਰਨ ਲਈ ਕੀਤੇ ਗੱਠਜੋੜ ਲਈ ਦਿੱਤਾ ਗਿਆ ਹੈ। ਇਹ ਪ੍ਰਗਟਾਵਾ ਸੰਯੁਕਤ ਰਾਸ਼ਟਰ ਵਾਤਾਵਰਨ ਪ੍ਰੋਗਰਾਮ (ਯੂਐੱਨਈਪੀ) ਵੱਲੋਂ ਜਾਰੀ ਬਿਆਨ ਵਿੱਚ ਕੀਤਾ ਗਿਆ ਹੈ।

## ਨਿਰਭਯਾ ਕਾਂਡ ਦੀ ਬੱਸ ਦਾ ਸੱਚ ਜਿਥੇ ਬਲਾਤਕਾਰ ਹੋਇਆ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਇਸ ਵੇਲੇ ਦੇਸ਼ ਦੀ ਰਾਜਧਾਨੀ ਦਿੱਲੀ ਦੇ ਵਸੰਤ ਵਿਹਾਰ ਪੁਲਿਸ ਥਾਣੇ ਵਿਚ ਸੜ ਰਹੀ ਬੱਸ ਇੰਝ ਹੀ ਖੜ੍ਹੀ ਹੈ। ਇਸ ਦੇ ਡੈਸ਼ਬੋਰਡ ਤੇ ਇੰਜਣ ਨੂੰ ਪੂਰੀ ਤਰ੍ਹਾਂ ਜੰਗਾਲ਼ ਲੱਗਾ ਹੋਇਆ ਹੈ। ਇਹ ਦਿਨੇਸ਼ ਯਾਦਵ ਦੀ ਹੈ। ਲਗਭਗ ਛੇ ਸਾਲ ਪਹਿਲਾਂ ਪੁਲਿਸ ਅਧਿਕਾਰੀਆਂ ਦੀ ਇੱਕ ਪੂਰੀ ਟੀਮ 24 ਘੰਟੇ ਚਿੱਟੇ ਰੰਗ ਦੀ ਇਸ ਬੱਸ ਦੀ ਰਾਖੀ ਕਰਨ ਲਈ ਲਾਈ ਗਈ ਸੀ। ਹਜ਼ਾਰਾਂ ਰੋਸ ਮੁਜ਼ਾਹਰਾਕਾਰੀ ਸੜਕਾਂ 'ਤੇ ਉੱਤਰੇ ਹੋਏ ਸਨ ਤੇ ਇਸ ਨੂੰ ਅੱਗ ਲਾ ਕੇ ਨਸ਼ਟ ਕਰਨਾ ਚਾਹ ਰਹੇ ਸਨ। ਉਹ ਪੈਰਾਮੈਡਿਕਸ ਦੀ ਉਸ ਵਿਦਿਆਰਥਣ 'ਨਿਰਭਯਾ' ਵੱਲੋਂ ਬਦਲਾ ਲੈਣਾ ਚਾਹੁੰਦੇ ਸਨ, ਜਿਸ ਨਾਲ 16 ਦਸੰਬਰ, 2012 ਦੀ ਰਾਤ ਨੂੰ ਛੇ ਜਣਿਆਂ ਨੇ ਸਮੂਹਕ ਬਲਾਤਕਾਰ ਕੀਤਾ ਸੀ। ਉਹ ਇਸੇ ਬੱਸ ਨੂੰ ਦਿੱਲੀ ਦੀਆਂ ਸੜਕਾਂ 'ਤੇ ਘੁਮਾਉਂਦੇ ਰਹੇ ਸਨ ਤੇ ਉਹ ਸਾਰੇ ਵਾਰੀ-ਵਾਰੀ ਉਸ ਨਾਲ ਮੂੰਹ ਕਾਲ਼ਾ ਕਰ ਰਹੇ ਸਨ।

ਹਾਲੇ ਕੁਝ ਮਹੀਨੇ ਪਹਿਲਾਂ ਤੱਕ ਵੀ ਇਸ ਨੂੰ ਸਾਕੇਤ ਅਦਾਲਤ ਦੇ ਕੰਪਲੈਕਸ ਵਿਚ ਖੜ੍ਹੀ ਕਰ ਕੇ ਰੱਖਿਆ ਗਿਆ ਸੀ ਤੇ ਇਸ ਦੀ ਬਾਕਾਇਦਾ ਰਾਖੀ ਵੀ ਕੀਤੀ ਜਾ ਰਹੀ ਸੀ। ਯਾਦਵ ਕਦੇ ਇਸ ਬੱਸ ਨੂੰ ਲੈਣ ਲਈ ਨਹੀਂ ਆਇਆ। ਉਂਝ ਉਸ ਨੇ ਦੋ ਵਾਰ ਅਰਜ਼ੀ ਤਾਂ ਦਿੱਤੀ ਸੀ ਪਰ ਪੁਲਿਸ ਨੇ ਇਸ ਬੱਸ ਨੂੰ ਜਾਣ ਨਹੀਂ ਦਿੱਤਾ। ਪੁਲਿਸ ਨੂੰ ਲੱਗਦਾ ਹੈ ਕਿ ਜੇ ਇਸ ਬੱਸ ਨੂੰ ਮੁੜ ਸੜਕਾਂ 'ਤੇ ਦੌੜਨ ਦੀ ਪ੍ਰਵਾਨਗੀ ਦਿੱਤੀ ਗਈ, ਤਾਂ ਕਿਤੇ ਫਿਰ ਕੋਈ ਕਾਨੂੰਨ ਤੇ ਵਿਵਸਥਾ ਦੀ ਸਮੱਸਿਆ ਖੜ੍ਹੀ ਨਾ ਹੋ ਜਾਵੇ। ਜਬਰ-ਜਨਾਹ ਦੀ ਘਿਨਾਉਣੀ ਵਾਰਦਾਤ ਵਾਪਰਨ ਦੇ ਇੱਕ ਦਿਨ ਬਾਅਦ 17 ਦਸੰਬਰ ਨੂੰ ਪੁਲਿਸ ਨੇ ਦੱਖਣੀ ਦਿੱਲੀ ਦੇ ਸੰਤ ਰਵੀ ਦਾਸ ਕੈਂਪ ਵਿਚੋਂ ਇਹ



ਬੱਸ ਬਰਾਮਦ ਕਰ ਲਈ ਸੀ; ਜਿੱਥੇ ਛੇ ਦੋਸ਼ੀਆਂ ਵਿਚੋਂ ਚਾਰ ਰਹਿੰਦੇ ਸਨ। ਦਰਅਸਲ, ਪੁਲਿਸ ਨੂੰ ਇਸ ਬੱਸ ਵਿਚੋਂ ਬਹੁਤ ਸਾਰੇ ਫ਼ਾਰੈਂਸਿਕ ਸਬੂਤ ਚਾਹੀਦੇ ਸਨ ਤੇ ਉਨ੍ਹਾਂ ਦੇ ਆਧਾਰ 'ਤੇ ਹੀ ਛੇ ਮੁਲਜ਼ਮਾਂ ਦੀ ਕਿਸਮਤ ਦਾ ਫ਼ੈਸਲਾ ਵੀ ਹੋਣਾ ਸੀ। 17 ਦਸੰਬਰ ਨੂੰ ਤਾਂ ਭੀੜ ਇਸ ਬੱਸ ਨੂੰ ਲੱਭਦੀ ਫਿਰ ਰਹੀ ਸੀ ਪਰ ਪੁਲਿਸ ਇੰਨਾ ਵੱਡਾ ਤੇ ਮੁੱਖ ਸਬੂਤ ਹੱਥੋਂ ਗੁਆਉਣਾ ਨਹੀਂ ਸੀ ਚਾਹੁੰਦੀ। ਇਸੇ ਲਈ ਇਸ ਨੂੰ ਚੋਰੀ-ਛਿਪੇ ਸੁਰੱਖਿਅਤ ਥਾਂ 'ਤੇ ਲਿਆਂਦਾ ਗਿਆ ਤੇ ਦੱਖਣੀ ਦਿੱਲੀ ਦੇ ਤਿਆਗਰਾਜ ਸਟੇਡੀਅਮ ਨੇੜੇ ਸੜਕ 'ਤੇ ਹੋਰ ਬੱਸਾਂ ਨਾਲ ਖੜ੍ਹੀ ਕਰ ਦਿੱਤਾ ਗਿਆ। ਸਾਦੇ ਕੱਪੜਿਆਂ ਵਿਚ ਇੱਕ ਪੁਲਿਸ ਮੁਲਾਜ਼ਮ ਦੀ ਡਿਊਟੀ ਵੀ ਇਸ ਬੱਸ ਦੀ ਰਾਖੀ ਲਈ ਲਾ ਦਿੱਤੀ ਗਈ ਕਿ ਤਾਂ ਜੋ ਕੋਈ ਸ਼ਰਾਰਤੀ ਅਨਸਰ ਇਸ ਬੱਸ ਨੂੰ ਸਾੜਨ ਦਾ ਜਤਨ ਨਾ ਕਰੇ। ਇਸ ਵਰ੍ਹੇ ਅਪ੍ਰੈਲ ਵਿਚ ਸੁਪਰੀਮ ਕੋਰਟ ਨੇ ਦਿੱਲੀ ਪੁਲਿਸ ਨੂੰ ਹੁਕਮ ਦਿੱਤਾ ਕਿ ਪੁਲਿਸ ਥਾਣੇ ਵਿਚ ਪਏ ਸੜ ਰਹੇ ਸਾਰੇ ਲਾਵਾਰਸ ਵਾਹਨਾਂ ਦੀ ਨੀਲਾਮੀ ਕਰ ਦਿੱਤੀ ਜਾਵੇ। ਇਸ ਬੱਸ ਦੀ ਇੱਕ ਸੀਟ ਹੇਠਾਂ ਕਰ ਕੇ ਉਸ ਨੂੰ ਬਿਲਕੁਲ ਇੱਕ ਬਿਸਤਰੇ ਦੀ ਸ਼ਕਲ ਦਿੱਤੀ ਗਈ ਸੀ, ਜਿੱਥੇ ਨਿਰਭਯਾ ਨਾਲ ਬਲਾਤਾਕਰ ਹੋਇਆ ਸੀ। ਇਸ ਦੇ ਸਾਰੇ ਸ਼ੀਸ਼ੇ ਤਾਂ ਸੰਨ 2013 ਦੇ ਆਰੰਭ ਵਿਚ ਹੀ ਰੋਹ ਵਿੱਚ ਆਈ ਭੀੜ ਨੇ ਜ਼ਬਰਦਸਤੀ ਅਦਾਲਤੀ ਕੰਪਲੈਕਸ ਦੇ ਅੰਦਰ ਵੜ ਕੇ ਤੋੜ ਦਿੱਤੇ ਸਨ। ਇੱਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਹੁਣ ਇਹ ਬੱਸ ਸਿਰਫ਼ ਕਬਾੜ ਹੈ ਤੇ ਇਸ ਦੀ ਕੀਮਤ ਅੱਜ ਸ਼ਾਇਦ 5,000 ਰੁਪਏ ਵੀ ਨਾ ਹੋਵੇ। ਇਸ ਬੱਸ ਦੇ ਮਾਲਕ ਯਾਦਵ ਦੀ ਆਪਣੀ ਇੱਕ ਟ੍ਰੈਵਲ ਏਜੰਸੀ ਹੁੰਦੀ ਸੀ ਤੇ ਉਹ ਧੋਖਾਧੜੀ ਦੇ ਇਲਜ਼ਾਮ ਅਧੀਨ ਫੜਿਆ ਗਿਆ ਸੀ। ਉਹ ਨੋਇਡਾ ਵਿਚ ਰਹਿੰਦਾ ਸੀ ਤੇ ਉਸ ਦੀਆਂ ਆਪਣੀਆਂ 11 ਬੱਸਾਂ ਸਨ ਤੇ ਉਹ ਸਾਰੀਆਂ ਉੱਤਰੀ ਦਿੱਲੀ ਦੇ ਬੁਰਾੜੀ ਦੇ ਜਾਅਲੀ ਪਤੇ 'ਤੇ ਰਜਿਸਟਰਡ ਸਨ। 11 ਬੱਸਾਂ ਜਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਰਜਿਸਟਰ ਕਰਵਾਉਣ ਵਾਲੇ ਦਿਨੇਸ਼ ਯਾਦਵ ਨੂੰ ਜੇਲ੍ਹ ਹੋ ਗਈ ਸੀ। ਉਸ ਤੋਂ ਪਹਿਲਾਂ ਉਹ ਬਹੁਤ ਐਸ਼ ਭਰਪੂਰ ਜੀਵਨ ਜਿਊਂਦਾ ਰਿਹਾ ਸੀ। ਜਬਰ-ਜਨਾਹ ਦੀ ਵਾਰਦਾਤ ਵਾਪਰਨ ਤੋਂ ਪਹਿਲਾਂ ਦੇ ਦੋ ਸਾਲਾਂ ਦੌਰਾਨ ਇਸ ਬੱਸ ਨੂੰ ਆਵਾਜਾਈ ਦੇ ਨਿਯਮਾਂ ਦੀ ਉਲੰਘਣਾ ਲਈ ਛੇ ਵਾਰ ਜ਼ਬਤ ਕੀਤਾ ਗਿਆ ਸੀ ਤੇ ਇਸ ਬੱਸ 'ਤੇ ਅੱਠ ਵਾਰ ਜੁਰਮਾਨਾ ਲਾਇਆ ਗਿਆ ਸੀ। ਯਾਦਵ ਹਰ ਵਾਰ ਜੁਰਮਾਨਾ ਦੇ ਕੇ ਬੱਸ ਛੁਡਾ ਲਿਆਉਂਦਾ ਸੀ।

ਯਾਦਵ ਦੇ ਨੋਇਡਾ ਦੇ ਸੈਕਟਰ 62 ਸਥਿਤ ਘਰ ਦੇ ਮੂਹਰੇ ਕਈ ਹਫ਼ਤੇ ਤੱਕ ਰੋਸ ਮੁਜ਼ਾਹਰੇ ਚੱਲਦੇ ਰਹੇ ਸਨ। ਇੱਕ ਸਾਲ ਤੱਕ ਦਿਨੇਸ਼ ਯਾਦਵ ਤੇ ਉਸ ਦੇ ਭਰਾਵਾਂ ਨੂੰ ਆਪਣੇ ਸੈੱਲਫ਼ੋਨ ਬੰਦ ਕਰ ਕੇ ਰੱਖਣੇ ਪਏ ਸਨ, ਕਿਉਂਕਿ ਲੋਕ ਗਾਲ਼ਾਂ ਕੱਢਦੇ ਸਨ। ਬਾਅਦ ਵਿਚ ਯਾਦਵ ਨੇ ਆਪਣੀ ਕੰਪਨੀ ਦਾ ਨਾਂਅ ਬਦਲ ਲਿਆ ਸੀ ਤੇ ਆਪਣਾ ਦਫ਼ਤਰ ਵੀ ਦੱਖਣੀ ਦਿੱਲੀ ਵਿਚ ਲੈ ਗਿਆ ਸੀ।

## ਅਰਥ-ਸ਼ਾਸਤਰੀਆਂ ਵਿਲੀਅਮ ਨੌਰਡਹੌਸ ਅਤੇ ਪੌਲ ਰੋਮਰ ਨੂੰ ਨੋਬੇਲ ਪੁਰਸਕਾਰ

**ਸਟਾਕਹੋਮ/ਬਿਊਰੋ ਨਿਊਜ਼ :**
ਯੇਲ ਯੂਨੀਵਰਸਿਟੀ 'ਚ ਅਰਥ-ਸ਼ਾਸਤਰ ਦੇ ਪ੍ਰੋਫ਼ੈਸਰ ਵਿਲੀਅਮ ਨੌਰਡਹੌਸ (77 ਸਾਲ) ਅਤੇ ਵਿਸ਼ਵ ਬੈਂਕ ਦੇ ਸਾਬਕਾ ਮੁੱਖ ਅਰਥਸ਼ਾਸਤਰੀ ਪੌਲ ਰੋਮਰ (62 ਸਾਲ) ਨੂੰ ਸਾਂਝੇ ਤੌਰ 'ਤੇ ਸੰਨ 2018 ਦਾ ਨੋਬੇਲ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਦੋਹਾਂ ਨੂੰ ਕਾਢਾਂ ਅਤੇ ਵਾਤਾਵਰਣ ਨੂੰ ਆਰਥਿਕ ਵਿਕਾਸ ਨਾਲ ਜੋੜਨ ਲਈ ਇਹ ਵੱਕਾਰੀ ਪੁਰਸਕਾਰ ਮਿਲੇਗਾ। ਦੋਵੇਂ ਅਮਰੀਕੀ ਅਰਥ ਸ਼ਾਸਤਰੀ ਹਨ। ਨੌਰਡਹੌਸ ਯੇਲ ਯੂਨੀਵਰਸਿਟੀ 'ਚ ਪੜ੍ਹਾ ਰਹੇ ਹਨ, ਜਦਕਿ ਰੋਮਰ ਇਸ ਵੇਲੇ ਨਿਊਯਾਰਕ ਯੂਨੀਵਰਸਿਟੀ ਦੇ ਸਟਰਨ ਸਕੂਲ ਆਫ਼ ਬਿਜ਼ਨਸ ਨਾਲ ਜੁੜੇ ਹੋਏ ਹਨ।



ਵਿਲੀਅਮ ਨੌਰਡਹੌਸ ਅਤੇ ਪੌਲ ਰੋਮਰ

ਰਾਇਲ ਸਵੀਡਿਸ਼ ਅਕੈਡਮੀ ਆਫ਼ ਸਾਇੰਸਿਜ਼ ਨੇ ਬਿਆਨ ਜਾਰੀ ਕਰਕੇ ਕਿਹਾ,"ਦੋਹਾਂ ਨੇ ਮੌਜੂਦਾ ਸਮੇਂ ਦੇ ਮੂਲ ਸਵਾਲ ਕਿ ਲੰਬੇ ਸਮੇਂ ਦੇ ਅਤੇ ਸਥਾਈ ਵਿਕਾਸ ਨੂੰ ਹੱਲ ਕਰਨ ਸਬੰਧੀ ਵਿਚਾਰ ਪੇਸ਼ ਕੀਤੇ ਹਨ।"

ਇਨ੍ਹਾਂ ਅਰਥਸ਼ਾਸਤਰੀਆਂ ਨੇ ਮਾਡਲ ਬਣਾ ਕੇ ਦੱਸਿਆ ਹੈ ਕਿ ਕਿਵੇਂ ਅਰਥਚਾਰਾ ਕੁਦਰਤ ਅਤੇ ਗਿਆਨ ਨਾਲ ਸੰਪਰਕ ਬਣਾਉਂਦਾ ਹੈ। ਦੋਵੇਂ ਅਰਥਸ਼ਾਸਤਰੀ ਪਿਛਲੇ ਕੁਝ ਸਾਲਾਂ ਤੋਂ ਨੋਬੇਲ ਪੁਰਸਕਾਰ ਦੀ ਦੌੜ 'ਚ ਸਨ। ਦੋਹਾਂ ਨੂੰ ਸਾਂਝੇ ਤੌਰ 'ਤੇ 90 ਲੱਖ ਸਵੀਡਿਸ਼ ਕ੍ਰੋਨਰ (860000 ਯੂਰੋ) ਦਾ ਇਨਾਮ ਮਿਲੇਗਾ। ਇਸ ਦੇ ਨਾਲ ਹੀ ਸੰਨ 2018 ਦੇ ਸਾਰੇ ਨੋਬੇਲ ਪੁਰਸਕਾਰਾਂ ਦਾ ਐਲਾਨ ਹੋ ਚੁੱਕਿਆ ਹੈ। ਜ਼ਿਕਰਯੋਗ ਹੈ ਕਿ ਜ਼ਿਊਰੀ ਵਿਚ ਬਲਾਤਕਾਰ ਦੇ ਦੋਸ਼ ਸਾਹਮਣੇ ਆਉਣ ਮਗਰੋਂ ਇਸ ਸਾਲ ਸਾਹਿਤ ਦੇ ਨੋਬੇਲ ਪੁਰਸਕਾਰ ਨੂੰ ਇਕ ਸਾਲ ਲਈ ਮੁਲਤਵੀ ਕੀਤਾ ਗਿਆ ਹੈ।

## ਦੋ ਚੋਣ ਸਰਵੇਖਣਾਂ ਵੱਲੋਂ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਭਾਜਪਾ ਦੀ ਹਾਰ ਦੀ ਭਵਿੱਖਬਾਣੀ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਭਾਰਤ ਦੇ ਪੰਜ ਰਾਜਾਂ ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਬਾਰੇ ਦੋ ਚੋਣ ਸਰਵੇਖਣਾਂ 'ਚ ਤਿੰਨ ਅਹਿਮ ਰਾਜਾਂ ਵਿਚ ਭਾਰਤੀ ਜਨਤਾ ਪਾਰਟੀ ਦੀ ਹਾਰ ਦੀ ਭਵਿੱਖਬਾਣੀ ਕੀਤੀ ਗਈ ਹੈ। ਸਰਵੇਖਣ ਮੁਤਾਬਕ ਰਾਜਸਥਾਨ 'ਚ ਕਾਂਗਰਸ ਸਰਕਾਰ ਬਣਾ ਸਕਦੀ ਹੈ। ਸੀ-ਵੋਟਰ ਅਤੇ ਸੀ-ਫੋਰ ਨੇ ਕਾਂਗਰਸ ਪਾਰਟੀ ਨੂੰ ਕਰੀਬ-ਕਰੀਬ 50 ਫ਼ੀਸਦੀ ਵੋਟ ਸ਼ੇਅਰ ਦਿੰਦਿਆਂ ਰਾਜਸਥਾਨ (200 ਸੀਟਾਂ) 'ਚੋਂ ਕ੍ਰਮਵਾਰ 142 ਅਤੇ 124-138 ਸੀਟਾਂ ਦਿੱਤੀਆਂ ਹਨ। ਸੀਵੋਟਰ ਨੇ ਭਾਜਪਾ ਨੂੰ ਰਾਜਸਥਾਨ ਵਿਚ ਸਿਰਫ 56 ਸੀਟਾਂ ਦਿੱਤੀਆਂ ਹਨ। ਮੁੱਖ ਮੰਤਰੀ ਅਹੁਦੇ ਲਈ ਸੂਬਾ ਪ੍ਰਧਾਨ ਸਚਿਨ ਪਾਇਲਟ ਨੂੰ ਭਾਜਪਾ ਦੀ ਵਸੁੰਧਰਾ ਰਾਜੇ ਨਾਲੋਂ ਵੱਧ ਤਰਜੀਹ ਦਿੱਤੀ ਗਈ ਹੈ। ਸੀ-ਫੋਰ ਨੇ ਸਿਰਫ਼ ਰਾਜਸਥਾਨ ਦਾ ਸਰਵੇਖਣ ਕੀਤਾ ਹੈ ਪਰ ਸੀਵੋਟਰ ਨੇ ਭਾਜਪਾ ਸ਼ਾਸਿਤ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਧਾਨ ਸਭਾਵਾਂ ਦਾ ਚੋਣ ਸਰਵੇਖਣ ਵੀ ਕੀਤਾ ਹੈ ਜਿਸ 'ਚ ਕਾਂਗਰਸ ਨੂੰ ਅੱਗੇ ਦਰਸਾਇਆ ਗਿਆ ਹੈ।

ਜ਼ਿਕਰਯੋਗ ਹੈ ਕਿ ਭਾਜਪਾ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ 'ਚ ਪਿਛਲੇ 15 ਸਾਲਾਂ ਤੋਂ ਸੱਤਾ 'ਚ ਹੈ। ਚੋਣਾਂ ਤੋਂ ਪਹਿਲਾਂ ਕਰਵਾਏ ਗਏ ਸਰਵੇਖਣ 'ਚ ਕਿਹਾ ਗਿਆ ਹੈ ਕਿ ਥੋੜ੍ਹੀਆਂ ਜਿਹੀਆਂ ਵੋਟਾਂ ਦੇ ਹੇਰ-ਫੇਰ ਨਾਲ ਦੋਵੇਂ ਮੁੱਖ ਪਾਰਟੀਆਂ 'ਚੋਂ ਕੋਈ ਵੀ ਅੱਗੇ ਨਿਕਲ ਸਕਦੀ ਹੈ ਕਿਉਂਕਿ ਦੋਵੇਂ ਪ੍ਰਮੁੱਖ ਪਾਰਟੀਆਂ ਦੇ ਵੋਟ ਸ਼ੇਅਰ 'ਚ ਮਾਮੂਲੀ ਫਰਕ ਦਿਖਾਇਆ ਗਿਆ ਹੈ। ਮੱਧ ਪ੍ਰਦੇਸ਼ ਦੀਆਂ 230 ਸੀਟਾਂ 'ਚੋਂ ਕਾਂਗਰਸ ਨੂੰ 122 ਸੀਟਾਂ 'ਤੇ ਅੱਗੇ ਦਿਖਾਇਆ ਗਿਆ ਹੈ ਜਦਕਿ ਛੱਤੀਸਗੜ੍ਹ (90) 'ਚ ਉਨ੍ਹਾਂ ਨੂੰ 47 ਸੀਟਾਂ ਮਿਲਣ ਦੀ ਸੰਭਾਵਨਾ ਜਤਾਈ ਗਈ ਹੈ। ਭਾਜਪਾ ਨੂੰ ਦੋਵੇਂ ਸੂਬਿਆਂ 'ਚ ਕ੍ਰਮਵਾਰ 108 ਅਤੇ 40 ਸੀਟਾਂ 'ਤੇ ਸਿਮਟਦਿਆਂ ਦੱਸਿਆ ਗਿਆ ਹੈ। ਸੀ ਫੋਰ ਸਰਵੇਖਣ 'ਚ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰਾਂ 'ਚੋਂ ਪਾਇਲਟ, ਗਹਿਲੋਤ ਅਤੇ ਰਾਜੇ ਨੂੰ ਵੋਟਰਾਂ ਨੇ ਕ੍ਰਮਵਾਰ ਤਰਜੀਹ ਦਿੱਤੀ ਹੈ। ਸੀਵੋਟਰ ਦੇ ਸਰਵੇਖਣ 'ਚ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਛੱਤੀਸਗੜ੍ਹ ਦੇ ਰਮਨ ਸਿੰਘ ਵੋਟਰਾਂ ਦੀ ਪਸੰਦ ਦੱਸੇ ਗਏ ਹਨ। ਸੀ ਫੋਰ ਨੇ ਰਾਜਸਥਾਨ 'ਚ 5788 ਵੋਟਰਾਂ ਜਦਕਿ ਸੀਵੋਟਰ ਨੇ ਤਿੰਨ ਸੂਬਿਆਂ 'ਚ 26196 ਵੋਟਰਾਂ ਦੀ ਰਾਏ ਨਾਲ ਸਰਵੇਖਣ ਤਿਆਰ ਕੀਤਾ ਹੈ।

**ਏਬੀਪੀ ਨਿਊਜ਼-ਸੀਵੋਟਰ ਚੋਣ ਸਰਵੇਖਣ**

| | ਭਾਜਪਾ | ਕਾਂਗਰਸ |
|---|---|---|
| ਰਾਜਸਥਾਨ ਕੁੱਲ ਸੀਟਾਂ 200 | 56 | 142 |
| ਮੱਧ ਪ੍ਰਦੇਸ਼ ਕੁੱਲ ਸੀਟਾਂ 230 | 108 | 122 |
| ਛੱਤੀਸਗੜ੍ਹ ਕੁੱਲ ਸੀਟਾਂ 90 | 40 | 47 |

## ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਲਈ ਦੁਵੱਲੀ ਗੱਲਬਾਤ ਦੀ ਲੋੜ : ਪਾਕਿਸਤਾਨ

**ਇਸਲਾਮਾਬਾਦ/ਬਿਊਰੋ ਨਿਊਜ਼ :**
ਪਾਕਿਸਤਾਨ ਦੇ ਵਿਦੇਸ਼ ਦਫ਼ਤਰ ਦਾ ਕਹਿਣਾ ਹੈ ਕਿ ਸਿੱਖ ਸ਼ਰਧਾਲੂਆਂ ਲਈ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣਾ ਪਾਕਿਸਤਾਨ ਤੇ ਭਾਰਤ ਵਿਚਾਲੇ ਗੱਲਬਾਤ ਬਿਨਾ ਸੰਭਵ ਨਹੀਂ ਹੋ ਸਕਦਾ ਹੈ। ਦਫ਼ਤਰ ਦਾ ਇਹ ਵੀ ਕਹਿਣਾ ਹੈ ਕਿ ਦੋਵਾਂ ਮੁਲਕਾਂ ਵਿਚਲੇ ਹੋਰ ਵਿਵਾਦਾਂ ਨੂੰ ਸੁਲਝਾਉਣ ਦਾ ਵੀ ਇਹ ਹੀ ਇਕੋ ਇਕ ਰਾਹ ਹੈ।

ਵਿਦੇਸ਼ ਦਫ਼ਤਰ ਦੇ ਬੁਲਾਰੇ ਮੁਹੰਮਦ ਫੈਸਲ ਨੇ ਪੱਤਰਕਾਰਾਂ ਨੂੰ ਦੱਸਿਆ



ਕਿ ਪਾਕਿਸਤਾਨ ਆਪਣੇ ਗੁਆਂਢੀ ਨਾਲ ਮਿਲਜੁਲ ਕੇ ਰਹਿਣ ਦੀ ਕੋਸ਼ਿਸ਼ ਕਰ ਸਕਦਾ ਹੈ। ਸਿੱਖ ਸ਼ਰਧਾਲੂਆਂ ਲਈ ਕਰਤਾਰਪੁਰ ਲਾਂਘਾ ਖੋਲ੍ਹੇ ਜਾਣ ਬਾਰੇ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਫੈਸਲ ਨੇ ਕਿਹਾ ਕਿ ਜੇ ਦੋਵਾਂ ਮੁਲਕਾਂ ਵਿਚਾਲੇ ਕੋਈ ਗੱਲਬਾਤ ਨਹੀਂ ਹੁੰਦੀ ਤਾਂ ਕੁਝ ਨਹੀਂ ਹੋ ਸਕਦਾ। ਉਨ੍ਹਾਂ ਪੈਂਡਿੰਗ ਮਸਲਿਆਂ ਦੇ ਹੱਲ ਲਈ ਭਾਰਤ ਨਾਲ ਮੁੜ ਗੱਲਬਾਤ ਤੋਰਨ ਦੀ ਪਾਕਿਸਤਾਨੀ ਇੱਛਾ ਨੂੰ ਦੁਹਰਾਇਆ।

ਜ਼ਿਕਰਯੋਗ ਹੈ ਕਿ ਕਰਤਾਰਪੁਰ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਨਰੋਵਾਲ ਜ਼ਿਲ੍ਹੇ ਵਿੱਚ ਸਥਿਤ ਹੈ, ਜੋ ਭਾਰਤ ਪਾਕਿ ਸਰਹੱਦ ਨਜ਼ਦੀਕ ਹੈ। ਇਥੇ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਆਖਰੀ ਸਮਾਂ ਬਿਤਾਇਆ ਸੀ ਤੇ ਇਥੇ ਹੀ ਉਹ ਜੋਤੀ ਜੋਤ ਸਮਾਏ ਸਨ ।

ਹੁਣ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਨਵੰਬਰ-2019 ਵਿੱਚ ਮਨਾਇਆ ਜਾਵੇਗਾ। ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਨੇ ਅਗਸਤ ਮਹੀਨੇ ਵਿੱਚ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਵਿੱਚ ਸ਼ਿਰਕਤ ਕੀਤੀ ਸੀ ਤੇ ਕਿਹਾ ਸੀ ਕਿ ਪਾਕਿਸਤਾਨ ਦੇ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹੇ ਜਾਣ ਦਾ ਸੰਕੇਤ ਦਿੱਤਾ ਹੈ। ਤਾਜ਼ਾ ਹਾਲਾਤ ਵਿਚ ਭਾਰਤ ਵੱਲੋਂ ਮਕਬੂਜ਼ਾ ਕਸ਼ਮੀਰ ਅੰਦਰ ਕਥਿਤ ਸਰਜੀਕਲ ਸਟ੍ਰਾਈਕ ਕੀਤੇ ਜਾਣ ਤੋਂ ਬਾਅਦ ਦੋਵਾਂ ਮੁਲਕਾਂ ਵਿਚਾਲੇ ਸਬੰਧਾਂ ਵਿਚ ਤਣਾਅ ਹੈ। ਪਿਛਲੇ ਮਹੀਨੇ ਭਾਰਤ ਨੇ ਨਿਊਯਾਰਕ ਵਿਚ ਦੋਵਾਂ ਮੁਲਕਾਂ ਦੇ ਵਿਦੇਸ਼ ਮੰਤਰੀਆਂ ਵਿਚਾਲੇ ਹੋਣ ਵਾਲੀ ਮੀਟਿੰਗ ਵੀ ਰੱਦ ਕਰ ਦਿੱਤੀ ਸੀ।

# ਯੂਐਨਓ ਮੁਖੀ ਦਰਬਾਰ ਸਾਹਿਬ ਵਿਚ ਨਤਮਸਤਕ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਆਪਣੇ ਭਾਰਤ ਦੌਰੇ ਦੌਰਾਨ ਸੰਯੁਕਤ ਰਾਸ਼ਟਰ ਸੰਘ ਦੇ ਸਕੱਤਰ ਜਨਰਲ ਮਿਸਟਰ ਐਨਟੋਨੀਓ ਗੁਟਰੇਜ਼ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਪੁੱਜੇ। ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਆਏ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟਰੇਜ਼ ਨੂੰ ਇਥੇ ਸ਼੍ਰੋਮਣੀ ਕਮੇਟੀ ਨੇ ਅੰਤਰਾਸ਼ਟਰੀ ਪੱਧਰ 'ਤੇ ਸਿੱਖਾਂ ਦੇ ਮਨੁੱਖੀ ਹੱਕਾਂ ਨਾਲ ਸਬੰਧਤ ਸਮੱਸਿਆਵਾਂ ਤੋਂ ਜਾਣੂ ਕਰਾਇਆ ਅਤੇ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ ਸਾਕਾ ਨੀਲਾ ਤਾਰਾ ਤੇ ਨਵੰਬਰ-1984 ਦੇ ਸਿੱਖ ਕਤਲੇਆਮ ਮਾਮਲਿਆਂ ਵਿਚ ਨਿਆਂ ਦਿਵਾਉਣ ਦੀ ਅਪੀਲ ਵੀ ਕੀਤੀ ਹੈ।

ਸ਼੍ਰੋਮਣੀ ਕਮੇਟੀ ਵਲੋਂ ਮਿਸਟਰ ਗੁਟਰੇਜ਼ ਨੂੰ ਸਨਮਾਨਿਤ ਕਰਦਿਆਂ ਦਿੱਤੇ ਗਏ ਮੰਗ ਪੱਤਰ ਵਿਚ ਜੂਨ-1984 ਤੇ ਨਵੰਬਰ-1984 ਦੀ ਸਿੱਖ ਨਸਲਕੁਸ਼ੀ, ਅਮਰੀਕਾ ਵਿੱਚ 9/11 ਦੇ ਹਮਲੇ ਉਪਰੰਤ ਵਿਦੇਸ਼ਾਂ ਵਿੱਚ ਸਿੱਖ ਪਹਿਚਾਣ ਪੰਜ ਕਕਾਰਾਂ ਬਾਰੇ ਭਰਮ ਭੁਲੇਖਿਆਂ ਤੇ ਵਿਤਕਰਾ ਭਰਪੂਰ ਨਸਲੀ ਹਮਲਿਆਂ ਪ੍ਰਤੀ ਜਾਣੂ ਕਰਵਾਇਆ ਗਿਆ। ਕਮੇਟੀ ਨੇ ਸੁਰੱਖਿਅਤ ਵੀਜਾ ਮੁਕਤ ਕਰਤਾਰਪੁਰ ਲਾਂਘੇ ਦੀ ਮੰਗ ਪ੍ਰਤੀ ਸੰਯੁਕਤ ਰਾਸ਼ਟਰ ਦਾ ਸਹਿਯੋਗ ਮੰਗਿਆ ਹੈ। ਪਰਿਕਰਮਾ ਕਰਦਿਆਂ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਤੋਂ ਜਾਣੂ ਕਰਾਇਆ ਗਿਆ। ਸਿੱਖ ਰੈਫਰੈਂਸ ਲਾਇਬਰੇਰੀ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਸਾਕਾ ਨੀਲਾ ਤਾਰਾ ਫੌਜੀ ਹਮਲੇ ਸਮੇਂ ਇਸ ਲਾਇਬਰੇਰੀ ਨੂੰ ਸਾੜ ਦਿੱਤਾ ਗਿਆ ਸੀ ਅਤੇ ਸਿੱਖ ਧਰਮ ਦਾ ਅਮੁੱਲ ਖਜ਼ਾਨਾ ਫੌਜ ਚੁੱਕ ਕੇ ਲੈ ਗਈ ਸੀ। ਸ੍ਰੀ ਲੌਂਗੋਵਾਲ ਨੇ ਆਖਿਆ ਕਿ ਮੰਗ ਪੱਤਰ ਲੈਣ ਮਗਰੋਂ ਸ੍ਰੀ ਗੁਟਰੇਜ਼ ਨੇ ਹਾਂ ਪੱਖੀ ਹੁੰਗਾਰਾ ਦਿੱਤਾ ਹੈ।

ਮਿਸਟਰ ਐਨਟੋਨੀਓ ਗੁਟਰੇਜ਼ ਦੇਰ ਸ਼ਾਮ 5.30 'ਤੇ ਜਿਉਂ ਹੀ ਸ੍ਰੀ ਦਰਬਾਰ ਸਾਹਿਬ ਦੀ ਘੰਟਾ ਘਰ ਬਾਹੀ ਵਾਲੇ ਪਾਸੇ ਆਪਣੇ ਵਿਸ਼ੇਸ਼ ਵਫਦ ਸਹਿਤ ਪੁੱਜੇ ਤਾਂ ਸੂਚਨਾ ਅਫਸਰ ਅੰਮ੍ਰਿਤਪਾਲ ਸਿੰਘ, ਸ਼੍ਰੋਮਣੀ ਕਮੇਟੀ ਮੁਖ ਸਕੱਤਰ ਡਾ. ਰੂਪ ਸਿਘ ਨੇ ਉਨ੍ਹਾਂ ਨੂੰ ਜੀ ਆਇਆਂ ਕਹਿੰਦਿਆਂ ਅਗਵਾਈ ਕੀਤੀ। ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਜੀ ਆਇਆਂ ਆਖਿਆ।ਮਿਸਟਰ ਬੁਟਰੇਸ ਨੂੰ ਸੂਚਨਾ ਅਫਸਰ ਅੰਮ੍ਰਿਤਪਾਲ ਸਿੰਘ ਨੇ ਦਰਬਾਰ ਸਾਹਿਬ ਦੀ ਮਹਾਨਤਾ ਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ।

ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਮੌਕੇ ਉਨ੍ਹਾਂ ਕੜਾਹ ਪ੍ਰਸ਼ਾਦਿ ਦੀ ਦੇਗ ਕਰਾਈ। ਉਨ੍ਹਾਂ ਸਚਖੰਡ ਸ੍ਰੀ ਦਰਬਾਰ ਸਾਹਿਬ ਦੀ ਦਹਿਲੀਜ਼ ਉਤੇ ਬੈਠ ਕੇ ਮੱਥਾ ਟੇਕਿਆ। ਸ੍ਰੀ ਦਰਬਾਰ ਸਾਹਿਬ ਦੇ ਐਡੀਸ਼ਨਲ ਮੁਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਲੁਧਿਆਣਾ ਨੇ ਸਕੱਤਰ ਜਨਰਲ ਨੂੰ ਗੁਰੂ ਬਖਸ਼ਿਸ਼ ਸਿਰੋਪਾਉ, ਫੁੱਲਾਂ ਦਾ ਸਿਹਰਾ ਤੇ ਪਤਾਸਾ ਪ੍ਰਸ਼ਾਦਿ ਦਿੱਤਾ। ਇਸ ਉਪਰੰਤ ਉਹ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਵੀ ਮੱਥਾ ਟੇਕਣ ਗਏ, ਜਿਥੇ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਇਸ ਦੇ ਇਤਿਹਾਸ ਅਤੇ ਸਰਵਉਚਤਾ ਬਾਰੇ ਜਾਣਕਾਰੀ ਦਿੱਤੀ।

ਮਿਸਟਰ ਬੁਟਰੇਸ ਗੁਰੂ ਰਾਮਦਾਸ ਲੰਗਰ ਵੀ ਪੁੱਜੇ ਅਤੇ "ਗੁਰੂ ਕੇ ਲੰਗਰ" ਦੀ ਪ੍ਰੰਪਰਾ ਤੇ ਪ੍ਰਣਾਲੀ ਬਾਰੇ ਜਾਣਕਾਰੀ ਲਈ ਤੇ ਫਿਰ ਪੰਗਤ ਵਿਚ ਬੈਠ ਪ੍ਰਸ਼ਾਦਾ ਛਕਿਆ। ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਪ੍ਰਧਾਨ ਲੌਂਗੋਵਾਲ ਨੇ ਸਕੱਤਰ ਜਨਰਲ ਨੂੰ ਸ੍ਰੀ ਦਰਬਾਰ ਸਾਹਿਬ ਦਾ ਚਿੰਨ੍ਹ, ਧਾਰਮਿਕ ਕਿਤਾਬਾਂ ਦਾ ਸੈਟ ਤੇ ਸਿਰੋਪਾਉ ਦੀ ਬਖਸ਼ਿਸ਼ ਨਾਲ ਨਿਵਾਜਿਆ।

ਮਿਸਟਰ ਗੁਟਰੇਜ਼ ਦੀ ਫੇਰੀ ਮੌਕੇ ਸਾਬਕਾ ਭਾਰਤੀ ਰਾਜਦੂਤ ਤੇ ਹੁਣ ਭਾਰਤ ਦੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਵੀ ਨਾਲ ਸਨ। ਹਵਾਈ ਅੱਡੇ ਤੇ ਪੰਜਾਬ ਸਰਕਾਰ ਵਲੋਂ ਜੀ ਆਇਆਂ ਕਹਿਣ ਲਈ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਮੌਜੂਦ ਸਨ।

ਵਿਸ਼ਵ ਭਰ ਵਿੱਚ ਆਮ ਤੇ ਵਿਸ਼ੇਸ਼ ਕਰਕੇ ਸਮਾਜ

**ਬਾਕੀ ਸਫ਼ਾ 28 'ਤੇ**

# ਸੁਖਬੀਰ ਬਾਦਲ ਦੀ ਕਾਰ 'ਤੇ ਡਾਂਗ ਨਾਲ ਹਮਲਾ, ਕਾਲੀਆਂ ਝੰਡੀਆਂ ਦਿਖਾਈਆਂ

**ਸੰਗਰੂਰ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਕਾਫ਼ਲੇ ਦਾ ਵਿਰੋਧ ਕਰਨ ਅਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਹਾਲਾਂਕਿ, ਪੁਲਿਸ ਨੇ ਇਸ ਹਮਲੇ ਨੂੰ ਨਾਕਾਮ ਕਰ ਦਿੱਤਾ, ਪਰ ਰੋਸ ਪ੍ਰਗਟ ਕਰ ਰਹੇ ਲੋਕਾਂ ਨੇ ਕਿਹਾ ਕਿ ਉਹ ਬਾਦਲਾਂ ਨੂੰ ਕਿਸੇ ਗੁਰੂ ਘਰ ਤੋਂ ਬੋਲਣ ਨਹੀਂ ਦੇਣਗੇ। ਡੇਰਾ ਸਿਰਸਾ ਮੁਖੀ ਨਾਲ ਨਜ਼ਦੀਕੀਆਂ ਅਤੇ ਬਹਿਬਲ ਕਲਾਂ ਗੋਲੀ ਕਾਂਡ ਵਿਚ ਸਿੱਧੀ ਸ਼ਮੂਲੀਅਤ ਦੇ ਤੱਥ ਸਾਹਮਣੇ ਆਉਣ ਤੋਂ ਬਾਅਦ ਸਿੱਖ ਸੰਗਤਾਂ ਦੇ ਰੋਹ ਦਾ ਸਾਹਮਣਾ ਕਰ ਰਹੇ ਬਾਦਲਾਂ ਲਈ ਮੁਸ਼ਕਿਲਾਂ ਵਧਦੀਆਂ ਜਾ ਰਹੀਆਂ ਹਨ। ਹੁਣ ਬਾਦਲ ਜਿੱਥੇ ਵੀ ਜਾਂਦੇ ਹਨ ਉਨ੍ਹਾਂ ਦਾ ਵਿਰੋਧ ਸਿੱਖਾਂ ਵਲੋਂ ਕੀਤਾ ਜਾਂਦਾ ਹੈ।

ਇਥੇ ਸਿੱਖ ਸੰਗਤ ਵਲੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਕਾਲੀਆਂ ਝੰਡੀਆਂ ਨਾਲ ਵਿਰੋਧ ਕੀਤਾ ਗਿਆ। ਇਸ ਦੌਰਾਨ ਬਾਦਲ ਦੇ ਗੱਡੀਆਂ ਦੇ ਕਾਫ਼ਲੇ ਉਪਰ ਜੁੱਤੀ ਵੀ ਸੁੱਟੀ ਗਈ ਅਤੇ ਇੱਕ ਗੱਡੀ ਉਪਰ ਡਾਂਗ ਵੀ ਲੱਗੀ ਹੈ। ਸਿੱਖ ਕਾਰਕੁਨਾਂ ਨੂੰ ਰੋਕਣ ਮੌਕੇ ਪੁਲੀਸ ਦੀ ਉਨ੍ਹਾਂ ਨਾਲ ਝੜਪ ਵੀ ਹੋਈ। ਸੁਖਬੀਰ ਸਿੰਘ ਬਾਦਲ ਦੀ ਫੇਰੀ ਦੌਰਾਨ ਕਰੀਬ ਚਾਰ ਘੰਟੇ ਤੱਕ ਗੁਰਦੁਆਰਾ ਨਾਨਕਿਆਣਾ ਸਾਹਿਬ ਦੇ ਨਜ਼ਦੀਕ ਮਾਹੌਲ ਤਣਾਅਪੂਰਨ ਬਣਿਆ ਰਿਹਾ।ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਥੇ 'ਪਟਿਆਲਾ ਰੈਲੀ' ਦੀ ਤਿਆਰੀ ਮੀਟਿੰਗ 'ਚ ਭਾਗ ਲੈਣ ਪੁੱਜੇ ਸਨ। ਬਾਦਲ ਦੇ ਪੁੱਜਣ ਤੋਂ ਪਹਿਲਾਂ ਹੀ ਸਿੱਖ ਸੰਗਤ ਕਾਲੀਆਂ ਝੰਡੀਆਂ ਲੈ ਕੇ ਗੁਰਦੁਆਰਾ ਨਾਨਕਿਆਣਾ ਸਾਹਿਬ ਨਜ਼ਦੀਕ ਪੁੱਜ ਗਈ ਸੀ ਪਰ ਪੁਲੀਸ ਵੱਲੋਂ ਸਖਤ ਨਾਕੇਬੰਦੀ ਕਰਕੇ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਕੰਪਲੈਕਸ ਵਿਚ ਦਾਖ਼ਲ ਨਹੀਂ ਹੋਣ ਦਿੱਤਾ। ਸਿੱਖਾਂ ਦੀ ਪੁਲੀਸ ਨਾਲ ਮਾਮੂਲੀ ਝੜਪ ਵੀ ਹੋਈ।



ਸੰਗਰੂਰ 'ਚ ਸੁਖਬੀਰ ਸਿੰਘ ਬਾਦਲ ਦੇ ਕਾਫ਼ਲੇ ਵੱਲ ਵਧ ਰਹੇ ਸਿੱਖਾਂ ਨੂੰ ਰੋਕਦੀ ਹੋਈ ਪੁਲੀਸ।

ਇਸ ਮਗਰੋਂ ਗੁਰਦੁਆਰੇ ਨੂੰ ਜਾਂਦੀ ਸੜਕ ਦੇ ਕਿਨਾਰੇ ਸਿੱਖ ਕਾਲੀਆਂ ਝੰਡੀਆਂ ਲੈ ਕੇ ਖੜ੍ਹ ਗਏ ਅਤੇ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਰਹੇ। ਮੌਕੇ 'ਤੇ ਐੱਸਪੀ ਜਗਜੀਤ ਸਿੰਘ ਸਰੋਆ, ਡੀਐੱਸਪੀ ਸੱਤਪਾਲ ਸ਼ਰਮਾ ਅਤੇ ਕਈ ਥਾਣਾ ਮੁਖੀ ਵੱਡੀ ਗਿਣਤੀ 'ਚ ਪੁਲੀਸ ਫੋਰਸ ਸਮੇਤ ਮੌਜੂਦ ਸਨ।

ਸਿੱਖ ਸੰਗਤ ਦੀ ਅਗਵਾਈ ਕਰ ਰਹੇ ਗੁਰਮਤਿ ਪ੍ਰਚਾਰ ਰਾਗੀ ਗ੍ਰੰਥੀ ਸਭਾ ਦੇ ਪ੍ਰਧਾਨ ਭਾਈ ਬਚਿੱਤਰ ਸਿੰਘ, ਬਾਬਾ ਅਮਰਜੀਤ ਸਿੰਘ ਕਣਕਵਾਲ ਭੰਗੂਆਂ ਨੇ ਦੋਸ਼ ਲਾਇਆ ਕਿ ਸੁਖਬੀਰ ਸਿੰਘ ਬਾਦਲ ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ 'ਚ ਗੋਲੀ ਕਾਂਡ ਲਈ ਜ਼ਿੰਮੇਵਾਰ ਹੈ, ਜਿਸ ਨੂੰ ਇਥੇ ਗੁਰਦੁਆਰੇ ਵਿਚ ਸਿਆਸੀ ਮੀਟਿੰਗ ਕਰਨ ਦਾ ਕੋਈ ਹੱਕ ਨਹੀਂ ਹੈ। ਸਿੱਖ ਸੰਗਤ ਬਾਦਲ ਨੂੰ ਗੁਰਦੁਆਰੇ ਵਿਚ ਮੀਟਿੰਗ ਕਰਨ ਤੋਂ ਰੋਕਣ ਅਤੇ ਵਿਰੋਧ ਕਰਨ ਲਈ ਪੁੱਜੀ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਲਈ ਜ਼ਿੰਮੇਵਾਰ ਆਗੂ ਗੁਰਦੁਆਰੇ ਵਿਚ ਮੀਟਿੰਗਾਂ ਕਰ ਰਹੇ ਹਨ ਜਦੋਂਕਿ ਸਿੱਖ ਸੰਗਤ ਨੂੰ ਪੁਲੀਸ ਨੇ ਗੁਰੂ ਘਰ ਵਿਚ ਦਾਖ਼ਲ ਨਹੀਂ ਹੋਣ ਦਿੱਤਾ। ਘਟਨਾ ਦੀ ਸੂਚਨਾ ਮਿਲਦਿਆਂ ਹੀ ਬਾਦਲ ਦਲ ਦੇ ਕਾਰਕੁਨ ਵੀ ਰੋਹ ਵਿਚ ਆ ਗਏ। ਪੁਲੀਸ ਨੇ ਸਿੱਖ ਕਾਰਕੁਨਾਂ ਨੂੰ ਨੇੜੇ ਹੀ ਕਾਰ ਸੇਵਾ ਵਾਲੇ ਸਥਾਨ ਵਿਚ ਬੰਦ ਕਰ ਦਿੱਤਾ ਅਤੇ ਭਾਰੀ ਪੁਲੀਸ ਫੋਰਸ ਤਾਇਨਾਤ ਕਰ ਦਿੱਤੀ। ਬਾਦਲ ਦਲ ਦੇ ਕਾਰਕੁਨ ਨਾਅਰੇਬਾਜ਼ੀ ਕਰਦੇ ਹੋਏ ਕਾਰ ਸੇਵਾ ਵਾਲੇ ਸਥਾਨ ਦੇ ਅੱਗੇ ਪਹੁੰਚ ਗਏ। ਦੋਵੇਂ ਧਿਰਾਂ ਵੱਲੋਂ ਇੱਕ ਦੂਜੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਬਾਦਲ ਦਲ ਦੇ ਕਾਰਕੁੰਨਾਂ ਵੱਲੋਂ ਸੁਖਬੀਰ ਦੀਆਂ ਗੱਡੀਆਂ ਦੁਆਲੇ ਘੇਰਾ ਬਣਾਉਂਦਿਆਂ ਉਥੋਂ ਲੰਘਾਇਆ ਗਿਆ।

ਸੁਖਬੀਰ ਸਿੰਘ ਬਾਦਲ ਨੇ ਇਸ ਘਟਨਾ ਲਈ ਜ਼ਿਲ੍ਹਾ ਪੁਲੀਸ ਮੁਖੀ ਸਮੇਤ ਸੰਗਰੂਰ ਪੁਲੀਸ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਸੰਗਰੂਰ ਪੁਲੀਸ ਕਾਲੀਆਂ ਝੰਡੀਆਂ ਲੈ ਕੇ ਖੜ੍ਹੇ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰ ਰਹੀ ਸੀ। ਬਾਦਲ ਦਲ ਦੇ ਬੁਲਾਰੇ ਵਿਨਰਜੀਤ ਸਿੰਘ ਗੋਲਡੀ ਨੇ ਇਸ ਘਟਨਾ ਨੂੰ ਸੁਖਬੀਰ ਸਿੰਘ ਬਾਦਲ ਉਪਰ ਜਾਨਲੇਵਾ ਹਮਲਾ ਕਰਾਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਸੰਗਰੂਰ ਪੁਲੀਸ ਪਾਸ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ ਅਤੇ ਅਗਲੀ ਕਾਰਵਾਈ ਹੁਣ ਪੁਲੀਸ ਨੇ ਕਰਨੀ ਹੈ। ਅਕਾਲੀ ਦਲ ਦੇ ਹੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਜਦੋਂ ਉਹ ਆਪਣੀ ਰਿਹਾਇਸ਼ ਤੋਂ ਸੁਖਬੀਰ ਸਿੰਘ ਬਾਦਲ ਦੀ ਗੱਡੀ 'ਚ ਬੈਠ ਕੇ ਜਾ ਰਹੇ ਸਨ ਤਾਂ ਕੁਝ ਲੋਕਾਂ ਨੇ ਪੁਲੀਸ ਦੀ ਹਾਜ਼ਰੀ 'ਚ ਸੜਕ ਦਾ ਡਿਵਾਈਡਰ ਪਾਰ ਕਰਕੇ ਕ੍ਰਿਪਾਨਾਂ ਨਾਲ ਹਮਲਾ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਸਾਰਾ ਕੁਝ ਕਾਂਗਰਸ ਦੀ ਇਸ਼ਾਰੇ 'ਤੇ ਹੋਇਆ ਹੈ।

ਜ਼ਿਲ੍ਹਾ ਪੁਲੀਸ ਮੁਖੀ ਡਾ. ਸੰਦੀਪ ਗਰਗ ਦਾ ਕਹਿਣਾ ਹੈ ਕਿ ਪੁਲੀਸ ਨੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਸਨ। ਪੁਲੀਸ ਨੂੰ ਘਟਨਾ ਸਬੰਧੀ ਸ਼ਿਕਾਇਤ ਮਿਲ ਚੁੱਕੀ ਹੈ। ਸੀਸੀਟੀਵੀ ਫੁਟੇਜ ਚੈੱਕ ਕੀਤੇ ਜਾ ਰਹੇ ਹਨ। ਘਟਨਾ ਲਈ ਜੋ ਵੀ ਲੋਕ ਜ਼ਿੰਮੇਵਾਰ ਹੋਣਗੇ, ਉਨ੍ਹਾਂ ਖ਼ਿਲਾਫ ਕਾਨੂੰਨ ਅਨੁਸਾਰ ਕੇਸ ਦਰਜ ਕੀਤਾ ਜਾਵੇਗਾ।

## ਬਾਦਲਾਂ ਨੂੰ ਦਿੱਲੀ ਦੇ ਸਿੱਖਾਂ ਨੇ ਵੀ ਦਿਖਾਈਆਂ ਅੱਖਾਂ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਬਾਦਲਾਂ ਖਿਲਾਫ ਸਿੱਖ ਭਾਈਚਾਰੇ ਦਾ ਰੋਸ ਹਰ ਥਾਂ ਹੀ ਅਸਰ ਅੰਦਾਜ਼ ਹੋ ਰਿਹਾ ਹੈ। ਹੁਣ ਦਿੱਲੀ ਦੀ ਸਿੱਖ ਰਾਜਨੀਤੀ ਤਬਦੀਲੀ ਦਾ ਰਾਹ ਤੱਕਣ ਲੱਗੀ ਹੈ।ਬੇਅਦਬੀ ਕਾਂਡ ਨੂੰ ਲੈ ਕੇ ਪੰਜਾਬ ਵਿਚਲੀ ਸਿਆਸੀ ਆਬੋ-ਹਵਾ ਦਾ ਅਸਰ ਦਿੱਲੀ ਦੀ ਸਿੱਖ ਸਿਆਸਤ 'ਤੇ ਵੀ ਪੈਣ ਲੱਗਾ ਹੈ। ਹਾਲ ਹੀ 'ਚ ਪੁਰਾਣੇ ਅਕਾਲੀ ਆਗੂਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਹਾਈ ਕਮਾਂਡ ਬਾਰੇ ਅਪਣਾਏ ਸੱਜਰੇ ਰਵੱਈਏ ਨੇ ਵੀ ਅੱਗ ਉਤੇ ਘਿਓ ਪਾਉਣ ਦਾ ਕੰਮ ਹੀ ਕੀਤਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਨਕ ਇਕਾਈ ਸਿੱਖ ਸੰਗਤਾਂ ਦੇ ਨਿਸ਼ਾਨੇ ਉਤੇ ਹੈ। ਦਿੱਲੀ ਪ੍ਰਦੇਸ਼ ਇਕਾਈ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨਾਲ ਬੀਤੇ ਮਹੀਨੇ ਅਮਰੀਕਾ ਵਿੱਚ ਵਾਪਰੀਆਂ ਘਟਨਾਵਾਂ ਮਗਰੋਂ ਕਮੇਟੀ ਪ੍ਰਧਾਨ ਵਿਰੋਧੀਆਂ ਦੇ ਨਿਸ਼ਾਨੇ 'ਤੇ ਪਹਿਲਾਂ ਹੀ ਆ ਗਏ ਸਨ। ਨੁਕਸਾਨ ਦੀ ਪੂਰਤੀ ਲਈ ਬਾਦਲ ਧੜੇ ਵੱਲੋਂ ਚਿਰ ਪਿੱਛੋਂ ਪਾਰਟੀ ਅਹੁਦੇਦਾਰਾਂ ਦੀ ਹੰਗਾਮੀ ਬੈਠਕ ਬੁਲਾਈ ਗਈ ਤੇ ਨਾਰਾਜ਼ ਆਗੂਆਂ ਨੂੰ ਮਨਾਉਣ ਲਈ ਧੜਾ-ਧੜ ਦਿੱਲੀ ਇਕਾਈ ਦਾ ਵਿਸਥਾਰ ਕਰਨ ਖ਼ਾਤਰ ਦਿੱਲੀ ਨੂੰ 6 ਜ਼ੋਨਾਂ ਉੱਤਰੀ, ਪੂਰਬੀ, ਕੇਂਦਰੀ, ਦੱਖਣੀ, ਪੱਛਮੀ-1 ਤੇ ਪੱਛਮੀ-2 ਵੰਡਿਆ ਗਿਆ ਹੈ। ਦਿੱਲੀ ਕਮੇਟੀ ਦੇ ਸਾਰੇ 46 ਚੋਣ ਹਲਕਿਆਂ ਦੇ ਸਰਕਲ ਜਥੇਦਾਰ ਬਣਾਏ ਜਾਣਗੇ ਤੇ ਇਸਤਰੀ ਅਕਾਲੀ ਦਲ ਦੀਆਂ ਸਥਾਨਕ ਪ੍ਰਧਾਨਗੀਆਂ ਵੀ ਵੰਡੀਆਂ ਜਾਣਗੀਆਂ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਅੰਦਰੋ-ਅੰਦਰੀਂ ਨਾਰਾਜ਼ ਕਮੇਟੀ ਮੈਂਬਰਾਂ ਨੂੰ ਸਫ਼ਾਈ ਵੀ ਦਿੱਤੀ ਹੈ। ਉਨ੍ਹਾਂ ਬੇਅਦਬੀਆਂ ਦੇ ਮੁੱਦੇ 'ਤੇ ਸਿੱਖ ਭਾਈਚਾਰੇ ਦੇ ਲੋਕਾਂ ਕੋਲ ਜਾਣ ਦੀ ਗੱਲ ਵੀ ਕੀਤੀ। ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਕੁਝ ਮੈਂਬਰਾਂ ਦੇ ਮਨਾਂ ਵਿੱਚ ਕੁਝ ਸ਼ਿਕਾਇਤਾਂ ਹਨ ਤਾਂ ਉਨ੍ਹਾਂ ਨੂੰ ਪਾਰਟੀ ਪ੍ਰਧਾਨ ਦੇ ਨਾਲ ਬੰਦ ਕਮਰਾ ਮੀਟਿੰਗ ਕਰਨੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਆਉਣ ਮਗਰੋਂ ਦਿੱਲੀ ਦੇ ਸਿੱਖਾਂ ਵਿਚ ਪੈਦਾ ਹੋਏ ਤੌਖਲਿਆਂ ਨੂੰ ਲੈ ਕੇ ਦਿੱਲੀ ਦੇ ਅਕਾਲੀ ਵੀ ਰੈਲੀਆਂ ਕਰਨ ਦੇ ਰਾਹ ਤੁਰ ਪਏ ਹਨ। ਆਉਣ ਵਾਲੇ ਦਿਨਾਂ ਦੌਰਾਨ ਕਮੇਟੀ ਦੀਆਂ ਸਿੱਖਿਆ ਸੰਸਥਾਵਾਂ ਦੀਆਂ ਅਹੁਦੇਦਾਰੀਆਂ ਦੇ ਕੇ ਵੀ ਨਾਰਾਜ਼ ਆਗੂਆਂ ਨੂੰ ਖੁਸ਼ ਕੀਤਾ ਜਾਵੇਗਾ। ਸ਼੍ਰੋਮਣੀ ਅਕਾਲੀ ਦਲ ਦੀ ਬੈਠਕ ਦੌਰਾਨ ਦਿੱਲੀ ਕਮੇਟੀ ਦੇ ਬੰਦ ਹੋਏ ਅਦਾਰੇ ਦੇ 8-10 ਮੁਲਾਜ਼ਮਾਂ ਨੇ ਖੌਰੂ ਵੀ ਪਾਇਆ ਤੇ ਆਪਣੀ ਗੱਲ ਰੱਖਣ ਦੀ ਕੋਸ਼ਿਸ਼ ਕੀਤੀ। ਇਹ ਮੁਲਾਜ਼ਮ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀਕੇ. ਅੱਗੇ ਆਪਣਾ ਪੱਖ ਰੱਖਣਾ ਚਾਹੁੰਦੇ ਸਨ।

**25 ਅੱਸੂ, 9 ਅਕਤੂਬਰ ਪ੍ਰਕਾਸ਼ ਦਿਵਸ 'ਤੇ ਵਿਸ਼ੇਸ਼**

# ਗੁਰੂ ਰਾਮਦਾਸ ਜੀ

**ਪ੍ਰਮਿੰਦਰ ਸਿੰਘ ਪ੍ਰਵਾਨਾ**
(517-781-0487)




ਗੁਰੂ ਰਾਮਦਾਸ ਜੀ ਦੀ ਸਮਾਂ ਸੰਨ 1534-1581 ਤੱਕ ਦਾ ਹੈ। ਹਿਮਾਂਯੂ ਸੰਨ 1530 ਵਿਚ ਮੁਗਲ ਬਾਦਸ਼ਾਹ ਬਣਿਆ। ਉਸ ਵੇਲੇ ਪੰਜਾਬ ਵਿਚ ਰਾਜਨੀਤਕ ਅਰਾਜਕਤਾ ਸੀ। ਜਦੋਂ ਅਕਬਰ ਸੰਨ 1556 ਵਿਚ ਮੁਗਲ ਬਾਦਸ਼ਾਹ ਬਣਿਆ, ਉਦੋਂ ਤਕ ਵੀ ਹਾਲਾਤ ਸੁਖਾਵੇਂ ਨਹੀਂ ਸਨ। ਗੁਰੂ ਰਾਮਦਾਸ ਜੀ ਉਸ ਸਮੇਂ ਗੁਰੂ ਅਮਰਦਾਸ ਜੀ ਦੀ ਸਰਪ੍ਰਸਤੀ ਹੇਠ ਗੋਇੰਦਵਾਲ ਵਿਖੇ ਸਿੱਖ ਪੰਥ ਦੀ ਸੇਵਾ ਕਰ ਰਹੇ ਸਨ। ਮੁਗਲ ਹਕੂਮਤ ਅਤੇ ਹਿੰਦੂ ਪਰਜਾ ਵਿਚ ਵੈਰ ਵਿਰੋਧ ਸੀ। ਸਾਰੇ ਧਰਮ ਅੱਗੇ ਕਈ ਵਰਗਾਂ ਵਿਚ ਵੰਡੇ ਹੋਏ ਸਨ। ਜਾਤ-ਪਾਤ, ਧੜੇਬੰਦੀ ਅਤੇ ਲੁੱਟ-ਖਸੁੱਟ ਜ਼ੋਰਾਂ 'ਤੇ ਸੀ। ਲੋਕ ਗਿਆਨ ਵਿਹੂਣੇ ਭਟਕ ਰਹੇ ਸਨ। ਬਾਦਸ਼ਾਹ ਅਕਬਰ ਆਪ ਖੁੱਲ੍ਹਦਿਲੀ ਦਾ ਮਾਲਕ ਸੀ। ਇਹ ਸਿੱਖ ਧਰਮ ਲਈ ਸ਼ਾਂਤੀ ਨਾਲ ਵਿਕਾਸ ਕਰਨ ਦਾ ਸਮਾਂ ਸੀ। ਅਜਿਹੇ ਸਮੇਂ ਵਿਚ ਗੁਰੂ ਰਾਮਦਾਸ ਜੀ ਨੇ ਸੇਵਾ ਭਾਵਨਾ ਦੀ ਮਿਸਾਲ ਬਣ ਕੇ ਗੁਰਗੱਦੀ ਪ੍ਰਾਪਤ ਕੀਤੀ। ਉਨ੍ਹਾਂ ਪ੍ਰਚਲਤ ਝੂਠੇ ਕਰਮਕਾਂਡਾਂ, ਰੀਤਾਂ-ਰਸਮਾਂ ਦਾ ਵਿਰੋਧ ਕਰਕੇ ਇਕ ਸਾਂਝੇ ਸਮਾਜ ਦੀ ਉਸਾਰੀ ਲਈ ਹੰਭਲਾ ਮਾਰਿਆ।

ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ 24 ਸਤੰਬਰ, ਸੰਨ 1534 ਨੂੰ ਪਿਤਾ ਹਰਿਦਾਸ ਤੇ ਮਾਤਾ ਅਨੂਪ ਦੇਵੀ/ਦਯਾ ਕੌਰ ਦੀ ਕੁੱਖੋਂ ਪਲੇਠੇ ਪੁੱਤਰ ਦੇ ਰੂਪ ਵਿਚ ਹੋਇਆ। ਉਨ੍ਹਾਂ ਦੇ ਪਿਤਾ ਚੂਨਾ ਮੰਡੀ ਲਾਹੌਰ ਵਿਚ ਇਕ ਸਧਾਰਨ ਦੁਕਾਨਦਾਰ ਸਨ। ਪਲੇਠਾ ਪੁੱਤਰ ਹੋਣ ਕਰਕੇ ਉਨ੍ਹਾਂ ਦਾ ਘਰੇਲੂ ਨਾਮ ਜੇਠਾ ਪ੍ਰਸਿੱਧ ਹੋਇਆ। ਆਪ ਸ਼ਰਧਾ-ਭਗਤੀ, ਸ਼ਾਂਤ, ਦਾਨੀ ਸੁਭਾਅ, ਸੁੰਦਰ ਸਰੂਪ ਅਤੇ ਤੀਖਣ ਬੁੱਧੀ ਦੇ ਮਾਲਕ ਸਨ। ਨਿੱਕੀ ਉਮਰੇ ਹੀ ਆਪ ਜੀ ਦੇ ਮਾਤਾ-ਪਿਤਾ ਚਲਾਣਾ ਕਰ ਗਏ। ਆਪ ਜੀ ਦੀ ਨਾਨੀ ਉਨ੍ਹਾਂ ਨੂੰ ਪਿੰਡ ਬਾਸਰਕੇ ਲੈ ਆਈ, ਜਿੱਥੇ ਆਪ ਘੁੰਙਣੀਆਂ ਵੇਚ ਕੇ ਪਰਿਵਾਰ ਦਾ ਗੁਜ਼ਾਰਾ ਚਲਾਉਂਦੇ ਸਨ। ਰੱਬ ਸਬੱਬੀਂ ਗੁਰੂ ਅਮਰਦਾਸ ਜੀ ਵੀ ਬਾਸਰਕੇ ਦੇ ਰਹਿਣ ਵਾਲੇ ਸਨ। ਭਾਈ ਜੇਠਾ ਜੀ ਦੀ ਪਹਿਲੀ ਮਿਲਣੀ ਗੁਰੂ ਅਮਰਦਾਸ ਜੀ ਨਾਲ ਇੱਥੇ ਹੀ ਹੋਈ। ਆਪ ਫਿਰ ਗੁਰੂ ਅਮਰਦਾਸ ਜੀ ਕੋਲ ਗੋਇੰਦਵਾਲ ਆ ਗਏ। ਗੁਜ਼ਾਰੇ ਲਈ ਘੁੰਙਣੀਆਂ ਵੇਚਣ ਦਾ ਹੀ ਕੰਮ ਇਥੇ ਵੀ ਕੀਤਾ। ਉਹ ਆਪਣਾ ਕੰਮ ਸ਼ਾਂਤ-ਚਿੱਤ, ਮਿਹਨਤ ਅਤੇ ਇਮਾਨਦਾਰੀ ਨਾਲ ਕਰਦੇ ਸਨ। ਕਈ ਵਾਰ ਲੋੜਵੰਦਾਂ ਨੂੰ ਮੁਫ਼ਤ ਹੀ ਘੁੰਙਣੀਆਂ ਵੰਡ ਦੇਂਦੇ ਸਨ। ਕਾਰ-ਵਿਹਾਰ ਦੇ ਨਾਲ-ਨਾਲ ਗੁਰੂ ਘਰ ਵਿਚ ਸੇਵਾ ਸਿਮਰਨ ਵੀ ਕਰਦੇ। ਉਹ ਆਪਣੇ ਮਿੱਠੇ ਅਤੇ ਨਿਮਰਤਾ ਦੇ ਸੁਭਾਅ ਕਰਕੇ ਸੰਗਤ ਵਿਚ ਬਹੁਤ ਹਰਮਨ ਪਿਆਰੇ ਹੋ ਗਏ। ਗੁਰੂ ਅਮਰਦਾਸ ਜੀ ਦੀ ਕ੍ਰਿਪਾ ਨਾਲ ਉਨ੍ਹਾਂ ਦੀ ਗੁਰੂਘਰ ਦੇ ਲੰਗਰਾਂ ਦੀ ਸੇਵਾ ਅਤੇ ਸੰਗਤਾਂ ਦੀ ਸੇਵਾ ਵਿਚ ਰੁਚੀ ਵਧਦੀ ਗਈ। ਉਹ ਮਧੁਰ ਸੁਰ ਵਿਚ ਗਾਉਂਦੇ ਅਤੇ ਤੰਤੀ ਸਾਜ ਵੀ ਵਜਾਉਂਦੇ ਸਨ। ਇਸ ਤਰ੍ਹਾਂ 7 ਸਾਲ ਦੀ ਉਮਰ ਤੋਂ ਲਗਭਗ 20 ਸਾਲ ਦੀ ਉਮਰ ਤੱਕ ਆਪ ਰਿਸ਼ਟ ਪੁਸ਼ਟ ਹੋ ਚੁੱਕੇ ਸਨ। ਗੁਰੂ ਅਮਰਦਾਸ ਜੀ ਜੇਠਾ ਜੀ ਦੇ ਸੁਭਾਅ, ਰਹਿਣੀ-ਬਹਿਣੀ, ਬੋਲ-ਚਾਲ ਅਤੇ ਸੇਵਾ ਸਿਮਰਨ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਆਪਣੀ ਛੋਟੀ ਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ 18 ਫਰਵਰੀ, ਸੰਨ 1554 ਨੂੰ ਉਨ੍ਹਾਂ ਨਾਲ ਕੀਤਾ। ਗੁਰੂ ਅਮਰਦਾਸ ਜੀ ਨੇ ਦੰਪਤੀ ਨੂੰ ਆਪਣੇ ਪਰਿਵਾਰ ਵਿਚ ਹੀ ਰੱਖ ਲਿਆ। ਆਪ ਜੀ ਦੀ ਸੰਤਾਨ ਵਜੋਂ ਤਿੰਨ ਸਾਹਿਬਜ਼ਾਦੇ ਪ੍ਰਿਥੀ ਚੰਦ, ਮਹਾਦੇਵ ਅਤੇ ਅਰਜਨ (ਗੁਰੂ) ਜੀ ਸਨ। ਆਪ ਗੁਰੂਘਰ ਦੀ ਸੇਵਾ ਵਿਚ ਜੁਟੇ ਰਹੇ। ਉਨ੍ਹਾਂ ਨੇ ਗੁਰਸਿੱਖ ਜੀਵਨ ਨੂੰ ਸਮਝ ਲਿਆ ਸੀ। ਜਦੋਂ ਗੁਰੂ ਅਮਰਦਾਸ ਜੀ ਨੇ ਬਾਉਲੀ ਦਾ ਕੰਮ ਸ਼ੁਰੂ ਕੀਤਾ ਤਾਂ ਭਾਈ ਜੇਠਾ ਜੀ ਨੇ ਸਾਰਾ ਪ੍ਰਬੰਧ ਸੰਭਾਲ ਲਿਆ। ਆਪ ਕਾਰ ਸੇਵਾ ਕਰਦੇ, ਟੋਕਰੀ ਢੋਇਆ ਕਰਦੇ ਸਨ। ਉਹ ਲੋਕਾਚਾਰੀ ਅਤੇ ਰਿਸ਼ਤੇਦਾਰੀ ਤੋਂ ਉਪਰ ਉਠ ਕੇ ਸੇਵਾ ਕਰਦੇ ਰਹੇ, ਜਿਸ ਨਾਲ ਉਨ੍ਹਾਂ ਨੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਗੁਰੂ ਅਮਰਦਾਸ ਜੀ ਉਨ੍ਹਾਂ ਦੀ ਨਿਸ਼ਕਾਮ ਤੇ ਅਣਥੱਕ ਸੇਵਾ ਭਾਵਨਾ ਵੇਖ ਕੇ ਪ੍ਰਸੰਨ ਹੁੰਦੇ ਸਨ। ਇਸ ਤਰ੍ਹਾਂ ਭਾਈ ਜੇਠਾ ਜੀ ਗੁਰੂ ਅਮਰਦਾਸ ਜੀ ਦੀ ਕ੍ਰਿਪਾ ਅਤੇ ਵਿਸ਼ਵਾਸ਼ ਦੇ ਪਾਤਰ ਬਣ ਗਏ। ਜਦੋਂ ਅਕਬਰ ਦੇ ਦਰਬਾਰ ਵਿਚ ਗੋਂਦੇ ਨਾਲ ਹੋਰ ਜਾਤਿ ਅਭਿਮਾਨੀਆਂ ਨੇ ਗੁਰੂ ਅਮਰਦਾਸ ਜੀ ਵਿਰੁਧ ਸ਼ਿਕਾਇਤ ਕੀਤੀ, ਤਾਂ ਅਕਬਰ ਨੇ ਗੁਰੂ ਸਾਹਿਬ ਨੂੰ ਤਲਬ ਕਰਨ ਦਾ ਹੁਕਮ ਦਿੱਤਾ। ਉਨ੍ਹਾਂ ਨੇ ਭਾਈ ਜੇਠਾ ਜੀ ਨੂੰ ਪੱਖ ਪੂਰਨ ਲਈ ਭੇਜਿਆ। ਭਾਈ ਜੇਠਾ ਜੀ ਨੇ ਪਹਿਲੇ ਤਿੰਨ ਗੁਰੂਆਂ ਦੀ ਗੁਰਬਾਣੀ ਦੀ ਘੋਖ ਕੀਤੀ ਹੋਈ ਸੀ। ਉਨ੍ਹਾਂ ਬੜੀ ਗੰਭੀਰਤਾ ਨਾਲ ਆਪਣੇ ਪੱਖ ਨੂੰ ਸ਼ਾਂਤੀਪੂਰਵਕ ਪੇਸ਼ ਕੀਤਾ ਕਿ ਸਾਡਾ ਲੋਕ ਭਲਾਈ ਦਾ ਮਨੋਰਥ ਹੈ। ਅਕਬਰ ਬਾਦਸ਼ਾਹ ਦੇ ਸ਼ੰਕੇ ਦੂਰ ਹੋ ਗਏ ਤਾਂ ਸਾਰੇ ਦੋਸ਼ ਖਾਰਜ ਕਰ ਦਿੱਤੇ।

ਗੁਰੂ ਅਮਰਦਾਸ ਜੀ ਨੇ ਅਨੁਭਵ ਕਰ ਲਿਆ ਕਿ ਭਾਈ ਜੇਠਾ ਜੀ ਹੁਣ ਦੀਨ ਦੁਨੀਆ ਦਾ ਦਰਦ ਦੂਰ ਕਰਨ ਦੇ ਯੋਗ ਹਨ। ਉਹ ਹੁਣ ਗੁਰਤਾ ਦੇ ਯੋਗ ਹਨ, ਤਦ 1 ਸਤੰਬਰ ਸੰਨ1574 ਨੂੰ ਭਾਈ ਜੇਠਾ ਜੀ ਨੂੰ ਗੁਰੂ ਰਾਮਦਾਸ ਦਾ ਨਾਂ ਦੇ ਕੇ ਗੁਰਗੱਦੀ 'ਤੇ ਬਿਠਾਇਆ।

ਉਨ੍ਹਾਂ ਗੁਰਬਾਣੀ ਰਚਨਾ ਦੇ ਕਾਰਜ ਖੇਤਰ ਵਿਚ ਪਹਿਲੇ ਤਿੰਨ ਗੁਰੂਆਂ ਦੀ ਬਾਣੀ ਦਾ ਅਧਿਐਨ ਕੀਤਾ। ਆਪ ਗੁਰਬਾਣੀ ਦਾ ਸਿਮਰਨ ਕਰਦੇ ਰਹੇ, ਜਿਸ ਨਾਲ ਉਨ੍ਹਾਂ ਨੂੰ ਡੂੰਘੀ ਜਾਣਕਾਰੀ ਪ੍ਰਾਪਤ ਹੋਈ। ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖੀ ਜੀਵਨ ਵਿਚ ਢਾਲ ਲਿਆ ਸੀ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮ ਧਿਆਵੈ ।।
ਉਦਮੁ ਕਰੇ ਭਲਕੇ ਪਰਭਾਤੀ ਇਸ਼ਨਾਨੁ ਕਰੇ ਅੰਮ੍ਰਿਤ ਸਰਿ ਨਾਵੈ ।।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ।।
ਫਿਰਿ ਚੜੈ ਦਿਵੁਸ ਗੁਰਬਾਣੀ ਗਾਵੈ ਬਹਿੰਦਿਆਂ ਉਠਦਿਆਂ ਹਰਿ ਨਾਮੁ ਧਿਆਵੈ ।।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿੱਖੁ ਗੁਰੂ ਮਨਿ ਭਾਵੈ।
ਜਿਸ ਨੋ ਦਿਆਲੂ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸ਼ ਸੁਣਾਵੈ ।।
ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰਸਿੱਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ।। (ਅੰਗ-305)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਵਿਚ ਉਨ੍ਹਾਂ ਦੇ 638 ਪੰਨੇ, 30 ਸੰਗੀਤਕ ਰਾਗਣੀਆਂ ਵਿਚ ਦਰਜ ਹਨ, ਜਿਵੇਂ : ਅਸ਼ਟਪਦੀਆਂ, ਛੰਤ, ਵਣਜਾਰਾ, ਕਰਹਲੇ, ਘੋੜੀਆਂ, ਲਾਵਾਂ, ਵਾਰਾਂ ਤੇ ਸੋਹਿਲੇ ਕਾਵਿਕ ਵੰਨਗੀਆਂ ਹਨ। ਉਨ੍ਹਾਂ ਦੇ 31 ਸਲੋਕ ਵਾਰਾਂ ਤੇ ਵਧੀਕ ਵਿਚ ਹਨ। ਆਪ ਜੀ ਦੀ ਗੁਰਬਾਣੀ ਕੁਰੀਤੀਆਂ ਤੋਂ ਬਚਣ ਦਾ ਉਪਦੇਸ਼ ਦਿੰਦੀ ਹੋਈ ਸਵੈਮਾਣ ਦਾ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੀ ਹੈ। ਆਪ ਜੀ ਸੰਦੇਸ਼ ਹੇ ਕਿ ਮਨੁੱਖ ਆਪਣੇ ਕਰਮਾਂ ਕਰਕੇ ਜਾਣਿਆ ਜਾਂਦਾ ਹੈ, ਨਾ ਕਿ ਜਾਤ ਨਾਲ। ਹਉਮੈ ਦਾ ਤਿਆਗ ਕਰਕੇ ਪ੍ਰਮਾਤਮਾ ਅੱਗੇ ਆਤਮ ਸਮਰਪਣ ਕਰਨਾ ਹੈ। ਗੁਰਮਤਿ ਦੀ ਸੋਝੀ ਨਾਲ ਮਨ ਦੀ ਮੈਲ ਦੂਰ ਹੁੰਦੀ ਹੈ। ਨਾਮਦਾਨ ਇਸ਼ਨਾਨ ਤੇ ਸੁਚੀਕ੍ਰਿਤ, ਵੰਡ ਛਕਣਾ ਸਿੱਖੀ ਦੇ ਮੀਰੀ ਗੁਣ ਹਨ। ਅਜਿਹੀ ਰਹਿਤ ਲਾਗੂ ਕਰ ਦਿੱਤੀ ਕਿ ਅੰਮ੍ਰਿਤ ਵੇਲੇ ਦਾ ਇਸ਼ਨਾਨ ਤੇ ਨਾਮ ਜਪਦੇ ਰਹਿਣਾ ਹੀ ਸਿੱਖ ਦਾ ਉਤਮ ਕਰਮ ਹੈ। ਜੋ ਨਾਮ ਜਪਦਾ ਹੈ ਉਹ ਧੰਨਤਾ ਦੇ ਯੋਗ ਹੈ। ਸੱਚ 'ਤੇ ਪਹਿਰਾ ਦੇਣ ਦਾ ਉਪਦੇਸ਼ ਹੈ। ਗੁਰਮੁਖ ਝੂਠੇ ਕਰਮਕਾਂਡਾਂ ਨੂੰ ਨਹੀਂ ਮੰਨਦਾ। ਇਹੀ ਪ੍ਰਮਾਤਮਾ ਨਾਲ ਮੇਲ ਦਾ ਰਾਹ ਹੈ।

ਗੁਰੂ ਅਮਰਦਾਸ ਜੀ ਨੇ ਸੰਨ 1570 ਵਿਚ ਭਾਈ ਜੇਠਾ ਜੀ ਅਤੇ ਬਾਬਾ ਬੁੱਢਾ ਜੀ ਨੂੰ ਉਸ ਸਥਾਨ ਤੇ ਭੇਜਿਆ ਜਿਥੇ ਹੁਣ ਅੰਮ੍ਰਿਤਸਰ ਵਸਿਆ ਹੋਇਆ ਹੈ ਕਿ ਉਥੇ ਸਰੋਵਰ ਤਿਆਰ ਕਰਕੇ ਨਗਰ ਵਸਾਉ। ਆਪ ਜੀ ਨੇ ਪਹਿਲਾਂ ਸੰਤੋਖਸਰ ਦੀ ਖੁਦਾਈ ਕੀਤੀ। ਜਿਸ ਟਾਹਲੀ ਹੇਠ ਆਪ ਬੈਠਦੇ ਸਨ, ਉਥੇ ਗੁਰਦੁਆਰਾ ਸਾਹਿਬ ਟਾਹਲੀ ਸਾਹਿਬ ਬਣਿਆ ਹੋਇਆ ਹੈ। ਗੁਰਗੱਦੀ ਤੋਂ ਕੁਝ ਚਿਰ ਪਹਿਲੇ ਗੁਰੂ ਰਾਮਦਾਸ ਜੀ ਨੇ ਸੰਨ1574 ਵਿਚ ਹੀ ਪਿੰਡ ਗੁਰੂ ਕਾ ਚੱਕ ਦੀ ਨੀਂਹ ਰੱਖੀ, ਬਾਲਦ ਵਿਚ ਜਿਸ ਦਾ ਨਾਂ ਰਾਮਦਾਸਪੁਰਾ ਜਾਂ ਚੱਕ ਰਾਮਦਾਸ ਹੋ ਗਿਆ। ਸੰਨ 1577 ਵਿਚ ਜਿਸ ਥਾਂ ਉਤੇ ਸ੍ਰੀ ਦਰਬਾਰ ਸਾਹਿਬ ਹੈ, ਨਗਰ ਵਸਾਉਣਾ ਸ਼ੁਰੂ ਕੀਤਾ ਗਿਆ। ਗੁਰੂ ਰਾਮਦਾਸ ਜੀ ਇਸ ਨਗਰੀ ਨੂੰ ਆਦਰਸ਼ਕ ਬਣਾਉਣਾ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਇਥੋਂ ਦੇ ਵਸਨੀਕ ਧਾਰਮਿਕ ਹੋਣ ਦੇ ਨਾਲ-ਨਾਲ ਸਮਾਜਿਕ ਤੇ ਆਰਥਿਕ ਪੱਖੋਂ ਵੀ ਖੁਸ਼ਹਾਲ ਹੋਣ। ਉਨ੍ਹਾਂ ਦੀ ਕ੍ਰਿਤ ਕਮਾਈ ਵਿਚ ਕੋਈ ਥੁੜ੍ਹ ਨਾ ਹੋਵੇ। ਉਹ ਸਾਰੇ ਆਪਸੀ ਮਿਲਵਰਤਨ, ਪ੍ਰੇਮ ਪਿਆਰ ਅਤੇ ਸਾਂਝੇ ਭਾਈਚਾਰਕ ਤੌਰ 'ਤੇ ਵਸਣ। ਉਨ੍ਹਾਂ ਵੱਖ-ਵੱਖ ਜਾਤਾਂ, ਫਿਰਕਿਆਂ ਦੇ ਵੱਖ-ਵੱਖ ਹੁਨਰ ਨਿਪੁੰਨ ਦਸਤਕਾਰਾਂ ਨੂੰ, ਕ੍ਰਿਤੀਆਂ ਨੂੰ ਇਥੇ ਵਸਾਇਆ। ਇਨ੍ਹਾਂ ਨੇ ਸਮੂਹਿਕ ਤੌਰ 'ਤੇ ਇਕ ਬਾਜ਼ਾਰ ਦੇ ਰੂਪ ਵਿਚ ਵਪਾਰ ਨੂੰ ਵਧਾਇਆ। ਅੱਜ ਦਾ ਗੁਰੂ ਬਾਜ਼ਾਰ ਉਸ ਸਮੇਂ ਹੀ ਬਣਾਇਆ ਸੀ। ਸੰਨ 1577 ਵਿਚ ਗੁਰੂ ਰਾਮਦਾਸ ਜੀ ਨੇ ਦੁੱਖ ਭੰਜਨੀ ਬੇਰੀ ਦੀ ਥਾਂ ਉਤੇ ਅੰਮ੍ਰਿਤ ਸਰੋਵਰ ਦੀ ਖੁਦਵਾਈ ਆਰੰਭੀ। ਇਸ ਨੂੰ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ, ਜਿਸ ਨਾਲ ਇਸ ਨਗਰ ਦਾ ਨਾਂ ਅੰਮ੍ਰਿਤਸਰ ਪੈ ਗਿਆ। ਆਪ ਜੀ ਨੇ ਆਪਣੇ ਲਈ ਇਕ ਮਕਾਨ ਵੀ ਬਣਵਾਇਆ ਜਿਸ ਦਾ ਨਾਂ ਗੁਰੂ ਕੇ ਮਹਿਲ ਪੈ ਗਿਆ।

ਖਡੂਰ ਸਾਹਿਬ, ਗੋਇੰਦਵਾਲ ਅਤੇ ਕਰਤਾਰਪੁਰ ਦੇ ਲੰਗਰਾਂ ਦੀ ਪ੍ਰਥਾ ਨੂੰ ਅੰਮ੍ਰਿਤਸਰ ਵਿਖੇ ਵੀ ਤਿਵੇਂ ਹੀ ਜਾਰੀ ਰੱਖਿਆ ਗਿਆ। ਸੰਗਤਾਂ ਦੀ ਗਿਣਤੀ ਵਧਦੀ ਗਈ। ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਬਣਾਉਣ ਦੀ ਯੋਜਨਾ ਬਣੀ। ਸ਼ਹਿਰ ਦੀ ਵਸੋਂ ਲਈ ਉਸਾਰੀ ਦੇ ਕੰਮ ਜਾਰੀ ਸਨ। ਇਨ੍ਹਾਂ ਖਰਚਿਆਂ ਨੂੰ ਪੂਰਾ ਕਰਨ ਲਈ ਮਾਇਆ ਦੀ ਲੋੜ ਸੀ। ਮਾਇਆ ਇਕੱਠੀ ਕਰਨ ਲਈ ਮਸੰਦ ਨਿਯੁਕਤ ਕੀਤੇ ਜੋ ਮਾਇਆ ਇਕੱਠੀ ਕਰਕੇ ਲਿਆਉਂਦੇ ਅਤੇ ਕੇਂਦਰੀ ਖਜ਼ਾਨੇ ਵਿਚ ਜਮ੍ਹਾਂ ਕਰਾਉਂਦੇ। ਅੱਗੇ ਮਾਇਆ ਧਾਰਮਿਕ ਅਤੇ ਸਮਾਜਿਕ ਕਾਰਜਾਂ ਲਈ ਖਰਚ ਹੁੰਦੀ। ਧਰਮ ਪ੍ਰਚਾਰ ਦੀ ਜ਼ਿੰਮੇਵਾਰੀ ਵੀ ਮਸੰਦਾਂ ਕੋਲ ਸੀ।

ਸੱਚਖੰਡ ਵਾਪਸੀ ਦਾ ਸਮਾਂ ਜਾਣ ਕੇ ਗੁਰੂ ਰਾਮਦਾਸ ਜੀ ਨੇ ਗੁਰਗੱਦੀ ਦੀ ਚੋਣ ਆਪਣੇ ਤਿੰਨ ਸਾਹਿਬਜ਼ਾਦਿਆਂ ਵਿਚੋਂ ਕਰਨੀ ਸੀ। ਉਹ ਪਰਿਵਾਰ ਸਮੇਤ ਗੋਇੰਦਵਾਲ ਸਾਹਿਬ ਚਲੇ ਗਏ। ਗੁਰਗੱਦੀ ਦੇ ਹੱਕ ਲਈ ਪ੍ਰਿਥੀ ਚੰਦ ਦਾ ਵਿਰੋਧ ਵੀ ਜਾਰੀ ਸੀ ਪਰ ਆਪ 1 ਸਤੰਬਰ ਸੰਨ 1581 ਨੂੰ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਸੌਂਪ ਕੇ ਜੋਤੀ ਜੋਤਿ ਸਮਾਅ ਗਏ।

# ਅੰਮ੍ਰਿਤਸਰ, ਫਿਰੋਜ਼ਪੁਰ, ਨਾਭਾ ਦੇ ਬਾਅਦ ਹੁਣ ਫਰੀਦਕੋਟ ਜੇਲ੍ਹ 'ਚ ਸਾਹਮਣੇ ਆਏ ਕਈ ਮਾਮਲੇ

**✪ ਸਮੱਗਲਰਾਂ ਲਈ ਸੇਫ-ਜ਼ੋਨ ਬਣੀਆਂ ਜੇਲ੍ਹਾਂ**

**✪ ਡਰੱਗ ਡੀਲ ਤੋਂ ਡਿਲੀਵਰੀ ਤੱਕ ਇਥੋਂ ਹੀ ਹੁੰਦਾ ਏ ਘਾਲਾ ਮਾਲਾ**

**ਬਠਿੰਡਾ/ਬਿਊਰੋ ਨਿਊਜ਼** : ਪੰਜਾਬ ਦੀਆਂ ਜੇਲ੍ਹਾਂ ਸਮੱਗਲਰਾਂ ਦੇ ਲਈ ਸੇਫਜੋਨ ਹਨ। ਇਥੋਂ ਬੈਠ ਕੇ ਅਸਾਨੀ ਨਾਲ ਮੋਬਾਇਲ ਦੇ ਰਾਹੀਂ ਡਰੱਗ ਡੀਲ ਕੀਤੀ ਜਾਂਦੀ ਹੈ। ਜੇਲ੍ਹ ਤੋਂ ਹੀ ਮਿਲੇ ਕੋਡ ਵਰਲਡ ਦੇ ਰਾਹੀਂ ਹਵਾਲਾ ਦੇ ਜ਼ਰੀਏ ਪੇਮੈਂਟ ਵੀ ਕਰਵਾ ਦਿੱਤੀ ਜਾਂਦੀ ਹੈ। ਐਸ ਟੀ ਐਫ ਤੇ ਪੁਲੀਸ ਕੋਰੀਅਰ ਨੂੰ ਫੜ ਲੈਂਦੀ ਹੈ, ਪਰ ਜੇਲ੍ਹਾਂ ਵਿਚ ਚਲ ਰਹੇ ਇਸ ਡਰੱਗ ਰੇਕੈਟ ਦੀ ਚੇਨ ਨੂੰ ਬਰੇਕ ਨਹੀਂ ਕਰ ਸਕੀ। ਇਹੀ ਨਹੀਂ ਪੰਜਾਬ ਦੇ ਕਈ ਸੁਕਿਊਰਿਟੀ ਜੇਲ੍ਹ ਨਾਭਾ ਅਤਿ ਸੰਵੇਦਨਸ਼ੀਲ ਜੇਲ੍ਹ ਫਿਰਜ਼ੋਪੁਰ, ਅੰਮ੍ਰਿਤਸਰ ਅਤੇ ਮਾਡਰਨ ਜੇਲ੍ਹ ਫਰੀਦਕੋਟ ਵਿਚ ਪਿਛਲੇ ਛੇ ਮਹੀਨੇ ਵਿਚ ਹੀ ਅਜਿਹੇ ਅੱਧਾ ਦਰਜਨ ਕੇਸ ਸਾਹਮਣੇ ਆ ਚੁੱਕੇ ਹਨ।

**ਕਾਲੇ ਨੇ ਨਾਭਾ ਜੇਲ੍ਹ ਤੋਂ ਕਰਵਾਈ ਡਿਲੀਵਰੀ** : 22 ਜਨਵਰੀ 2018 ਨੂੰ ਯੁਗਾਂਡਾ ਦੀ ਔਰਤ ਰੋਜੇਡ ਨੂੰ ਜਗਰਾਉਂ ਪੁਲੀਸ ਨੇ 15 ਕਿਲੋ ਹੈਰੋਇਨ ਦੇ ਨਾਲ ਗ੍ਰਿਫ਼ਤਾਰ ਕੀਤਾ, ਉਹ ਇਕ ਬੈਗ ਵਿਚ ਮੱਛੀਆਂ ਲੈ ਕੇ ਜਾ ਰਹੀ ਸੀ। ਮੱਛੀਆਂ ਦੇ ਅੰਦਰ ਹੈਰੋਇਨ ਦੇ ਕੈਪਸੂਲ ਬਣਾ ਕੇ ਛੁਪਾਏ ਹੋਏ ਸਨ। ਪੁਛਗਿੱਛ ਹੋਣ 'ਤੇ ਪੁਲੀਸ ਨੂੰ ਪਤਾ ਲੱਗਾ ਕਿ ਉਹ ਹੈਰੋਇਨ ਮੋਗਾ ਦੇ ਨਿਹਾਲ ਸਿੰਘ ਵਾਲਾ ਵਿਚ ਸਪਲਾਈ ਹੋਣੀ ਸੀ, ਜਿਸ ਦਾ ਆਰਡਰ ਨਾਭਾ ਜੇਲ੍ਹ ਵਿਚ ਬੰਦ ਔਰਤ ਦੇ ਪਰੇਮੀ ਨਾਇਜੇਰੀਅਨ ਮਾਈਕਲ ਨੇ ਮੋਬਾਇਲ 'ਤੇ ਦਿੱਤਾ ਸੀ। ਇਹ ਦੂਸਰੀ ਖੇਪ ਸੀ। ਇਸ ਤੋਂ ਪਹਿਲਾਂ ਵੀ ਇਕ ਖੇਪ ਮੋਗਾ ਵਿਚ ਡਿਲੀਵਰ ਹੋ ਚੁੱਕੀ ਸੀ।

**ਅੰਮ੍ਰਿਤਸਰ ਜੇਲ੍ਹ 'ਚ ਹੈਰੋਇਨ** : ਅੰਮ੍ਰਿਤਸਰ ਜੇਲ੍ਹ ਵਿਚ ਐਸਟੀਐਫ ਵਲੋਂ 83 ਕਿਲੋ ਹੈਰੋਇਨ ਸਮੱਗਲਿੰਗ ਦੇ ਕੇਸ ਵਿਚ ਗ੍ਰਿਫ਼ਤਾਰ ਕੀਤੇ ਗਏ ਫਿਰੋਜ਼ਪੁਰ ਦੇ ਪਿੰਡ ਨਿਹਾਲਾ ਕਿਲਚ ਦੇ ਜੋਗਿੰਦਰ ਸਿੰਘ ਸ਼ੰਮੀ ਨੇ ਨਵੰਬਰ 2017 ਵਿਚ ਅੰਮ੍ਰਿਤਸਰ ਜੇਲ੍ਹ ਤੋਂ ਫੋਨ ਕਰਕੇ ਮਮਦੋਟ ਵਿਚ ਛੁਪਾ ਕੇ ਰੱਖੀ 7 ਕਿਲੋ ਹੈਰੋਇਨ ਦੀ ਡਿਲੀਵਰ ਕਰਵਾ ਦਿੱਤੀ। ਐਸਟੀਐਫ ਨੂੰ ਇਸ ਦਾ ਪਤਾ ਬਾਅਦ ਵਿਚ ਚੱਲਿਆ।

**ਪਾਕਿ ਸਮੱਗਲਰਾਂ ਨੇ ਮੰਗਵਾਈ ਹੈਰੋਇਨ** : 29 ਅਗਸਤ 2018 ਨੂੰ ਐਸਟੀਐਫ ਨੇ ਤਰਨਤਾਰਨ ਤੋਂ ਫਰੀਦਕੋਟ ਦੇ ਇਕ ਵਿਅਕਤੀ ਨੂੰ ਇਕ ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ। ਪੁੱਛਗਿੱਛ ਤੋਂ ਪਤਾ ਚੱਲਿਆ ਕਿ ਉਸ ਨੂੰ ਇਹ ਹੈਰੋਇਨ ਫਰੀਦਕੋਟ ਜੇਲ੍ਹ ਵਿਚ ਨਸ਼ੇ ਤੇ ਸੈਕਸ ਰੈਕੇਟ ਕੇਸ ਵਿਚ ਬੰਦ ਔਰਤ ਸਿਮਰਨਜੀਤ ਕੌਰ ਇੰਦੂ ਨੇ ਦਿੱਤੀ ਸੀ। ਜਾਂਚ ਕਰਨ 'ਤੇ ਇੰਦੂ ਦਾ ਮੋਬਾਇਲ ਫੜਿਆ ਗਿਆ। ਐਸਟੀਐਫ ਦਾ ਦਾਅਵਾ ਹੈ ਕਿ ਇੰਦੂ ਫਰੀਦਕੋਟ ਜੇਲ੍ਹ ਤੋਂ ਵਟਸਐਪ 'ਤੇ ਪਾਕਿ ਸਮੱਗਲਰਾਂ ਨਾਲ ਗੱਲਬਾਤ ਕਰਕੇ ਹੈਰੋਇਨ ਤਰਨਤਾਰਨ ਬਾਰਡਰ ਤੋਂ ਮੰਗਵਾਉਂਦੀ ਸੀ। ਇਸ ਦੇ ਬਾਅਦ ਪਤੀ ਤੇ ਇਕ ਸਾਥੀ ਤੋਂ ਫੋਨ 'ਤੇ ਹੀ ਇਸ ਨੂੰ ਅੰਮ੍ਰਿਤਸਰ, ਤਰਨਤਾਰਨ ਤੇ ਮੋਗਾ ਦੇ ਸਮੱਗਲਰਾਂ ਨੂੰ ਡਿਲੀਵਰ ਵੀ ਕਰਵਾਉਂਦੀ ਸੀ।

**ਨਾਭਾ ਜੇਲ੍ਹ 'ਚ ਹੈਰੋਇਨ** : ਨਾਭਾ ਜੇਲ੍ਹ ਵਿਚ ਬੰਦ 22 ਕਿਲੋ ਹੈਰੋਇਨ ਤਸਕਰੀ ਦੇ ਖਤਰਨਾਕ ਸਮੱਗਲਰ ਹਰਬੰਸ ਸਿੰਘ ਰਾਣਾ ਨੇ ਮੋਬਾਇਲ ਫੋਨ 'ਤੇ ਪਾਕਿਸਤਾਨ ਦੇ ਸਮੱਗਲਰਾਂ ਤੋਂ ਵਟਸਐਪ ਕਾਲ ਰਾਹੀਂ ਸੰਪਰਕ ਕਰਕੇ ਦੋ ਕਿਲੋ ਹੈਰੋਇਨ ਮੰਗਵਾ ਲਈ, ਜਿਸ ਦੀ ਡਿਲੀਵਰੀ ਲੈਣ 'ਤੇ ਉਸ ਦੀ ਭੂਆ ਦਾ ਲੜਕਾ ਬਲਦੇਵ ਸਿੰਘ ਦੇਬੀ ਗਿਆ ਜੋ ਗ੍ਰਿਫ਼ਤਾਰ ਕੀਤਾ ਗਿਆ। ਇਸ ਦੇ ਬਾਅਦ ਇਹ ਦੋਸ਼ੀ ਜੇਲ੍ਹ ਵਿਚ ਮੋਬਾਇਲ ਫੋਨ ਇਸਤੇਮਾਲ ਕਰਦਾ ਰਿਹਾ। 18 ਅਗਸਤ 2018 ਨੂੰ ਉਹ ਸਾਜ਼ਿਸ਼ ਦੇ ਤਹਿਤ ਫਿਰਜ਼ੋਪੁਰ ਪੇਸ਼ੀ ਦੇ ਦੌਰਾਨ ਆਪਣੇ ਸਾਥੀਆਂ ਦੀ ਮਦਦ ਦੇ ਨਾਲ ਪੁਲੀਸ ਕਰਮਚਾਰੀਆਂ ਦੀਆਂ ਟੰਗਾਂ ਵਿਚ ਗੋਲੀ ਮਾਰ ਕੇ ਫਰਾਰ ਹੋ ਗਿਆ।

**ਫਿਰੋਜ਼ਪੁਰ ਜੇਲ੍ਹ 'ਚ ਕਾਂਗਰਸੀ ਰਾਹੀਂ ਡਰੱਗ ਡੀਲ** : ਫਿਰੋਜ਼ਪੁਰ ਜੇਲ੍ਹ ਵਿਚ ਹੈਰੋਇਨ ਤਸਕਰੀ ਵਿਚ ਬੰਦ ਪਿੰਡ ਰਾਮ ਲਾਲ ਦੇ ਸਾਬਕਾ ਸਰਪੰਚ ਬਖਸ਼ੀਸ਼ ਸਿੰਘ ਦੇ ਬੇਟੇ ਗੁਰਵਿੰਦਰ ਸਿੰਘ ਨੂੰ ਪੁਲੀਸ ਨੇ ਹੈਰੋਇਨ ਤਸਕਰੀ ਵਿਚ ਗ੍ਰਿਫ਼ਤਾਰ ਕੀਤਾ ਸੀ। ਜੇਲ੍ਹ ਵਿਚ ਫੋਨ ਕਰਕੇ ਕਾਂਗਰਸੀ ਨੇਤਾ ਦਰਬਾਰਾ ਸਿੰਘ ਨੇ ਹੈਰੋਇਨ ਦੀ ਡੀਲ ਕਰਕੇ ਮਾਂ ਨੂੰ ਹੈਰੋਇਨ ਦੇਣ ਨੂੰ ਕਿਹਾ। ਕਾਉਂਟਰ ਇੰਟੇਜੀਲੈਂਸ ਨੇ 50 ਗ੍ਰਾਮ ਹੈਰੋਇਨ ਤੇ ਸਾਢੇ 13 ਲੱਖ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕਰ ਲਿਆ।

ਜੇਲ੍ਹ 'ਚ ਜੇਮਰ ਟੂ ਤੇ ਜੇਮਰ ਥ੍ਰੀ ਪਰ ਤਸਕਰਾਂ ਦੇ ਫੋਨ 4-ਜੀ : ਜੇਲ੍ਹਾਂ ਵਿਚ ਐਕਟਿਵ ਤਸਕਰ 4-ਜੀ ਨੈਟਵਰਕ ਵਰਤੋਂ ਕਰਕੇ ਵਟਸਐਪ ਕਾਲ ਕਰ ਰਹੇ ਹਨ, ਜੋ ਨਾ ਜੇਮਰ ਦੇ ਪਕੜ ਵਿਚ ਆ ਰਹੀ ਹੈ ਨਾ ਹੀ ਟਰੇਸ ਹੋ ਰਹੀ ਹੈ। ਅੰਮ੍ਰਿਤਸਰ, ਕਪੂਰਥਲਾ, ਫਰੀਦਕੋਟ, ਫਿਰੋਜ਼ਪੁਰ, ਨਾਭੇ ਵਰਗੀਆਂ ਜੇਲ੍ਹਾਂ ਵਿਚ ਵੀ ਅਜੇ ਵੀ ਥ੍ਰੀ-ਜੀ ਜੇਮਰ ਹੈ। ਅੰਮ੍ਰਿਤਸਰ ਵਿਚ ਟੂ-ਜੀ ਜੇਮਰ ਹੈ।

# ਅਕਾਲ ਤਖ਼ਤ ਸਾਹਿਬ ਤੇ ਸਿੱਖ ਕੌਮ ਦਾ ਫ਼ੌਜੀਕਰਨ

**ਕਵਿਤਾ**



ਅਕਾਲ ਤਖ਼ਤ ਸਾਹਿਬ ਦਾ ਸਭ ਤੋਂ ਮੁੱਢਲਾ ਹਵਾਲਾ ਗੁਰਬਿਲਾਸ ਪਾਤਸ਼ਾਹੀ ਛੇਵੀਂ ਤੋਂ ਮਿਲਦਾ ਹੈ। ਗੁਰਬਿਲਾਸ ਦੇ ਕਰਤਾ ਅਨੁਸਾਰ ਗੁਰੂ ਅਰਜਨ ਦੇਵ ਜੀ ਜੇਠ ਦੇ ਮਹੀਨੇ (ਮਈ 1606) ਨੂੰ ਜੋਤੀ ਜੋਤਿ ਸਮਾ ਗਏ ਅਤੇ ਅਕਾਲ ਤਖ਼ਤ ਸਾਹਿਬ ਦੀ ਨੀਂਹ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਰੱਬੀ ਹੁਕਮਾਂ ਅਨੁਸਾਰ ਰੱਖੀ ਗਈ। ਗੁਰੂ ਸਾਹਿਬ ਦੀ ਦਸਤਾਰਬੰਦੀ ਦੀ ਰਸਮ ਹਾੜ੍ਹ ਦੇ ਮਹੀਨੇ ਦੀ ਪਹਿਲੀ ਤਾਰੀਖ ਨੂੰ ਹੋਈ ਅਤੇ ਅਕਾਲ ਤਖ਼ਤ ਦੀ ਨੀਂਹ 5 ਹਾੜ੍ਹ ਨੂੰ ਰੱਖੀ ਗਈ। ਨੀਂਹ ਰੱਖਣ ਸਮੇਂ ਬਾਬਾ ਬੁੱਢਾ ਅਤੇ ਭਾਈ ਗੁਰਦਾਸ ਗੁਰੂ ਸਾਹਿਬ ਦੇ ਨਾਲ ਸਨ। ਕੁਝ ਦਿਨਾਂ ਉਪਰੰਤ ਗੁਰੂ ਹਰਿਗੋਬਿੰਦ ਸਾਹਿਬ ਦਸਤਾਰ, ਸ਼ਸਤਰ ਤੇ ਅਸਤਰ ਸਜਾ ਕੇ ਉਚੇਚਤਾਪੂਰਕ ਢੰਗ ਨਾਲ ਤਖ਼ਤ ਉੱਤੇ ਬੈਠੇ। ਗੁਰਬਿਲਾਸ ਦਾ ਕਰਤਾ ਇਸ ਪ੍ਰਕਾਰ ਅਕਾਲ ਤਖ਼ਤ ਦੀ ਨੀਂਹ ਸੰਨ 1606 ਈ. ਵਿਚ ਰੱਖਣ ਦਾ ਸੰਕੇਤ ਕਰਦਾ ਹੈ। ਐਮ. ਏ. ਮੈਕਾਲਫ 'ਸਿੱਖ ਰਿਲੀਜਨ' ਵਿਚ ਅਕਾਲ ਤਖ਼ਤ ਦੀ ਉਸਾਰੀ ਦਾ ਸਾਲ 1606 ਈ. ਵਿਚ ਮੰਨਦਾ ਹੈ। ਕਈ ਲੇਖਕ ਅਕਾਲ ਤਖ਼ਤ ਦੀ ਨੀਂਹ ਸੰਨ 1608 ਜਾਂ ਸੰਨ 1609 ਈ. ਵਿਚ ਰੱਖੀ ਮੰਨਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਇਹ ਤਖ਼ਤ ਸੰਨ 1608 ਈ. ਵਿਚ ਹੋਂਦ ਵਿਚ ਆਇਆ ਲਿਖਦੇ ਹਨ।

ਗੁਰਬਿਲਾਸ ਦੇ ਕਰਤਾ ਦੁਆਰਾ ਦੱਸਿਆ ਗਿਆ ਸਮਾਂ ਤੇ ਸਾਲ ਠੀਕ ਪ੍ਰਤੀਤ ਹੁੰਦਾ ਹੈ। ਇਸ ਗ੍ਰੰਥ ਵਿਚ ਦਿੱਤਾ ਗਿਆ ਗ੍ਰੰਥ-ਰਚਨਾ ਦਾ ਸਾਲ 1718 ਈ. ਹੈ। ਉਸ ਸਮੇਂ ਅਜੋਕੇ ਹਰਿਮੰਦਰ ਸਾਹਿਬ ਦੇ ਨਜ਼ਦੀਕ ਅਕਾਲ ਬੁੰਗਾ ਸਥਿਤ ਸੀ ਜਿਸ ਵਿਚ ਅਕਾਲ ਤਖ਼ਤ ਸਾਹਿਬ ਸੁਸ਼ੋਭਿਤ ਸੀ। ਗੁਰਬਿਲਾਸ ਦੀ ਰਚਨਾ ਦੇ ਸਮੇਂ ਲਗਭਗ 80 ਸਾਲ ਤਕ ਗੁਰੂ ਅਰਜਨ ਦੇਵ ਜਾਂ ਉਨ੍ਹਾਂ ਦੇ ਉਤਰਾਧਿਕਾਰੀ ਦੀ ਰਿਹਾਇਸ਼ ਅੰਮ੍ਰਿਤਸਰ ਵਿਖੇ ਨਹੀਂ ਰਹੀ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਸੰਨ 1634 ਈ. ਵਿਚ ਰਿਹਾਇਸ਼ੀ ਟਿਕਾਣਾ ਕੀਰਤਪੁਰ ਸਾਹਿਬ ਨੂੰ ਬਣਾ ਲਿਆ ਸੀ। ਸੰਨ 1628 ਈ. ਤੋਂ ਸੰਨ 1634 ਈ. ਤੱਕ ਗੁਰੂ ਹਰਿਗੋਬਿੰਦ ਸਾਹਿਬ ਜੰਗਾਂ ਕਾਰਨ ਰੁੱਝੇ ਰਹੇ। ਫਲਸਰੂਪ ਅਕਾਲ ਤਖ਼ਤ ਸਾਹਿਬ ਦੀ ਰਚਨਾ ਸੰਨ 1628 ਈ. ਤੋਂ ਪਹਿਲਾਂ ਦੀ ਮੰਨੀ ਜਾ ਸਕਦੀ ਹੈ। ਪਰੰਤੂ ਜੇਕਰ ਅਸੀਂ ਗੁਰੂ ਹਰਿਗੋਬਿੰਦ ਸਾਹਿਬ ਦੀ ਨਜ਼ਰਬੰਦੀ ਦਾ ਸਮਾਂ ਗਿਣਤੀ ਵਿਚ ਸ਼ੁਮਾਰ ਕਰੀਏ ਤਾਂ ਅਕਾਲ ਤਖ਼ਤ ਦੀ ਰਚਨਾ ਗੁਰਗੱਦੀ ਦੇ ਮੁੱਢਲੇ ਸਮੇਂ ਮੰਨੀ ਜਾ ਸਕਦੀ ਹੈ। ਇਸ ਤੋਂ ਛੁਟ ਅਕਾਲ ਤਖ਼ਤ ਦੀ ਰਚਨਾ ਦਾ ਸਮਾਂ ਸੰਨ 1608 ਈ. ਜਾਂ ਸੰਨ 1609 ਈ. ਸਵੀਕਾਰ ਕਰਨਾ ਠੀਕ ਨਹੀਂ ਹੋਵੇਗਾ, ਕਿਉਂਕਿ ਇਨ੍ਹਾਂ ਸਾਲਾਂ ਸੰਬੰਧੀ ਕੋਈ ਖਾਸ ਗਵਾਹੀ ਸਾਹਮਣੇ ਨਹੀਂ ਆਉਂਦੀ। ਇਸ ਲਈ ਗੁਰਬਿਲਾਸ ਦੇ ਕਰਤਾ ਦੁਆਰਾ ਦਿਤਾ ਗਿਆ ਅਕਾਲ ਤਖ਼ਤ ਦੀ ਰਚਨਾ ਦਾ ਸਮਾਂ ਸੰਨ 1606 ਈ. ਸਵੀਕਾਰ ਕੀਤਾ ਜਾ ਸਕਦਾ ਹੈ।

ਗੁਰਬਿਲਾਸ ਪਾਤਸ਼ਾਹੀ ਦੇ ਕਰਤਾ ਅਨੁਸਾਰ ਅਕਾਲ ਤਖ਼ਤ ਦੀ ਉਸਾਰੀ ਦਾ ਉਦੇਸ਼ ਸਮੇਂ ਦੀ ਵਿਦੇਸ਼ੀ ਮੁਗਲ ਹਕੂਮਤ (ਤੁਰਕ ਹਾਕਮ) ਤੋਂ ਬਦਲਾ ਲੈਣਾ ਸੀ। ਕਈ ਲੇਖਕਾਂ ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਆਉਣ ਵਾਲੇ ਸਮੇਂ ਦੇ ਕਾਰਜਾਂ ਉਤੇ ਨਿਸਚੇ ਹੀ ਪ੍ਰਭਾਵ ਪਾਇਆ। ਸਿੱਖਾਂ ਦੀ ਭਗਤ ਮਾਲਾ ਦੇ ਕਰਤਾ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਅਕਾਲ ਚਲਾਣੇ ਤੋਂ ਪਹਿਲਾਂ ਇਹ ਨਿਸਚਾ ਧਾਰਨ ਕਰ ਲਿਆ ਸੀ ਕਿ ਧਰਮ ਦੀ ਰੱਖਿਆ ਲਈ ਹਥਿਆਰ ਚੁਕਣੇ ਜ਼ਰੂਰੀ ਸਨ। ਇਸ ਲਈ ਉਨ੍ਹਾਂ ਨੇ ਆਪਣੇ ਉਤਰਾਧਿਕਾਰੀ ਹਰਿਗੋਬਿੰਦ ਸਾਹਿਬ ਨੂੰ ਹਥਿਆਰਾਂ ਦੀ ਵਰਤੋਂ ਲਈ ਪ੍ਰੇਰਿਆ ਸੀ।

ਗੁਰੂ ਹਰਿਗੋਬਿੰਦ ਸਾਹਿਬ ਦੀ ਦਸਤਾਰਬੰਦੀ ਦੀ ਰਸਮ ਸਮੇਂ ਹਾੜ੍ਹ ਦੇ ਮਹੀਨੇ ਬਹੁਤ ਸਾਰੇ ਸ਼ਰਧਾਲੂ ਬੁਲਾਏ ਗਏ ਜੋ ਅੰਮ੍ਰਿਤਸਰ ਵਿਖੇ ਗੁਰੂ ਸਾਹਿਬ ਦੇ ਆਦੇਸ਼ ਮੁਤਾਬਕ ਹਥਿਆਰ ਲੈ ਕੇ ਇਕੱਤਰ ਹੋਏ। ਮੀਰ ਅਬਦੁਲ ਅਤੇ ਨੱਥੇ ਢਾਡੀ ਨੇ ਗੁਰੂ ਹਰਿਗੋਬਿੰਦ ਜੀ ਦੀ ਸੋਭਾ ਵਿਚ 'ਪਹਿਲੀ ਵਾਰ' ਗਾਈ :

ਸੱਚਾ ਤਖ਼ਤ ਸਹਾਯੋ<br>
ਸ੍ਰੀ ਗੁਰ ਪਾਇ ਕੈ ॥<br>
ਛਬ ਬਰਨੀ ਨਹਿ ਜਾਇ<br>
ਕਹੌਂ ਕਿਆ ਗਾਇ ਕੈ ॥<br>
ਰਵਿ ਸੀਸ ਭਏ ਮਲੀਨ<br>
ਸੁਦਰਸ ਦਿਖਾਇ ਕੈ ॥<br>
ਸ੍ਰੀ ਗੁਰ ਤਖ਼ਤ ਬਿਰਾਜੈ<br>
ਪ੍ਰਭ ਧਿਆਇ ਕੈ ॥<br>
ਮੀਰ ਅਬਦੁਲ ਔ ਨੱਥਾ<br>
ਜਸ ਕਹੇ ਬਨਾਇਕੈ ॥

ਮੋਬਿਦ ਜ਼ੁਲਫਕਾਰ ਅਰਦਸਤਾਨੀ (ਮੋਹਸਨ ਫਾਨੀ), ਜੋ ਸਮਕਾਲੀ ਲੇਖਕ ਹੈ, ਇਹ ਤਸਦੀਕ ਕਰਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ ਸਿਪਾਹੀਆਂ ਦੇ ਤੌਰ ਤਰੀਕੇ ਅਪਣਾਉਂਦਿਆਂ ਹੋਇਆਂ ਆਪਣੇ ਪਿਤਾ ਦੇ ਅਭਿਆਸ ਤੋਂ ਉਲਟ ਤਲਵਾਰਾਂ ਪਹਿਨਣੀਆਂ ਆਰੰਭ ਕਰ ਦਿੱਤੀਆਂ। ਇਹ ਲੇਖਕ ਦੱਸਦਾ ਹੈ ਕਿ ਗੁਰੂ ਸਾਹਿਬ ਕੋਲ ਘੋੜਿਆਂ ਦੇ ਅਸਤਬਲ ਵਿਚ 700 ਘੋੜੇ, 300 ਘੋੜਸਵਾਰ ਅਤੇ 60 ਬੰਦੂਕਚੀ ਸਨ ਜੋ ਉਨ੍ਹਾਂ ਪਾਸ ਹੀ ਰਹਿੰਦੇ ਸਨ। ਕੁਝ ਭਗੌੜੇ ਵੀ ਗੁਰੂ ਹਰਿਗੋਬਿੰਦ ਸਾਹਿਬ ਦੀ ਪਨਾਹ ਵਿਚ ਆ ਗਏ ਸਨ। ਸੰਭਵ ਹੈ ਕਿ ਗੁਰੂ ਸਾਹਿਬ ਦੇ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਹੋਣ ਦਾ ਕਾਰਨ ਉਨ੍ਹਾਂ ਦੀਆਂ ਫੌਜੀ ਦਿਲਚਸਪੀਆਂ ਹੋਣ। ਭਾਈ ਗੁਰਦਾਸ ਵੀ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਫੌਜੀ ਦਿਲਚਸਪੀਆਂ ਦਾ ਵਰਨਣ ਕਰਦੇ ਹਨ ਅਤੇ ਗੁਰੂ ਹਰਿਗੋਬਿੰਦਜੀ ਨੂੰ ਵੱਡਾ ਸੂਰਮਾ ਤੇ ਪਰਉਪਕਾਰੀ ਦੱਸਦੇ ਹਨ :

ਪੰਜ ਪਿਆਲੇ ਪੰਜ ਪੀਰ<br>
ਛਠਮੁ ਪੀਰੁ ਬੈਠਾ ਗੁਰ ਭਾਰੀ।<br>
ਅਰਜਨ ਕਾਇਆ ਪਲਟਿ ਕੈ<br>
ਮੂਰਤਿ ਹਰਿਗੋਬਿੰਦ ਸਵਾਰੀ।<br>
ਚਲੀ ਪੀੜ੍ਹੀ ਸੋਢੀਆਂ<br>
ਰੂਪੁ ਦਿਖਾਵਣਿ ਵਾਰੋ ਵਾਰੀ।<br>
ਦਲਭੰਜਨ ਗੁਰ ਸੂਰਮਾ<br>
ਵਡ ਜੋਧਾ ਬਹੁ ਪਰਉਪਕਾਰੀ।

ਗੁਰੂ ਹਰਿਗੋਬਿੰਦ ਦੀ ਗੁਰਗੱਦੀ ਸਮੇਂ ਅਕਾਲ ਤਖ਼ਤ ਸਾਹਿਬ ਦੇ ਕੇਂਦਰੀ ਧੁਰੇ ਵਜੋਂ ਕੰਮ ਕਰਨ ਸਬੰਧੀ ਕੋਈ ਦੋ ਰਾਏ ਨਹੀਂ ਹਨ। ਇਸ ਦਾ ਵੱਡਾ ਕਾਰਨ ਇਹ ਸੀ ਕਿ ਉਨ੍ਹਾਂ ਵਿਚ ਸੂਰਬੀਰਤਾ ਦੇ ਸਾਰੇ ਲੱਛਣ ਸਨ। ਸਰੂਪ ਦਾਸ ਭੱਲਾ ਉਨ੍ਹਾਂ ਵਿਚ ਬਹਾਦਰੀ ਦਾ ਪੂਰਨ ਸੰਚਾਰ ਦ੍ਰਿਸ਼ਟੀਮਾਨ ਹੋਇਆ ਦੱਸਦਾ ਹੈ। ਉਹ ਵੀਰਤਾ, ਦਇਆ ਤੇ ਦਾਨ ਆਦਿ ਦੇ ਪੁਤਲੇ ਸਨ।

ਭਗਤਿ ਸਿੰਘਾਸਨ ਪਰ<br>
ਬਹੈ ਰਾਜ ਬੇਖ ਤਨ ਧਾਰ।<br>
ਬੀਰ ਬੀਰ ਚਿਤ ਅਮਿਤ ਬਲ<br>
ਗਿਆਨ ਰੂਪ ਸੁਖ ਸਾਰ।

ਗੁਰੂ ਹਰਿਗੋਬਿੰਦ ਜੀ ਦੇ ਵਿਅਕਤੀਤਵ ਦਾ ਨਿੰਜੀਪਣ ਵੈਰੀਆਂ ਦੇ ਦਿਲਾਂ ਦੀ ਦਵੈਤ ਖਤਮ ਕਰ ਦਿੰਦਾ ਸੀ। ਉਹ ਰੱਬੀ ਗੁਣਾਂ ਦੇ ਮਾਲਕ ਸਨ ਤੇ ਪਾਪਾਂ ਤੇ ਜ਼ੁਲਮਾਂ ਦਾ ਨਾਸ ਕਰਨ ਲਈ ਉਨ੍ਹਾਂ ਨੇ ਕਮਰ ਕੱਸਾ ਕਸ ਲਿਆ ਸੀ। ਇਸ ਲਈ ਸ੍ਰੀ ਅਕਾਲ ਤਖ਼ਤ ਵਿਖੇ ਬਹਾਦਰੀ ਦੀ ਰੂਹ ਸ਼ਰਧਾਲੂਆਂ ਵਿਚ ਫੂਕੀ ਜਾਣੀ ਆਰੰਭ ਹੋਈ। ਸ੍ਰੀ ਅਕਾਲ ਤਖ਼ਤ ਵਿਖੇ ਬਹਾਦਰੀ ਸਬੰਧੀ ਵਾਰਾਂ ਗਾਈਆਂ ਜਾਣ ਲੱਗੀਆਂ। ਮੀਰ ਅਬਦੁਲਾ ਤੇ ਨੱਥਾ ਪ੍ਰਸਿੱਧ ਢਾਡੀ ਸਨ। ਬੰਸਾਵਲੀਨਾਮੇ ਦਾ ਲੇਖਕ ਲਿਖਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਦੀ ਜ਼ੁਲਮ ਮਿਟਾਉਣ ਹਿਤ ਤੀਬਰ ਤੇ ਇਨਕਲਾਬੀ ਸ਼ਕਤੀ ਵਿਚ ਕੋਈ ਸ਼ੱਕ ਨਹੀਂ ਸੀ, ਭਾਵੇਂ ਉਨ੍ਹਾਂ ਦੀ ਆਯੂ ਗੁਰੂ ਅਰਜਨ ਸਾਹਿਬ ਦੇ ਅਕਾਲ ਚਲਾਣੇ ਸਮੇਂ ਛੋਟੀ ਸੀ। ਉਹ ਲਿਖਦਾ ਹੈ ਕਿ ਭਾਈ ਗੁਰਦਾਸ ਨੇ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ :

ਗਰੀਬ ਨਿਵਾਜ ਨਿਆਉ<br>
ਤੁਰਕਾਂ ਦੇ ਘਰ ਨਹੀਂ ਰਿਹਾ।<br>
ਸਾਹਿਬ ਹੈਣ ਸਿਆਣੇ<br>
ਪਰ ਅਵਸਥਾ ਹੈ ਨਿਦਾਨ।<br>
ਮੁਦਈ ਹੈਨਿ ਡਾਢੇ<br>
ਕੀਕਰ ਗੁਸਾਹ ਸਹਾਨ।<br>
ਗੁਰੂ ਅਰਜਨ ਤੁਹਾਡਾ<br>
ਪਲ ਨਹੀਂ ਸੇ ਵਿਸਾਹੁ ਕਰਦੇ।<br>
ਤੁਸਾਂ ਨੂੰ ਖੇਡਣ ਭੀ ਦੂਰ<br>
ਨਹੀਂ ਸੇ ਜਾਣ ਦੇਂਦੇ।<br>
ਰੱਖਣ ਵਿਚ ਨਜ਼ਰ ਦੇ....<br>
ਲਾਹੌਰ ਟੁਰਦੇ ਹੋਏ ਸਾਹਿਬ<br>
ਤੁਸਾਡੀ ਬੁੱਜਾ ਅਸਾਡੇ ਸੀਸ<br>
ਪਰ ਗਏ ਸੇ ਧਾਰੇ....

ਬੰਸਾਵਲੀਨਾਮੇ ਦੇ ਲੇਖਕ ਵਲੋਂ ਪੇਸ਼ ਕੀਤੀ ਗਈ ਗੁਰੂ ਹਰਿਗੋਬਿੰਦ ਸਾਹਿਬ ਦੀ ਸਥਿਤੀ ਸਹਿਜੇ ਹੀ ਸਾਹਮਣੇ ਆ ਸਕਦੀ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਸਿੱਖਾਂ ਦੀ ਦਸ਼ਾ ਅਤਿਅੰਤ ਭਿਆਨਕ ਰੂਪ ਲੈ ਗਈ ਸੀ ਪਰੰਤੂ ਗੁਰੂ ਹਰਿਗੋਬਿੰਦ ਜੀ ਦੀ ਛੋਟੀ ਉਮਰ ਅਤੇ ਜ਼ੁਲਮਾਂ-ਸਿਤਮਾਂ ਦੀ ਚੜ੍ਹਤ ਦੇ ਬਾਵਜੂਦ ਸ੍ਰੀ ਅਕਾਲ ਤਖ਼ਤ ਵਿਚ ਫੌਜੀ ਕਾਰਵਾਈ ਨਾ ਰੁਕ ਸਕੀ ਅਤੇ ਮੁਗਲ ਸਰਕਾਰ ਦੇ ਅਨਿਆਂਏ, ਜ਼ਬਰ, ਅੱਤਿਆਚਾਰ ਤੇ ਸ਼ੋਸ਼ਣ ਵਿਰੁਧ ਆਵਾਜ਼ ਉਠਾਈ ਗਈ।

ਗੁਰੂ ਹਰਿਗੋਬਿੰਦ ਜੀ ਨੇ ਸ੍ਰੀ ਅਕਾਲ ਤਖ਼ਤ ਵਿਖੇ ਇਕ ਪ੍ਰਕਾਰ ਦੀ ਫੌਜ ਨੂੰ ਤਰਤੀਬ ਦਿੱਤੀ। ਚਾਰ ਸੌ ਦੇ ਲਗਭਗ ਸਿੱਖ ਜੋ ਮਾਲਵੇ ਵਿਚ ਸ਼ਾਂਤਮਈ ਢੰਗ ਨਾਲ ਰਹਿ ਰਹੇ ਸਨ, ਮਾਝੇ ਤੇ ਦੁਆਬੇ ਵਿਖੇ ਚਲੇ ਗਏ ਸਨ। ਉਨ੍ਹਾਂ ਨੂੰ ਗੁਰੂ ਸਾਹਿਬ ਨੇ ਸ਼ੁਰੂ ਵਿਚ ਆਪਣੇ ਕੋਲ ਰੱਖ ਲਿਆ। ਚਾਰ ਆਗੂਆਂ ਨੂੰ ਇਸ ਫੌਜੀ ਟੁਕੜੀ ਦੀ ਸਿਖਲਾਈ ਲਈ ਨਿਸਚਿਤ ਕੀਤਾ ਗਿਆ। ਹਰ ਇਕ ਨੂੰ ਸੌ ਵਿਅਕਤੀਆਂ ਦੀ ਵਾਗਡੋਰ ਸੌਂਪੀ ਗਈ। ਇਨ੍ਹਾਂ ਦੇ ਨਾਮ ਬਿਧੀਆ, ਪੈਡਾ, ਪਰਵਾ ਤੇ ਜੇਠਾ ਸਨ। ਵੈਰੀ ਵਿਰੁੱਧ ਕੁਝ ਸੰਘਰਸ਼ ਉਪਰੰਤ ਗੁਰੂ ਸਾਹਿਬ ਨੇ ਕੁਝ ਹੋਰ ਆਗੂ ਵਿਅਕਤੀ ਚੁਣੇ ਜੋ ਫੌਜੀ ਸਿਖਲਾਈ ਦੇ ਕਾਬਲ ਸਮਝੇ ਗਏ। ਇਨ੍ਹਾਂ ਵਿਚ ਜਟੂ, ਕਲਿਆਣਾ, ਪਿਰਾਗ, ਮਥਰਾ, ਜਗਨਾ, ਪਰਸ ਰਾਮ ਆਦਿ ਸ਼ਾਮਲ ਸਨ। ਇਹ ਸਵੈ-ਸੇਵਕ ਸਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਧਰਮ ਦੀ ਰੱਖਿਆ ਲਈ ਜੁੜੇ ਸਨ, ਜੋ ਕਿ ਕੇਵਲ ਗੁਰੂ ਹਰਿਗੋਬਿੰਦ ਸਾਹਿਬ ਦੀ ਅਸੀਸ ਦੇ ਇੱਛਕ ਸਨ। ਇਹੀ ਕਾਰਨ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਚ ਗੁਰੂ ਹਰਿਗੋਬਿੰਦ ਦੀ ਅਗਵਾਈ ਹੇਠ ਕੀਤੀਆਂ ਗਈਆਂ ਜੰਗੀ ਤਿਆਰੀਆਂ ਸਿੱਖ ਸੰਘਰਸ਼ ਲਈ ਲਾਭਦਾਇਕ ਸਾਬਤ ਹੋਈਆਂ। ਸਿੱਖਾਂ ਵਲੋਂ ਗੁਰੂ ਸਾਹਿਬ ਨੂੰ ਸੁਗਾਤ ਦੇ ਰੂਪ ਵਿਚ ਘੋੜੇ, ਹਥਿਆਰ, ਵਸਤਰ ਆਦਿ ਪੇਸ਼ ਕੀਤੇ ਗਏ। ਇਸ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕ ਫੌਜੀ ਸ਼ਕਤੀ ਨੇ ਜਨਮ ਲਿਆ। ਗੁਰੂ ਹਰਿਗੋਬਿੰਦ ਸਾਹਿਬ ਹਰ ਰੋਜ਼ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਸ੍ਰੀ ਅਕਾਲ ਤਖ਼ਤ ਉਤੇ ਬਿਰਾਜਮਾਨ ਹੁੰਦੇ। ਮੁਗਲ ਸਾਮਰਾਜ ਦੇ ਕਰਿੰਦਿਆਂ ਨਾਲ ਹੋਣ ਵਾਲੇ ਸੰਘਰਸ਼ ਦਾ ਮੁੱਢ ਨਿਸਚੇ ਹੀ ਸ੍ਰੀ ਅਕਾਲ ਤਖ਼ਤ ਵਿਚ ਬੱਝਾ। ਗੁਰਬਿਲਾਸ ਦੇ ਲੇਖਕ ਨਾਲ ਕੇਸਰ ਸਿੰਘ ਛਿੱਬਰ ਆਦਿ ਲਿਖਾਰੀ ਸਹਿਮਤ ਹਨ ਕਿ ਗੁਰੂ ਹਰਿਗੋਬਿੰਦ ਸਾਹਿਬ ਨੂੰ ਪੂਰਨ ਭਰੋਸਾ ਸੀ ਕਿ ਗੁਰੂ ਘਰ ਦੇ ਸਿੱਖ ਹੁਣ ਤੁਰਕਾਂ ਦੇ ਅਨਿਆਂ ਤੇ ਜ਼ੁਲਮ ਨੂੰ ਖਤਮ ਕਰਨ ਉਤੇ ਤੁਲੇ ਹੋਏ ਸਨ।

ਗਿਆਨੀ ਗਿਆਨ ਸਿੰਘ, ਜੋ ਸ੍ਰੀ ਅਕਾਲ ਤਖ਼ਤ ਦੀ ਰਚਨਾ ਅਤੇ ਗੁਰੂ ਹਰਿਗੋਬਿੰਦ ਜੀ ਦੀ ਉਸ ਅਸਥਾਨ ਵਿਖੇ ਕਾਰਵਾਈ ਤੋਂ ਚੋਖਾ ਸਮਾਂ ਪਿਛੋਂ ਦਾ ਲੇਖਕ ਹੈ, ਇਸ ਤੱਥ ਉੱਤੇ ਪੂਰਨ ਭਰੋਸੇ ਨਾਲ ਪੁੱਜਦਾ ਹੈ ਕਿ ਅਕਾਲ ਤਖ਼ਤ ਉੱਤੇ ਸੰਘਰਸ਼ ਲਈ ਤਿਆਰ ਹੋਏ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਸਿੱਟੇ ਉੱਤੇ ਪੁੱਜਦਿਆਂ ਹੋਇਆਂ ਕਿ ਜ਼ੁਲਮ ਦਾ ਹਥਿਆਰਾਂ ਰਾਹੀਂ ਵਿਰੋਧ ਜ਼ਰੂਰੀ ਸੀ, ਆਪਣੇ ਸਿੱਖਾਂ ਨੂੰ ਘੋੜੇ ਅਤੇ ਹਥਿਆਰਾਂ ਦੇ ਤੋਹਫੇ ਲਿਆਉਣ ਅਤੇ ਗੁਰੂ ਦੇ ਆਸ਼ੀਰਵਾਦ ਦਾ ਜਾਚਕ ਬਣਨ ਲਈ ਕਿਹਾ। ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਗਈਆਂ। ਇਕ ਅਜੋਕੇ ਲੇਖਕ ਪੁਸ਼ਟੀ ਵਜੋਂ ਲਿਖਦੇ ਹਨ ਕਿ ਸ੍ਰੀ ਅਕਾਲ ਤਖ਼ਤ ਰੂਹਾਨੀ ਤੇ ਰਾਜਨੀਤਕ ਜੀਵਨ ਦਾ ਪ੍ਰਤੀਕ ਬਣਿਆ। ਇਥੇ ਇਹ ਵੀ ਵਰਨਣਯੋਗ ਹੈ ਕਿ ਗੁਰੂ ਸਾਹਿਬ ਵਲੋਂ ਸੇਲੀ ਟੋਪੀ ਦੀ ਥਾਂ ਦਸਤਾਰ ਸਜਾਉਣਾ ਅਤੇ ਹਥਿਆਰਾਂ ਦੀ ਵਰਤੋਂ ਆਦਿ ਕਰਨਾ ਕਈ ਸਿੱਖਾਂ ਨੇ ਪਸੰਦ ਨਾ ਕੀਤਾ। ਭਾਈ ਗੁਰਦਾਸ ਉਨ੍ਹਾਂ ਦੀ ਪ੍ਰਤੀਕਿਰਿਆ ਸਬੰਧੀ ਲਿਖਦੇ ਹਨ :

ਧਰਮਸਾਲ ਕਰ ਬਹੀਦਾ<br>
ਇਕ ਥਾਉਂ ਨਾ ਟਿਕੈ ਟਿਕਾਇਆਹ।<br>
ਪਾਤਸ਼ਾਹ ਘਰ ਆਵੰਦੇ<br>
ਗੜਿ ਚੜਿਆ ਪਾਤਸ਼ਾਹ ਚੜਾਇਆ।<br>
ਉਮਤਿ ਮਹਲੁ ਨ ਪਾਵਦੀ<br>
ਨਠਾ ਫਿਰੈ ਨ ਡਰੈ ਡਰਾਇਆ।<br>
ਮੰਜੀ ਬਹਿ ਸੰਤੋਖਦਾ<br>
ਕੁਤੇ ਰਖਿ ਸਿਕਾਰੁ ਖਿਲਾਇਆ।<br>
ਬਾਣੀ ਕਰ ਸੁਣਿ ਗਾਵਦਾ<br>
ਕਥੈ ਨ ਸੁਣੈ ਨਾ ਗਾਵਿ ਸੁਣਾਇਆ।<br>
ਅਜਰੁ ਦਰੈ ਨ ਆਪੁ ਜਣਾਇਆ।

ਟਾਇਨਬੀ ਨੇ ਇਸ ਸਬੰਧ ਵਿਚ ਲਿਖਿਆ ਹੈ ਕਿ ਬਹੁਤ ਸਾਰੀ ਗਵਾਹੀ ਇਸ ਹੱਕ ਵਿਚ ਮਿਲਦੀ ਹੈ ਕਿ ਗੁਰੂ ਹਰਿਗੋਬਿੰਦ ਜੀ ਦੀ ਬਹੁਤ ਸਾਰੀ ਗਿਣਤੀ ਵਿਚ ਸਿੱਖੀ ਸੇਵਕੀ ਉਨ੍ਹਾਂ ਦੇ ਹੱਕ ਵਿਚ ਸੀ ਅਤੇ ਮੁਗਲ ਪ੍ਰਬੰਧਕਾਂ ਦੁਆਰਾ ਹੋ ਰਹੇ ਜ਼ੁਲਮਾਂ ਵਿਰੁਧ ਕਾਰਵਾਈ ਨੂੰ ਨਿਸਚੇ ਹੀ ਜ਼ਰੂਰੀ ਤੇ ਭਲੀ ਭਾਂਤੀ ਜਾਣਿਆ ਜਾ ਰਿਹਾ ਸੀ।

ਮੋਬਿਦ (ਜ਼ੁਲਫਕਾਰ ਅਰਦਸਤਾਨੀ-ਮੋਹਸਨ-ਫਾਨੀ) ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਦੇ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦੀ ਸਮੇਂ ਬਹੁ-ਗਿਣਤੀ ਵਿਚ ਸਿੱਖ ਅਤੇ ਮਸੰਦ ਕਿਲ੍ਹੇ ਦੀਆਂ ਦੀਵਾਰਾਂ ਨੂੰ ਪੂਜਣ ਲੱਗ ਪਏ ਸਨ, ਕਿਉਂਕਿ ਉਨ੍ਹਾਂ ਨੂੰ ਗੁਰੂ ਸਾਹਿਬ ਨੂੰ ਮਿਲਣ ਦੀ ਆਗਿਆ ਨਹੀਂ ਦਿੱਤੀ ਗਈ ਸੀ।

ਕਈ ਲੇਖਕਾਂ ਅਨੁਸਾਰ, ਜਿਨ੍ਹਾਂ ਵਿਚ ਇੰਦੂ ਭੂਸ਼ਨ ਬੈਨਰਜੀ ਵੀ ਸ਼ਾਮਲ ਹਨ, ਜੱਟ ਲੋਕ ਗੁਰੂ ਹਰਿਗੋਬਿੰਦ ਸਾਹਿਬ ਦੀ ਟੇਕ ਅਧੀਨ ਆਉਣਾ ਪਰਵਾਨ ਕਰ ਗਏ ਜਿਸ ਦਾ ਮੁੱਖ ਕਾਰਨ ਧਾਰਮਿਕ ਰੁਚੀਆਂ ਨਾਲੋਂ ਸਾਹਸੀ ਕਾਰਜਾਂ ਦਾ ਸ਼ੌਕ ਸੀ। ਬੈਨਰਜੀ ਦਾ ਇਹ ਵੀ ਵਿਚਾਰ ਹੈ ਕਿ ਗੁਰੂ ਸਾਹਿਬ ਦੇ ਕਾਰਜਾਂ ਦਾ ਮਨੋਰਥ ਸਵੈ-ਸੁਰੱਖਿਆ ਸੀ। ਇਥੇ ਇਹ ਗੱਲ ਵੀ ਸਪੱਸ਼ਟ ਕਰਨ ਯੋਗ ਹੈ ਕਿ ਇਕ ਸਥਾਪਤ ਸਾਮਰਾਜ ਦੇ ਵਿਰੁਧ ਸਫਲਤਾ ਪ੍ਰਾਪਤ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਇਸ ਲਈ ਗੁਰੂ ਸਾਹਿਬ ਦੇ ਸ਼ਰਧਾਲੂਆਂ ਲਈ ਕਿਸੇ ਤਰ੍ਹਾਂ ਦੇ ਲਾਭ ਦੀ ਆਸ ਰੱਖਣਾ ਬੇਅਰਥ ਸੀ। ਭਾਈ ਗੁਰਦਾਸ ਦੀਆਂ ਵਾਰਾਂ ਗੁਰੂ ਸਾਹਿਬ ਦੇ ਕਾਰਜਾਂ ਨੂੰ ਉਚਿਤ, ਯਥਾਰਥ ਅਤੇ ਹੱਕ ਦੇ ਆਧਾਰ ਉੱਤੇ ਦਰਸਾਉਂਦੀਆਂ ਹਨ :

ਸਤਿਗੁਰ ਵੰਸੀ ਪਰਮਹੰਸੁ<br>
ਗੁਰ ਸਿਖ ਹੰਸ ਵੰਸ ਨਿਬਹੰਦਾ।<br>
ਪਿਉ ਦਾਦੇ ਦੇ ਰਾਹ ਚਲੰਦਾ।<br>
ਜੇ ਗੁਰੂ ਸਾਂਗ ਵਰਤਦਾ<br>
ਦੁਬਿਧਾ ਚਿਤਿ ਨਾ ਸਿਖ ਕੇਰੇ।

ਉਪਰੋਕਤ ਤੋਂ ਸਿੱਧ ਹੁੰਦਾ ਹੈ ਕਿ ਸ੍ਰੀ ਅਕਾਲ ਤਖ਼ਤ ਉੱਤੇ ਗੁਰੂ ਸਾਹਿਬ ਦੇ ਫੌਜੀ ਰੁਝੇਵੇਂ ਲਗਾਤਾਰ ਕਾਇਮ ਰਹੇ। ਸਿੱਖ ਸੇਵਕਾਂ ਨੇ ਪੂਰਨ ਰੂਪ ਵਿਚ ਸਾਥ ਦਿੱਤਾ ਅਤੇ ਉਨ੍ਹਾਂ ਦੀ ਗਿਣਤੀ ਜਿਵੇਂ ਮੋਬਿੰਦ ਲਿਖਦਾ ਹੈ, ਵਧਦੀ ਗਈ। ਸ੍ਰੀ ਅਕਾਲ ਤਖ਼ਤ ਨੂੰ ਮਹੱਤਵ ਪ੍ਰਦਾਨ ਕਰਨਾ ਆਪਣੇ ਆਪ ਵਿਚ ਇਕ ਮਹੱਤਵਪੂਰਨ ਕੰਮ ਸੀ। ਇਸੇ ਲਈ ਇਸ ਅਦਾਰੇ ਨੂੰ ਹਰਿਮੰਦਰ ਸਾਹਿਬ ਤੋਂ ਨਿਵੇਕਲਾ ਤੇ ਸੁਤੰਤਰ ਰੱਖਿਆ ਗਿਆ। ਗੁਰੂ ਹਰਿਗੋਬਿੰਦ ਜੀ ਸ੍ਰੀ ਅਕਾਲ ਤਖ਼ਤ ਵਿਖੇ ਧਾਰਮਿਕ ਤੇ ਰਾਜਨੀਤਕ ਆਗੂ ਦੇ ਰੂਪ ਵਿਚ ਵਿਖਾਈ ਦਿੱਤੇ। ਦੂਜੇ ਸ਼ਬਦਾਂ ਵਿਚ ਮੁਗਲ ਸਰਕਾਰ ਨਾਲ ਹੋਣ ਵਾਲੇ ਸੰਘਰਸ਼ ਲਈ ਸ੍ਰੀ ਅਕਾਲ ਤਖ਼ਤ ਨਿਸਚੇ ਹੀ ਲੋੜੀਂਦੀਆਂ

ਬਾਕੀ ਸਫ਼ਾ 28 'ਤੇ

ਅੱਜ ਹੋਵੇ ਤਾਂ ਸਰਕਾਰ ਮੁਲ ਪਾਵੇ...

# ਕਿੱਥੋਂ ਲੱਭ ਕੇ ਲਿਆਈਏ ਸ਼ੇਰੇ ਪੰਜਾਬ ਨੂੰ

**ਪ੍ਰੋ. ਬਲਵਿੰਦਰਪਾਲ ਸਿੰਘ**
9815700916

ਅੱਜ ਪੰਜਾਬ ਰੁਲ ਗਿਆ, ਸਿੱਖ ਰੁਲ ਗਏ, ਖਾਲਸਾ ਪੰਥ ਗੁਆਚ ਗਿਆ। ਪੰਜਾਬ ਬੰਜਰ, ਬੇਰੁਜ਼ਗਾਰ, ਖੇਤੀ, ਸਨਅਤ ਵਿਹੂਣਾ, ਨਸ਼ਿਆਂ ਤੇ ਜਾਤਪਾਤ ਤੇ ਫਿਰਕੂਵਾਦ ਵਿਚ ਗੜੁਚ। ਫਿਰ ਕਿਥੋਂ ਲੱਭ ਲਿਆਈਏ ਆਪਣੇ ਦੇਸ ਪੰਜਾਬ ਦੇ ਮਹਾਰਾਜਾ ਸ਼ੇਰੇ ਪੰਜਾਬ ਨੂੰ, ਜਿਸ ਦੀ ਸਿੰਘ ਗਰਜਣਾ ਤੋਂ ਅਫਗਾਨਿਸਤਾਨ, ਦਿਲੀ, ਕਸ਼ਮੀਰ, ਚੀਨ ਥਰ ਥਰ ਕੰਬਦੇ ਸਨ। ਖਾਲਸਾ ਪੰਥ ਦੇ ਝੰਡੇ ਬੁਲੰਦ ਸਨ। ਉਸ ਸਮੇਂ ਦਾ ਕਵੀ ਸ਼ਾਹ ਮਹੁੰਮਦ ਲਿਖਦਾ ਹੈ।

"ਰੱਬ ਚਾਹੇ ਤਾਂ ਕਰੇਗਾ ਮਿਹਰਬਾਨੀ
ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ,
ਉਨ੍ਹਾਂ ਨਾਲ ਨਾ ਕਿਸੇ ਦਾ ਵਾਸਤਾ ਈ।

ਇਸ 'ਜੰਗਨਾਮੇ' ਦਾ ਇੱਕ ਹੋਰ ਕਾਵਿ ਬੰਦ ਹੈ:
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉਤੇ ਅਫਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜਾਤ ਆਈ।"

ਖਾਲਸਾ ਪੰਥ ਕਦੇ ਵੀ ਦੇਸ ਪੰਜਾਬ ਵਿੱਚ ਤੀਸਰੀ ਜਾਤ ਨਹੀਂ ਸਨ। ਤੀਸਰੀ ਜਾਤ ਫਿਰੰਗੀਆਂ ਦੀ ਬ੍ਰਿਟਿਸ਼ ਹਕੂਮਤ ਸੀ ਜੋ ਸ਼ੇਰੇ ਪੰਜਾਬ ਤੋਂ ਥਰ ਥਰ ਕੰਬਦੀ ਸੀ ਤੇ ਉਸ ਦਾ ਜਿਗਰਾ ਨਹੀਂ ਸੀ ਕਿ ਉਹ ਸ਼ੇਰੇ ਪੰਜਾਬ ਨੂੰ ਲਲਕਾਰ ਸਕੇ ਤੇ ਦੇਸ ਪੰਜਾਬ ਵਿਚ ਆਪਣੇ ਨਾਪਾਕ ਕਦਮ ਧਰ ਸਕੇ। ਖਾਲਸਾ ਪੰਥ ਦੇਸ ਪੰਜਾਬ ਦੇ ਸਿਧਾਂਤਕ ਅਗਵਾਈ ਕਰਨ ਵਾਲੇ ਰਖਵਾਲੇ ਤੇ ਪਹਿਰੇਦਾਰ ਸਨ। ਪਰ ਅੱਜ ਖਾਲਸਾ ਪੰਥ ਦੀ ਦੀ ਪਹਿਰੇਦਾਰੀ ਗਾਇਬ ਹੈ ਤੇ ਖਾਲਸਾ ਪੰਥ ਤੀਸਰੀ ਜਾਤ ਬਣ ਬੈਠਾ ਹੈ। ਇਹੀ ਪੰਜਾਬ ਤੇ ਸਿੱਖ ਪੰਥ ਦੇ ਖੁਆਰ ਹੋਣ ਦਾ ਕਾਰਣ ਹੈ। ਤੀਸਰੀ ਜਾਤ ਵਿਚ ਫਸੇ ਖਾਲਸਾ ਪੰਥ ਵਿਚੋਂ ਪੰਜਾਬ ਦੇ ਭਵਿਖ ਦੀ ਸਿਆਸਤ ਨਹੀਂ ਉਸਰੇਗੀ। ਸੰਤ ਫਤਹਿ ਸਿੰਘ ਬਰਨਾਲਾ ਤੇ ਬਾਦਲ ਦਲ ਵਾਲਾ ਉਜੱਡਵਾਦ ਵਾਲਾ ਅਜਗਰ ਨਿਗਲੇਗਾ ਜੋ ਆਪਣੇ ਪੰਥ ਤੇ ਪੰਜਾਬ ਨੂੰ ਨਿਗਲੇਗਾ।

ਕਈ ਵਾਰ ਅਸੀਂ ਇਸ ਸਭ ਕਾਸੇ ਲਈ ਜੱਟਵਾਦ ਨੂੰ ਦੋਸ਼ੀ ਠਹਿਰਾ ਕੇ ਨਵੀ ਜਾਤੀ ਨਫਰਤ ਫੈਲਾ ਦੇਂਦੇ ਹਾਂ। ਇਸਨੂੰ ਜੱਟਵਾਦ ਕਹਿਣ ਦੀ ਥਾਂ ਉਜੱਡਵਾਦ ਜਾਂ ਬਿਪਰਨਵਾਦ ਤੇ ਬਾਹਮਣਵਾਦ ਕਹਿਣਾ ਚਾਹੀਦਾ। ਸਰਵਉੱਚਤਾ ਦਾ ਵਿਚਾਰ ਮਨੂ ਸਿਮਰਤੀਆਂ ਦਾ ਹੈ, ਕਿਸੇ ਕਬੀਲੇ ਜਾਤ ਦਾ ਨਹੀਂ। ਪੰਜਾਬ ਦੀ ਏਕਤਾ ਲਈ ਇਸ ਸਥਿਤੀ ਤੇ ਵਿਚਾਰ ਨੂੰ ਸਮਝਣਾ ਜ਼ਰੂਰੀ ਹੈ। ਜ਼ਮੀਨ, ਸੱਤਾ ਤੇ ਮਾਇਆ ਦੀ ਮਾਲਕੀ ਜਦੋਂ ਜਾਦੂ ਵਾਂਗ ਤੁਹਾਡੇ ਸਿਰ ਤੇ ਬੋਲਦੀ ਹੈ ,ਉਹ ਉਜੱਡਵਾਦ ਪੈਦਾ ਕਰਦੀ ਹੈ। ਇਹੀ ਉਜੱਡਵਾਦ ਤੁਹਾਡੇ ਖਿਤੇ, ਰਾਜ, ਸਮਾਜ, ਕੌਮ, ਪੰਥ ਨੂੰ ਨਾਗਨੀ ਵਾਂਗ ਡੰਗਦਾ ਹੈ

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
(ਗੁਰੂ ਗ੍ਰੰਥ ਸਾਹਿਬ, ਪੰਨਾ 510)

ਸੱਪ ਵੱਡੇ ਤੋਂ ਵੱਡੇ ਜਾਨਵਰ ਦੇ ਚਾਰੋਂ ਪਾਸੇ ਲਿਪਟ ਜਾਂਦਾ ਹੈ ਤੇ ਜਕੜ ਕੇ ਮਾਰ ਦੇਂਦਾ ਹੈ। ਆਮਤੌਰ 'ਤੇ ਵੇਖਣ ਸੁਣਨ ਨੂੰ ਮਿਲਦਾ ਹੈ ਕਿ ਸੱਪ ਨੇ ਜੋ ਕੁਝ ਖਾਣਾ ਹੁੰਦਾ ਹੈ ਉਸ ਲਈ ਉਸਨੂੰ ਦੰਦਾਂ ਦੀ ਲੋੜ ਨਹੀਂ ਹੁੰਦੀ ਅਤੇ ਕਿਸੇ-ਕਿਸੇ ਸੱਪ ਦੇ ਤਾਂ ਕੇਵਲ ਦੋ ਦੰਦ ਹੁੰਦੇ ਹਨ, ਜਿਨ੍ਹਾਂ ਰਾਹੀਂ ਸ਼ਿਕਾਰ ਨੂੰ ਜ਼ਖਮ ਕਰਕੇ ਜ਼ਹਿਰ ਦੇਣਾ ਹੀ ਹੁੰਦਾ ਹੈ ਪਰ ਕੁਝ ਵੀ ਖਾਣ ਲਈ ਸੱਪ ਕੇਵਲ ਨਿਗਲਦਾ ਹੀ ਹੈ, ਚਬਾਉਂਦਾ ਨਹੀਂ।



ਮਾਇਆ ਮਮਤਾ ਮੋਹਣੀ
ਜਿਨਿ ਵਿਣੁ ਦੰਤਾ ਜਗੁ ਖਾਇਆ ॥
(ਗੁਰੂ ਗ੍ਰੰਥ ਸਾਹਿਬ, ਪੰਨਾ 643)

ਜਦੋਂ ਮਨੁੱਖ 'ਮਾਈ ਮਾਇਆ ਛਲੁ' ਦੇ ਭਰਮ ਜਾਲ ਉਜੱਡਵਾਦ ਵਿਚ ਫੱਸਦਾ ਹੈ ਤਾਂ ਕੌਮ ਪੰਥ ਦਾ ਜੀਵਨ ਉਸੀ ਜਾਨਵਰ ਵਾਂਗੂੰ ਮੁੱਕ ਜਾਂਦਾ ਹੈ, ਜਿਸ ਨੂੰ ਨਾਗਨੀ ਬਿਨਾ ਦੰਦਾਂ ਤੋਂ ਨਿਗਲ ਜਾਂਦੀ ਹੈ। ਅੱਜ ਇਹੀ ਹਸ਼ਰ ਸਾਡਾ ਹੋ ਰਿਹਾ ਹੈ। ਸਾਨੂੰ ਸ਼ੇਰੇ ਪੰਜਾਬ ਦਾ ਕਲਚਰ ਪੰਜਾਬ ਵਿਚ ਫਿਰ ਜਿਉਂਦਾ ਰੱਖਣਾ ਪਵੇਗਾ। ਉਜੱਡਵਾਦ ਤੇ ਜਾਤੀਵਾਦ ਦਾ ਨਾਸ ਕਰਨਾ ਪਵੇਗਾ। ਹਿੰਦੂ, ਮੁਸਲਿਮ ਮੂਲਨਿਵਾਸੀ, ਈਸਾਈ ਸਭ ਨੂੰ ਗਲੇ ਲਗਾ ਕੇ ਪੰਜਾਬ ਦੇ ਭਲੇ ਲਈ ਸਮਾਜ ਤੇ ਸਿਆਸੀ ਤਬਦੀਲੀ ਲਈ ਲਹਿਰ ਸ਼ੁਰੂ ਕਰਨੀ ਪਵੇਗੀ। ਜੇ ਸ਼ੇਰੇ ਪੰਜਾਬ ਜਿਉਂਦਾ ਸਾਡੀ ਅਣਖ ਜਿਉਂਦੀ ਹੈ ਸਾਡਾ ਪੰਜਾਬ ਜਿਉਂਦਾ। ਸ਼ੇਰੇ ਪੰਜਾਬ ਦੀਆਂ ਨੀਤੀਆਂ ਤੇ ਕਲਚਰ ਹੀ ਪੰਜਾਬ ਨੂੰ ਬਚਾ ਸਕਦੇ ਹਨ।

ਬਰਗਾੜੀ ਮੋਰਚੇ ਤੋਂ ਇਹ ਗਲ ਸ਼ੁਰੂ ਹੋ ਸਕਦੀ ਹੈ ਜੇਕਰ ਸਿੰਘ ਸਾਹਿਬ ਭਾਈ ਧਿਆਨ ਸਿੰਘ ਮੰਡ ਆਪ ਪੰਜਾਬ ਦੇ ਹਿੰਦੂ, ਮੁਸਲਮ, ਸਿੱਖ, ਮੂਲਨਿਵਾਸੀ, ਈਸਾਈ ਭਾਈਚਾਰੇ ਨੂੰ ਪਰੇਰ ਕੇ ਬਰਗਾੜੀ ਮੋਰਚੇ ਵਿਚ ਸ਼ਾਮਲ ਕਰਾਉਣ। ਜੇ ਤੁਸੀਂ ਅਜਿਹਾ ਕਰਨ ਵਿਚ ਸਫਲ ਹੋਏ ਤਾਂ ਸਰਕਾਰ ਤੁਹਾਡੇ ਅਗੇ ਝੁਕ ਕੇ ਸਭ ਮੰਗਾਂ ਮੰਨੇਗੀ। ਫਿਰ ਇਹੀ ਵਿਚਾਰ ਨੀਤੀ ਵਿਚ ਬਦਲ ਕੇ ਸਿਆਸਤ ਤੇ ਪੰਜਾਬ ਦੇ ਭਵਿਖ ਲਈ ਲਾਗੂ ਕੀਤਾ ਜਾ ਸਕਦਾ ਹੈ। ਨਾਹਰੇਬਾਜ਼ੀ ਨਾਲ ਕੁਝ ਨਹੀਂ ਸੰਵਰਨਾ।

# ਕਦੇ ਚਿੱਠੀਆਂ 'ਚ ਐਨੀ ਅਪਣੱਤ, ਪਿਆਰ ਤੇ ਸਹਿਜ ਹੁੰਦਾ ਸੀ...

**ਬਲਜਿੰਦਰ ਸਿੰਘ ਕੋਟਭਾਰਾ**
(ਮੋ. 97795-22211)

ਮਨੁੱਖ ਦਾ ਇਹ ਸ਼ੁਰੂ ਤੋਂ ਹੀ ਸੁਭਾਅ ਰਿਹਾ ਹੈ ਕਿ ਉਹ ਦੂਜਿਆਂ ਨੂੰ ਆਪਣੇ ਦੁੱਖ ਸੁੱਖ ਦੱਸਦਾ ਹੈ ਤੇ ਉਹਨਾਂ ਦੇ ਆਪ ਸੁਣਦਾ ਹੈ। ਕਿਹਾ ਜਾ ਸਕਦਾ ਹੈ ਕਿ ਦੁੱਖ-ਸੁੱਖ ਸਾਂਝੇ ਕਰਨਾ ਮਨੁੱਖ ਦੀ ਮੁੱਢ ਤੋਂ ਹੀ ਪ੍ਰਵਿਰਤੀ ਦਾ ਇਕ ਹਿੱਸਾ ਹਨ। ਕਿਸੇ ਵੇਲੇ ਕਬੂਤਰਾਂ ਰਾਹੀਂ, ਕਦੇ ਇਕ ਦੂਜੇ ਦੇ ਹੱਥ ਸੁਨੇਹੇ ਭੇਜੇ ਜਾਂਦੇ ਸਨ। ਡਾਕ ਵਿਭਾਗ ਹੋਂਦ ਵਿੱਚ ਆਇਆ ਤਾਂ ਚਿੱਠੀਆਂ ਦਾ ਸਿਲਸਲਾ ਸ਼ੁਰੂ ਹੋਇਆ। ਉਸ ਵੇਲੇ ਤਾਰ ਵੀ ਭੇਜੀ ਜਾਂਦੀ ਸੀ ਪਰ ਅਹਿਮ ਥਾਵਾਂ 'ਤੇ ਅਤੇ ਬਹੁਤ ਸੰਖੇਪ ਜਿਹੀ। ਗੱਲ ਚਿੱਠੀ ਦੀ ਕਰ ਰਹੇ ਹਾਂ। ਪਹਿਲਾ 'ਲੈਂਡ ਲਾਇਨ ਫ਼ੋਨ' ਆਉਣ 'ਤੇ ਇਸ ਦਾ ਗਲਾ ਘੁੱਟਣ ਨਾਲ ਇਸ ਨੇ ਔਖੇ ਸਾਹ ਭਰਨੇ ਸ਼ੁਰੂ ਕਰ ਦਿੱਤੇ। ਫਿਰ ਕੰਪਿਊਟਰ ਵਿਚ ਈ-ਮੇਲ ਅਤੇ ਹੁਣ ਮੋਬਾਇਲ ਫ਼ੋਨ ਨਾਲ ਇਹ ਸਪੁਰਦ-ਏ-ਖਾਕ ਹੋ ਗਈ।



ਚਿੱਠੀਆਂ ਬਹੁਤ ਹੀ ਸੂਝਮਈ ਢੰਗ ਨਾਲ ਲਿਖੀਆਂ ਜਾਂਦੀਆਂ ਸਨ, ਹੁਣ ਵਾਂਗ ਨਹੀਂ ਕਿ ਛੋਟੀ-ਛੋਟੀ 'ਮੈਸਜ' (ਸੁਨੇਹਾ) ਟਾਇਪ ਕੀਤਾ ਤੇ 'ਸੈਂਡ' ਕਰਤਾ ਭਾਵ ਭੇਜ ਦਿੱਤਾ। ਬਹੁਤ ਸੋਚ ਕੇ ਲਿਖਣਾ ਸ਼ੁਰੂ ਕੀਤਾ ਜਾਂਦਾ। ਚਿੱਠੀ ਦੀ ਸ਼ੁਰੂਆਤ '੧ੴ ਸਤਿਗੁਰੂ ਪ੍ਰਸਾਦਿ' ਨਾਲ ਕੀਤੀ ਜਾਂਦੀ, ਅਖੀਰ ਜਾਂ ਵਿਚਾਲੇ ਕੋਈ ਨਾ ਕੋਈ ਸ਼ੇਅਰ ਜਾਂ ਗੀਤ ਦੀਆਂ ਤੁਕਾਂ ਫਿੱਟ ਕੀਤੀਆਂ ਜਾਂਦੀਆਂ। ਸਾਰੇ ਪਰਿਵਾਰ ਦੇ ਇਕੱਲੇ-ਇਕੱਲੇ ਮੈਂਬਰ ਦਾ ਨਾਂਅ ਤੇ ਉਸ ਨਾਲ ਆਪਣਾ ਰਿਸ਼ਤਾ ਲਿਖ ਕੇ ਉਹਨਾਂ ਦਾ ਹਾਲ-ਚਾਲ ਪੁੱਛ ਕੇ ਫ਼ਤਹਿ ਬੁਲਾਈ ਜਾਂਦੀ। ਪਹਿਲਾਂ ਆਈ ਚਿੱਠੀ ਦਾ ਜੁਆਬ ਵੀ ਉਸ ਵਿੱਚ ਦਿੱਤਾ ਜਾਂਦਾ। ਕਈ ਵਾਰ ਚਿੱਠੀ ਪਾਉਣ ਦੀ ਦੇਰੀ ਲਈ ਨਿਮਰਤਾ ਸਹਿਤ ਮਾਫ਼ੀ ਮੰਗੀ ਜਾਂਦੀ ਅਤੇ ਅਖ਼ੀਰ ਵਿੱਚ 'ਜੇ ਕੁਝ ਗਲਤ ਲਿਖਿਆ ਗਿਆ ਹੋਵੇ ਤਾਂ ਮਾਫ਼ ਕਰਨਾ' ਵੀ ਲਿਖਿਆ ਜਾਂਦਾ। (ਸਾਡੇ ਆਲੇ ਯਾਦ ਦਾ ਸ਼ਰਾਰਤੀ ਸੁਭਾਅ ਦਾ ਸੀ ਤੇ ਉਹ ਨਾਲ ਇਹ ਵੀ ਲਿਖ ਦਿੰਦਾ ਕਿ ਜੇ ਨਾ ਮਾਫ਼ ਕਰੋਗੇ ਤਾਂ ਮੇਰਾ ਰਾਜਸਥਾਨ ਬੈਠੇ ਦਾ ਕੀ ਕਰ ਲਓਗੇ)। ਅਖ਼ੀਰ ਉਤੇ ਸਭ ਪੜ੍ਹਦੇ-ਲਿਖਦੇ-ਸੁਣਦਿਆਂ ਨੂੰ 'ਸਤਿ ਸ੍ਰੀ ਅਕਾਲ' ਬੁਲਾਈ ਜਾਂਦੀ।

ਉਸ ਵੇਲੇ ਦੋਸਤਾਂ ਦੀਆਂ ਕਿੰਨੀਆਂ ਹੀ ਚਿੱਠੀਆਂ ਆਉਂਦੀਆਂ ਤੇ ਕਿੰਨੀਆਂ ਹੀ ਭੇਜੀਆਂ ਜਾਂਦੀਆਂ ਸਨ। ਇੱਕ-ਇੱਕ, ਦੋ-ਦੋ ਰੁਪਏ ਵਾਲੇ ਨੀਲੇ ਜਿਹੇ ਲਿਫ਼ਾਫ਼ੇ (ਜਿਹਨਾਂ ਨੂੰ ਅੰਤਰਦੇਸੀ ਕਹਿੰਦੇ ਸਨ, ਗੂੰਦ ਲਗਾ ਕੇ ਬੰਦ ਕੀਤੇ ਜਾਂਦੇ ਸਨ) ਤੇ ਜਾਂ ਫਿਰ 25 ਪੈਸਿਆਂ ਵਾਲੇ ਪੋਸਟ ਕਾਰਡ ਇਕੱਠੇ ਹੀ ਲਿਆ ਕੇ ਰੱਖ ਲੈਂਦੇ ਸਾਂ। ਬਹੁਤ ਚਿੱਠੀਆਂ ਭੇਜੀਆਂ ਜਾਂਦੀਆਂ ਤੇ ਆਉਂਦੀਆਂ ਸਨ। ਮੇਰੇ ਕੋਲ 5 ਕੁ ਦਰਜਨਾਂ ਅਜੇ ਵੀ ਸਾਂਭੀਆਂ ਪਈਆਂ ਹਨ। ਸਹਿਤਕਾਰਾਂ ਵਿੱਚੋਂ ਸ. ਜਸਵੰਤ ਸਿੰਘ ਕੰਵਲ, ਸੁਰਿੰਦਰ ਅਜਨਾਤ, ਸੁਰਿੰਦਰ ਕੈਲੇ ਆਦਿ ਦੀਆਂ ਹਨ। ਸਭ ਤੋਂ ਵੱਧ ਚਿੱਠੀਆਂ ਯੂਨੀਵਰਸਿਟੀ ਪੜ੍ਹਦੇ ਮਿੱਤਰਾਂ ਦੀਆਂ ਹਨ ਜਿਹਨਾਂ ਵਿੱਚ ਤਰਨ ਤਾਰਨ ਤੋਂ ਅਮਰਵੀਰ ਸਿੰਘ ਬਹੁਤ ਚਿੱਠੀਆਂ ਲਿਖਦਾ। ਬੀਐਡ. ਵੇਲੇ ਦੇ ਹੀ ਪਟਿਆਲਾ ਤੋਂ ਸ. ਰਜਿੰਦਰ ਸਿੰਘ ਦੀਆਂ ਚਿੱਠੀਆਂ, ਪੱਤਰਕਾਰੀ ਦੇ ਕੋਰਸ ਵੇਲੇ ਸ. ਹਰਦੇਵ ਸਿੰਘ ਟਹਿਲਪੁਰਾ ਦੀਆਂ ਬਹੁਤ ਸਾਰੀਆਂ ਚਿੱਠੀਆਂ ਹਨ। ਅਖ਼ਬਾਰਾਂ ਵਿੱਚ ਲੇਖ ਛਪਣ 'ਤੇ ਪੰਜਾਬ ਤੇ ਵਿਦੇਸ਼ਾਂ ਦੇ ਪਾਠਕਾਂ ਦੀਆਂ ਚਿੱਠੀਆਂ ਵੀ ਆਉਂਦੀਆਂ। ਕਈ ਪੱਤਰਕਾਰਾਂ ਵਿੱਚੋਂ ਅੰਗਰੇਜ ਸਿੰਘ ਵਿੱਕੀ, ਮਾਲਵਿੰਦਰ ਸਿੰਘ ਤਿਊਣਾ ਤੇ ਕਈ ਹੋਰਾਂ ਦੀਆਂ ਅਨੇਕਾਂ ਚਿੱਠੀਆਂ ਹਨ।

ਚਿੱਠੀ ਵਿੱਚੋਂ ਸੰਬੰਧਤ ਵਿਅਕਤੀ ਦਾ ਸੁਭਾਅ ਤੇ ਸ਼ਖ਼ਸੀਅਤ ਦਾ ਵੀ ਪਤਾ ਲੱਗਦਾ ਸੀ। ਹਰਦੇਵ ਸਿੰਘ ਟਹਿਲਪੁਰਾ ਬਹੁਤ ਭਾਵਕ ਨੌਜਵਾਨ ਸੀ, 16 ਸਾਲ ਪਹਿਲਾਂ ਉਸ ਨੇ ਚਿੱਠੀ ਵਿੱਚ ਲਿਖਿਆ .... "ਬਹੁਤ ਚਿਰ ਤੋਂ ਤੈਨੂੰ ਮਿਲਣ ਨੂੰ ਜੀਅ ਕਰਦਾ ਸੀ। ... ਐਕਸੀਡੈਂਟ ਤੋਂ ਬਾਅਦ 6 ਮਹੀਨੇ ਮੰਜੇ 'ਤੇ ਪਿਆ ਵੀ ਤੇਰੇ ਬਾਰੇ ਸੋਚਦਾ ਰਹਿੰਦਾ, ਤੇਰੀ ਚਿੱਠੀ ਕਈ-ਕਈ ਵਾਰ ਪੜ੍ਹ ਲੈਂਦਾ ਸੀ। ਮੈਂ ਜਦੋਂ ਤੱਕ ਚਿੱਠੀ ਨੂੰ ਦਿਨ ਵਿੱਚ ਦੋ, ਚਾਰ ਵਾਰ ਪੜ੍ਹ ਨਹੀਂ ਸੀ ਲੈਂਦਾ, ਉਦੋਂ ਤੱਕ ਮੈਨੂੰ ਸਬਰ ਨਹੀਂ ਸੀ ਆਉਂਦਾ. ...," ਤੇ ਉਹ ਅਖ਼ੀਰ 'ਤੇ ਆਪਣਾ ਜੋੜਿਆ ਸ਼ੇਅਰ ਜ਼ਰੂਰ ਲਿਖਦਾ। ਤਰਨ ਤਾਰਨ ਵਾਲਾ ਅਮਰਵੀਰ ਸਿੰਘ ਖ਼ੇਤੀਬਾੜੀ ਪ੍ਰਤੀ ਫਿਕਰਮੰਦ ਹੁੰਦਾ, ਪਰਿਵਾਰ, ਪੜ੍ਹਾਈ ਸੰਬੰਧੀ ਵੱਧ ਲਿਖਦਾ। ਕੁਝ ਹੋਰ ਅਜਿਹੇ ਕਈ ਸੱਜਣਾਂ ਦੀਆਂ ਕਈ ਕਈ ਚਿੱਠੀਆਂ ਹਨ ਜਿਹੜੇ ਪਤਾ ਨਹੀਂ ਹੁਣ ਜ਼ਿੰਦਗੀ ਦੇ ਕਿਸ ਮੋੜ ਉਤੇ ਹਨ। ਸੱਚਮੁੱਚ ਸਾਡੇ ਵਾਲੀ ਪੀੜ੍ਹੀ ਲਈ ਆਪਣੇ ਪਿਆਰਿਆਂ ਦੀਆਂ ਚਿੱਠੀਆਂ ਇਕ ਬੇਸ਼ਕੀਮਤੀ ਖਜ਼ਾਨਾ ਹਨ।

## ਹਾਕੀ ਓਲੰਪੀਅਨ ਪਦਮਸ੍ਰੀ ਬਲਵੀਰ ਸਿੰਘ ਸੀਨੀਅਰ ਦੀ ਤਬੀਅਤ ਵਿਗੜੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਭਾਰਤੀ ਹਾਕੀ ਦਾ ਧਰੂ ਤਾਰਾ ਸ. ਬਲਵੀਰ ਸਿੰਘ ਸਿਹਤ ਖਰਾਬ ਹੋਣ ਕਰਕੇ ਗਰਦਿਸ਼ ਵਿਚ ਹੈ। ਸੰਨ 1952 'ਚ ਫਿਨਲੈਂਡ ਦੇ ਹੇਲਸਿੰਕੀ ਵਿਖੇ ਹੋਈਆਂ ਓਲੰਪਿਕ ਖੇਡਾਂ ਦੇ ਹੀਰੋ ਪਦਮਸ੍ਰੀ ਬਲਵੀਰ ਸਿੰਘ ਸੀਨੀਅਰ ਦੀ ਤਬੀਅਤ ਵਿਗੜ ਜਾਣ ਕਰਕੇ ਉਨ੍ਹਾਂ ਨੂੰ ਪੀਜੀਆਈ ਚੰਡੀਗੜ੍ਹ ਵਿਚ ਦਾਖਲ ਕਰਵਾਇਆ ਗਿਆ ਹੈ। ਸ. ਬਲਬੀਰ ਸਿੰਘ ਸੀਨੀਅਰ ਨੂੰ ਸਾਹ ਲੈਣ ਵਿਚ ਮੁਸ਼ਕਲ ਪੇਸ਼ ਆ ਰਹੀ ਸੀ। ਪੀਜੀਆਈ ਵਿਚ ਉਨ੍ਹਾਂ ਦਾ ਇਲਾਜ ਕਰ ਰਹੇ ਡਾਕਟਰ ਨੇ ਮੀਡੀਆ ਨੂੰ ਦੱਸਿਆ ਕਿ ਉਨ੍ਹਾਂ ਦੇ ਫੇਫੜਿਆਂ ਵਿਚ ਇਨਫੈਕਸ਼ਨ ਹੈ, ਜਿਸ ਕਰਕੇ ਵਿਸ਼ੇਸ਼ ਉਪਕਰਣਾਂ ਰਾਹੀਂ ਉਨ੍ਹਾਂ ਨੂੰ ਸਾਹ ਲੈਣ ਵਿਚ ਮਦਦ ਦਿੱਤੀ ਜਾ ਰਹੀ ਹੈ। ਉਨ੍ਹਾਂ ਨੂੰ ਬੁੱਧਵਾਰ ਦੇਰ ਸ਼ਾਮ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ। ਡਾਕਟਰਾਂ ਮੁਤਾਬਕ ਉਦੋਂ ਤੋਂ ਲੈ ਕੇ ਹੁਣ ਤਕ ਉਨ੍ਹਾਂ ਦੀ ਹਾਲਤ ਵਿਚ ਥੋੜ੍ਹਾ ਸੁਧਾਰ ਆਇਆ ਹੈ। ਜ਼ਿਕਰਯੋਗ ਹੈ ਕਿ ਤਿੰਨ ਵਾਰ ਓਲੰਪਿਕ ਸੋਨ ਤਗ਼ਮਾ ਜੇਤੂ ਤੇ ਹਾਕੀ ਦੇ ਮੰਨੇ ਪ੍ਰਮੰਨੇ ਖਿਡਾਰੀ ਬਲਬੀਰ ਸਿੰਘ ਸੀਨੀਅਰ ਵੱਲੋਂ ਓਲੰਪਿਕ ਖੇਡਾਂ ਦੇ ਹਾਕੀ ਦੇ ਫਾਈਨਲ ਮੈਚਾਂ ਵਿਚ ਕੀਤੇ ਸਭ ਤੋਂ ਵੱਧ ਗੋਲਾਂ ਦਾ ਰਿਕਾਰਡ ਹਾਲੇ ਤਕ ਵੀ ਬਰਕਰਾਰ ਹੈ। ਸੰਨ 1952 'ਚ ਹੇਲਸਿੰਕੀ (ਫਿਨਲੈਂਡ) ਵਿਚ ਹੋਈਆਂ ਓਲੰਪਿਕ ਖੇਡਾਂ ਦੇ ਫੈਸਲਾਕੁਨ ਮੁਕਾਬਲੇ ਦੌਰਾਨ ਭਾਰਤ ਨੇ ਨੀਦਰਲੈਂਡ ਨੂੰ 6-1 ਨਾਲ ਹਰਾਇਆ ਸੀ, ਇਨ੍ਹਾਂ ਵਿੱਚੋਂ ਪੰਜ ਗੋਲ ਇਕੱਲੇ ਸ. ਬਲਬੀਰ ਸਿੰਘ ਸੀਨੀਅਰ ਨੇ ਹੀ ਕੀਤੇ ਸਨ।



ਹਾਕੀ ਖੇਡ ਵਿਚ ਬੇਮਿਸਾਲ ਪ੍ਰਦਰਸ਼ਨ ਲਈ ਉਨ੍ਹਾਂ ਨੂੰ ਸੰਨ 1957 ਵਿਚ ਪਦਮਸ੍ਰੀ ਨਾਲ ਨਿਵਾਜਿਆ ਗਿਆ। ਉਹ ਸੰਨ 1975 ਵਿੱਚ ਭਾਰਤ ਦੀ ਵਿਸ਼ਵ ਕੱਪ ਜੇਤੂ ਟੀਮ ਦੇ ਪ੍ਰਬੰਧਕ ਵੀ ਰਹੇ ਹਨ ਅਤੇ ਸਾਲ 2012 ਵਿਚ ਕੌਮਾਂਤਰੀ ਓਲੰਪਿਕ ਕਮੇਟੀ ਦੇ ਇਕਲੌਤੇ ਭਾਰਤੀ ਮੈਂਬਰ ਵੀ ਰਹੇ ਹਨ।

## ਡਾਕਟਰ ਨੇਕੀ ਦੇਣਗੇ ਸਪੇਨ ਵਿਖੇ ਲੈਕਚਰ

**ਮੈਡਰਿਡ/ਬਿਊਰੋ ਨਿਊਜ਼ :** ਲਿਮਕਾ ਬੁੱਕ ਵਿੱਚ ਨਾਮ ਦਰਜ ਕਰਵਾ ਚੁੱਕੀ ਅੰਤਰਰਾਸ਼ਟਰੀ ਪੱਧਰ ਦੀ ਮੈਡੀਕਲ ਖੇਤਰ ਦੀ ਨਾਮਵਰ ਸ਼ਖਸੀਅਤ ਡਾ. ਨਿਰੰਕਾਰ ਸਿੰਘ ਨੇਕੀ ਪ੍ਰੋਫੈਸਰ ਮੈਡੀਸਨ ਵਿਭਾਗ, ਸਰਕਾਰੀ ਮੈਡੀਕਲ ਕਾਲਜ ਅਤੇ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਨੂੰ ਦੂਜੀ ਅੰਤਰਰਾਸ਼ਟਰੀ ਕਾਨਫਰੰਸ ਉਨ ਵਰਲਡ ਵਾਈਡ ਇਨਫੈਕਸ਼ੀਅਜ਼ ਡਿਸੀਜਜ਼ ਵਿਚ ਲੈਕਚਰ ਦੇਣ ਲਈ ਬਤੌਰ ਕੀਨੋਟ ਸਪੀਕਰ ਸੱਦਾ ਪੱਤਰ ਮਿਲਿਆ ਹੈ। ਇਹ ਮਹੱਤਵਪੂਰਨ ਕਾਨਫਰੰਸ ਸਪੇਨ ਦੀ ਰਾਜਧਾਨੀ ਮੈਡਰਿਡ ਵਿਖੇ ਮਿਤੀ 3 ਅਤੇ 4 ਦਸੰਬਰ 2018 ਨੂੰ ਹੋ ਰਹੀ ਹੈ, ਜਿਸ ਵਿਚ ਦੇਸ਼ ਵਿਦੇਸ਼ਾਂ ਤੋਂ ਵਿਸ਼ਾ ਮਾਹਰ ਡਾਕਟਰ ਹਿੱਸਾ ਲੈ ਰਹੇ ਹਨ। ਕਾਨਫਰੰਸ ਸੰਬੰਧੀ ਲਿਖਤੀ ਸੂਚਨਾ ਵੈਲੇਂਟੀਨਾ ਡਿਆਜ਼ ਜੋ ਕਿ ਇਸ ਕਾਨਫਰੰਸ ਦੇ ਪ੍ਰੋਗਰਾਮ ਮੈਨੇਜਰ ਹਨ, ਨੇ ਡਾਕਟਰ ਨੇਕੀ ਨੂੰ ਭੇਜੀ ਹੈ, ਜਿਸ ਨਾਲ ਅੰਮ੍ਰਿਤਸਰ ਦਾ ਨਾਮ ਪੂਰੀ ਦੁਨੀਆ ਵਿਚ ਉੱਚਾ ਹੋਇਆ ਹੈ। ਇੱਥੇ ਇਹ ਵਰਨਣਯੋਗ ਹੈ ਕਿ ਡਾ. ਨੇਕੀ ਹੁਣ ਤਕ ਲਗਭਗ 20 ਦੇਸ਼ਾਂ ਵਿਚ ਅਨੇਕਾਂ ਹੀ ਲੈਕਚਰ ਦੇ ਚੁੱਕੇ ਹਨ।



## ਪੰਜਾਬੀ ਫਿਲਮ 'ਦਾਸਤਾਨ-ਏ-ਮੀਰੀ ਪੀਰੀ' 2 ਨਵੰਬਰ ਨੂੰ ਹੋਵੇਗੀ ਰਿਲੀਜ਼

**ਜਲੰਧਰ/ਬਿਊਰੋ ਨਿਊਜ਼ :** ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਬੀਬੀ ਚੰਦ ਜੀ ਦੀ ਜ਼ਿੰਦਗੀ 'ਤੇ ਆਧਾਰਿਤ ਪੰਜਾਬੀ ਫਿਲਮ 'ਦਾਸਤਾਨ-ਏ-ਮੀਰੀ ਪੀਰੀ' 2 ਨਵੰਬਰ, 2018 ਨੂੰ ਰਿਲੀਜ਼ ਹੋਣ ਜਾ ਰਹੀ ਹੈ। ਇਸ 'ਚ ਮੀਰੀ ਪੀਰੀ ਦੇ ਇਤਿਹਾਸ ਅਤੇ ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਤੇ ਬੀਬੀ ਚੰਦ ਜੀ ਦੀ ਜ਼ਿੰਦਗੀ ਨਾਲ ਜੁੜੇ ਤੱਥ ਦਿਖਾਏ ਗਏ ਹਨ। ਇਸ ਫਿਲਮ ਨੂੰ ਬਣਾਉਣ 'ਚ 3 ਸਾਲ ਦਾ ਲੰਮਾ ਸਮਾਂ ਲੱਗਾ ਹੈ। ਅਜਿਹਾ ਇਸ ਲਈ ਹੋਇਆ ਤਾਂ ਕਿ ਫਿਲਮ 'ਚ ਇਤਿਹਾਸਕ ਤੱਥ ਬਿਲਕੁਲ ਸਹੀ ਰਹਿਣ ਤੇ ਠੀਕ ਢੰਗ ਨਾਲ ਦਿਖਾਏ ਜਾਣ। ਹਾਲ ਹੀ 'ਚ ਫਿਲਮ ਦਾ ਟੀਜ਼ਰ ਰਿਲੀਜ਼ ਹੋਇਆ ਹੈ। ਸਿੱਖ ਇਤਿਹਾਸ 'ਤੇ ਉਂਝ ਕਾਫੀ ਫਿਲਮਾਂ ਬਣਾਈਆਂ ਜਾ ਚੁੱਕੀਆਂ ਹਨ ਪਰ ਜਿਹੜੀਆਂ ਫਿਲਮਾਂ ਦੀ ਖਾਸ ਚਰਚਾ ਰਹੀ ਸੀ, ਉਨ੍ਹਾਂ ਵਿਚ "ਦ ਬਲੈਕ ਪ੍ਰਿੰਸ" ਅਤੇ "ਚਾਰ ਸਾਹਿਬਜ਼ਾਦੇ" ਹਨ। ਹੁਣ ਆ ਰਹੀ 'ਦਾਸਤਾਨ-ਏ-ਮੀਰੀ ਪੀਰੀ' ਇਕ 3ਡੀ ਐਨੀਮੇਸ਼ਨ ਫਿਲਮ ਹੈ। ਇਸ ਨੂੰ ਮੇਜਰ ਸਿੰਘ, ਗੁਰਮੀਤ ਸਿੰਘ ਤੇ ਦਿਲਦਾਰ ਸਿੰਘ ਨੇ ਪ੍ਰੋਡਿਊਸ ਕੀਤਾ ਹੈ ਅਤੇ ਵਿਨੋਦ ਲਾਂਜੇਵਰ ਤੇ ਗੁਰਜੋਤ ਸਿੰਘ ਨੇ ਡਾਇਰੈਕਟ ਕੀਤਾ ਹੈ। ਇਹ ਫਿਲਮ ਛਟਮਪੀਰ ਪ੍ਰੋਡਕਸ਼ਨਜ਼ ਦੇ ਬੈਨਰ ਹੇਠ ਰਿਲੀਜ਼ ਹੋਵੇਗੀ।

# ਹਰਜਿੰਦਰ ਕੌਰ ਖੇਤੀ ਕਰਕੇ ਕਿਸਾਨ ਬੀਬੀਆਂ ਲਈ ਰੋਲ ਮਾਡਲ ਬਣੀ

**✪ ਤਾਇਆ, ਪਿਤਾ ਤੇ ਤਿੰਨ ਭਰਾਵਾਂ ਦੀ ਮੌਤ ਤੋਂ ਬਾਅਦ ਖੇਤੀਬਾੜੀ ਦਾ ਪ੍ਰਬੰਧ ਸੰਭਾਲਿਆ ✪ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਨੂੰ ਦਸਦੀ ਏ ਜਿਉਣ ਦਾ ਰਾਹ**

## ਸਰਕਾਰ ਨੇ ਕਰਜ਼ਾ ਵੀ ਮਾਫ ਨਾ ਕੀਤਾ ਪਰ ਆਪਣੇ ਸਿਰ 'ਤੇ ਕਰਜ਼ਾ ਉਤਾਰਨ ਦਾ ਬੀੜਾ ਚੁੱਕਿਆ

**ਅਮਨਦੀਪ ਕੌਰ ਹਾਂਸ**

ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਇਕ ਧੀ ਸਫਲ ਕਿਸਾਨ ਬਣ ਜਿਥੇ ਮਾਪਿਆਂ ਦਾ ਮਾਣ ਵਧਾ ਰਹੀ ਹੈ ਤੇ ਉਥੇ ਹੀ ਉਨ੍ਹਾਂ ਲੋਕਾਂ ਦੇ ਵਹਿਮ-ਭੁਲੇਖੇ ਵੀ ਦੂਰ ਕਰ ਰਹੀ ਹੈ, ਜੋ ਕੁੜੀ ਨੂੰ ਭਾਰ ਸਮਝਦੇ ਹਨ। ਖੇਤਾਂ ਵਿਚ ਕੰਮ ਕਰਨਾ ਸ਼ੌਕ ਸੀ ਪਰ ਘਰ ਵਿਚ ਹੋਈਆਂ ਪੰਜ ਮੌਤਾਂ ਤੋਂ ਬਾਅਦ ਖੇਤਾਂ ਵਿਚ ਕੰਮ ਕਰਨਾ ਹਰਜਿੰਦਰ ਕੌਰ ਦੀ ਮਜਬੂਰੀ ਬਣ ਗਈ। ਤਾਏ, ਪਿਤਾ ਤੇ ਤਿੰਨ ਭਰਾਵਾਂ ਦੀ ਮੌਤ ਤੋਂ ਬਾਅਦ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਜਗਤ ਸਿੰਘ ਵਾਲਾ ਦੀ ਧੀ ਹਰਜਿੰਦਰ ਕੌਰ, ਪਰਿਵਾਰ ਦਾ ਪੁੱਤ ਬਣ ਖੇਤੀਬਾੜੀ ਦਾ ਸਾਰਾ ਕੰਮਕਾਰ ਸੰਭਾਲ ਕੇ ਘਰ ਦਾ ਗੁਜ਼ਾਰਾ ਚਲਾ ਰਹੀ ਹੈ।

ਉਸ ਨੇ ਦੱਸਿਆ ਕਿ ਹਾਲਾਤ ਇਹ ਆ ਗਏ ਕਿ ਖੇਤੀਬਾੜੀ ਦੇ ਸਾਰੇ ਸੰਦ ਵਿਕ ਗਏ ਤੇ ਜ਼ਮੀਨ ਬੰਜਰ ਹੋਣ ਲੱਗੀ। ਉਸ ਨੇ ਦੱਸਿਆ ਕਿ ਉਸ ਨੇ ਮੰਜੇ ਤੇ ਪਈ ਮਾਂ ਨੂੰ ਹੌਸਲਾ ਦਿੱਤਾ ਤੇ ਖੇਤੀਬਾੜੀ ਕਰਨੀ ਸ਼ੁਰੂ ਕਰ ਦਿੱਤੀ। ਹੌਲੀ-ਹੌਲੀ ਫ਼ਸਲ ਹੋਣ ਲੱਗੀ ਪਈ ਤੇ ਘਰ ਦਾ ਗੁਜ਼ਾਰਾ ਹੋਣ ਲੱਗ ਪਿਆ। ਉਸ ਨੇ ਦੱਸਿਆ ਕਿ ਉਹ ਪਿਛਲੇ ਦਸ ਸਾਲਾਂ ਤੋਂ ਖੇਤੀਬਾੜੀ ਕਰ ਰਹੀ ਹੈ। ਹਰਜਿੰਦਰ ਕੌਰ ਨੇ ਬਾਰਵੀਂ ਜਮਾਤ ਤੋਂ ਬਾਅਦ ਖੇਤੀਬਾੜੀ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਤੇ ਖੇਤੀਬਾੜੀ ਦੇ ਨਾਲ-ਨਾਲ ਪੜ੍ਹਾਈ ਵੀ ਕਰਦੀ ਰਹੀ ਪਰ ਜਦੋਂ ਉਹ ਬੀਏ ਦੇ ਅਖੀਰਲੇ ਸਾਲ ਵਿਚ ਸੀ ਤਾਂ ਉਸ ਦੀ ਫ਼ਸਲ ਮਾਰੀ ਗਈ ਤੇ ਉਸ ਕੋਲ ਫੀਸ ਭਰਨ ਲਈ ਪੈਸੇ ਨਹੀਂ ਸਨ ਇਸ ਲਈ ਉਸ ਨੇ ਪੜ੍ਹਾਈ ਅੱਧ ਵਿਚਕਾਰ ਹੀ ਛੱਡ ਦਿੱਤੀ। ਦੂਜੇ ਪਾਸੇ ਸਮੇਂ-ਸਮੇਂ ਦੀ ਕਿਸੇ ਵੀ ਸਰਕਾਰ ਨੇ ਇਸ ਕਾਬਲ ਕਿਸਾਨ ਧੀ ਦੀ ਸਾਰ ਨਹੀਂ ਲਈ ਤੇ ਉਸ ਸਿਰ ਅੱਜ ਬੈਂਕਾਂ ਦਾ ਲੱਖਾਂ ਰੁਪਏ ਕਰਜ਼ਾ ਖੜਾ ਹੈ, ਜਿਸ ਦਾ ਇਕ ਰੁਪਇਆ ਵੀ ਮਾਫ਼ ਨਹੀਂ ਹੋਇਆ। ਹਰਜਿੰਦਰ ਕੌਰ ਸਰਕਾਰ ਅੱਗੇ ਹੱਥ ਅੱਡਣ ਦੀ ਜਗ੍ਹਾ ਕੰਮ ਕਰ ਕੇ ਬੈਂਕਾਂ ਦੇ ਪੈਸੇ ਵਾਪਸ ਕਰਨਾ ਚਾਹੁੰਦੀ ਹੈ।

ਹਰਜਿੰਦਰ ਕੌਰ ਨੇ ਕਿਹਾ ਕਿ ਉਹ ਆਪਣੇ ਪਿਤਾ ਤੇ ਪਰਿਵਾਰ ਦੀ ਕਹਾਣੀ ਅਮਰ ਕਰਨ ਲਈ ਪਰਿਵਾਰ 'ਤੇ ਵਾਪਰੇ ਦੁਖਾਂਤ ਉਪਰ ਇਕ ਫ਼ਿਲਮ ਬਣਾਉਣਾ ਚਾਹੁੰਦੀ ਹੈ ਤੇ ਇਸ ਲਈ ਉਹ ਦਿਨ-ਰਾਤ ਮਿਹਨਤ ਕਰ ਰਹੀ ਹੈ ਤੇ ਹਰ ਹਾਲ ਵਿਚ ਇਹ ਫ਼ਿਲਮ ਬਣਾ ਦੇ ਦਮ ਲਵੇਗੀ ਭਾਵੇਂ ਉਸ ਦੀ ਕੋਈ ਮਦਦ ਕਰੇ ਜਾਂ ਨਾ ਕਰੇ।



### ਸਰਕਾਰ ਤੋਂ ਕੋਈ ਉਮੀਦ ਨਹੀਂ ਹਰਜਿੰਦਰ ਕੌਰ ਨੂੰ

ਹਰਜਿੰਦਰ ਕੌਰ ਨੇ ਕਿਹਾ ਕਿ ਉਹ ਸਰਕਾਰਾਂ ਤੋਂ ਕੋਈ ਉਮੀਦ ਨਹੀਂ ਰੱਖਦੀ, ਕਿਉਂਕਿ ਕਿਸੇ ਵੀ ਸਰਕਾਰ ਨੇ ਕਦੇ ਵੀ ਇਕ ਰੁਪਏ ਦੀ ਮੱਦਦ ਨਹੀਂ ਕੀਤੀ। ਉਸ ਨੇ ਦੱਸਿਆ ਕਿ ਭਾਵੇਂ ਉਹ ਜ਼ਮੀਨ ਦੀ ਵਹਾਈ ਤੇ ਬਿਜਾਈ ਸਮੇਤ ਖੇਤੀਬਾੜੀ ਦੇ ਸਾਰੇ ਕੰਮ ਖ਼ੁਦ ਕਰਦੀ ਹੈ ਪਰ ਉਸ ਕੋਲ ਹੁਣ ਖੇਤੀਬਾੜੀ ਕਰਨ ਲਈ ਕੋਈ ਵੀ ਸੰਦ ਨਹੀਂ ਹੈ ਤੇ ਉਹ ਫ਼ਸਲਾਂ ਦੀ ਬੀਜਾਂ-ਬਿਜਾਈ ਲਈ ਜਾਂ ਤਾਂ ਸੰਦ ਕਿਰਾਏ 'ਤੇ ਲੈਂਦੀ ਹੈ ਜਾਂ ਸੰਦ ਮੰਗ ਕੇ ਸਮਾਂ ਲੰਘਾ ਰਹੀ ਹੈ। ਖੇਤੀਬਾੜੀ ਦੇ ਨਾਲ-ਨਾਲ ਹਰਜਿੰਦਰ ਕੌਰ ਪਸ਼ੂਆਂ ਦੀ ਸੰਭਾਲ ਵੀ ਖ਼ਦ ਕਰ ਰਹੀ ਹੈ। ਹਰਜਿੰਦਰ ਕੌਰ ਨੇ ਕਿਹਾ ਕਿ ਉਹ ਕੁੜੀ ਹੋਣ ਦੇ ਨਾਲ-ਨਾਲ ਇਕ ਕਿਸਾਨ ਵੀ ਹੈ ਤੇ ਬਿਨਾਂ ਕਿਸੇ ਖੇਤੀਬਾੜੀ ਮਾਹਿਰ ਦੇ ਆਪਣੀਆਂ ਫ਼ਸਲਾਂ ਨੂੰ ਪਾਲ ਰਹੀ ਹੈ। ਕਿਸੇ ਸਰਕਾਰ ਜਾਂ ਖੇਤੀਬਾੜੀ ਵਿਭਾਗ ਨੇ ਕਿਸਾਨੀ ਲਈ ਐਵਾਰਡ ਤਾਂ ਕੀ ਦੇਣਾ ਸੀ, ਸਗੋਂ ਉਸ ਨੂੰ ਕਦੇ ਕਿਸੇ ਵੀ ਕਿਸਾਨ ਮੇਲੇ ਵਿਚ ਬੁਲਾਇਆ ਤਕ ਨਹੀਂ ਗਿਆ।

### ਇਕ ਤੋਂ ਬਾਅਦ ਇਕ ਮੌਤ ਨੇ ਪਰਿਵਾਰ ਨੂੰ ਹਿਲਾ ਦਿੱਤਾ :

ਹਰਜਿੰਦਰ ਕੌਰ ਨੇ ਗੱਲਬਾਤ ਸਮੇਂ ਦੱਸਿਆ ਕਿ ਜਦੋਂ ਤੋਂ ਉਸ ਨੇ ਹੋਸ਼ ਸੰਭਾਲੀ ਹੈ ਉਹ ਦੁੱਖਾਂ ਦਾ ਮੁਕਾਬਲਾ ਕਰਦੀ ਆ ਰਹੀ ਹੈ। ਉਸ ਨੇ ਦੱਸਿਆ ਕਿ ਸਾਂਝੇ ਘਰ ਵਿਚ 1996 ਵਿਚ ਉਸ ਦੇ ਤਾਏ ਨਛੱਤਰ ਸਿੰਘ ਦੀ ਮੌਤ ਹੋ ਗਈ, 1997 ਵਿਚ ਉਸ ਦੇ ਵੱਡੇ ਭਰਾ ਜਗਸੀਰ ਸਿੰਘ ਦੀ 26 ਸਾਲ ਦੀ ਉਮਰ ਵਿਚ ਟੀ ਬੀ ਦੀ ਬਿਮਾਰੀ ਕਾਰਨ ਮੌਤ ਹੋ ਗਈ, ਅਜੇ ਪਿਤਾ ਦੀ ਮੌਤ ਨੂੰ ਕੁਝ ਸਮਾਂ ਬੀਤਿਆ ਸੀ ਕਿ 1999 ਵਿਚ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਪਿਤਾ ਮੇਹਰ ਸਿੰਘ ਦਾ ਵੀ ਦੇਹਾਂਤ ਹੋ ਗਿਆ। ਹਰਜਿੰਦਰ ਕੌਰ ਨੇ ਦੱਸਿਆ ਨੇ ਪਿਤਾ ਦੀ ਮੌਤ ਤੋਂ ਬਾਅਦ ਛੋਟੇ ਵੀਰ ਮੋਹਨ ਸਿੰਘ ਨੇ ਘਰ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲਈ ਲਈ ਪਰ ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ ਤੇ ਸੰਨ 2000 ਵਿੱਚ ਮੋਹਨ ਸਿੰਘ ਵੀ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ।

### ਨਸ਼ਾ ਨਾ ਕਰੋ, ਘਰ ਦੀ ਖ਼ੁਰਾਕ ਖਾਓ :

ਹਰਜਿੰਦਰ ਕੌਰ ਨੂੰ ਰਾਤ ਸਮੇਂ ਖੇਤਾਂ ਵਿਚ ਕੰਮ ਕਰਨ ਤੋਂ ਰਤਾ ਵੀ ਡਰ ਨਹੀਂ ਲਗਦਾ ਤੇ ਉਸ ਦਾ ਕਹਿਣਾ ਕਿ ਭੂਤ-ਪ੍ਰੇਤ ਨਾਂ ਦੀ ਕੋਈ ਚੀਜ਼ ਨਹੀਂ ਤੇ ਸਾਨੂੰ ਡਰਨਾ ਨਹੀਂ ਚਾਹੀਦਾ, ਕਿਉਂਕਿ ਜੇਕਰ ਮੌਤ ਆਉਣੀ ਹੈ ਤਾਂ ਉਹ ਘਰ ਬੈਠਿਆਂ ਨੂੰ ਵੀ ਆ ਜਾਵੇਗੀ। ਉਹ ਨਾ ਗੁੰਡਿਆਂ ਤੋਂ ਡਰਦੀ ਹੈ ਤੇ ਨਾ ਹੀ ਕਿਸੇ ਡਾਕੂ ਚੋਰ ਤੋਂ। ਉਹ ਕਹਿੰਦੀ ਹੈ ਕਿ ਮੈਂ ਦਸ਼ਮੇਸ਼ ਗੁਰੂ ਦੀ ਸਿੰਘਣੀ ਹਾਂ। ਮੇਰਾ ਰਾਖਾ ਗੁਰੂ ਗੋਬਿੰਦ ਸਿੰਘ ਹੈ ਤੇ ਇਸ ਲਈ ਮੈਨੂੰ ਕਿਸੇ ਤੋਂ ਡਰ ਨਹੀਂ ਲੱਗਦਾ। ਆਪਣੀ ਰਾਖੀ ਦਾ ਪ੍ਰਬੰਧ ਕਰਨਾ ਖ਼ੁਦ ਜਾਣਦੀ ਹਾਂ। ਹਰਜਿੰਦਰ ਕੌਰ ਦਾ ਕਹਿਣਾ ਹੈ ਕਿ ਨਸ਼ਾ ਨਾ ਕਰੋ, ਘਰ ਦੀ ਖ਼ੁਰਾਕ ਖਾਓ ਤੇ ਆਪਣੇ ਬਜ਼ੁਰਗਾਂ ਦਾ ਸਤਿਕਾਰ ਕਰੋ। ਉਸ ਨੇ ਕਿਹਾ ਕਿ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਨਹੀਂ ਕਰਨੀਆਂ ਚਾਹੀਦੀਆਂ, ਸਗੋਂ ਤਕੜੇ ਹੋ ਕੇ ਕੰਮ ਕਰਨਾ ਚਾਹੀਦਾ ਹੈ, ਕਿਉਕਿ ਖ਼ੁਦਕੁਸ਼ੀਆਂ ਕਿਸੇ ਵੀ ਮਸਲੇ ਦਾ ਹੱਲ ਨਹੀਂ। ਇਸ ਲਈ ਸਾਨੂੰ ਆਪਣਾ ਸਿਸਟਮ ਸਿਰਜਣਾ ਪਵੇਗਾ। ਗੁਰੂ ਸਾਹਿਬਾਨਾਂ ਨੇ ਸਿਸਟਮ ਸਿਰਜਿਆ ਸੀ ਤੇ ਕਿਰਤ ਦਾ ਰਾਹ ਦੱਸਿਆ ਸੀ। ਉਹੀ ਰਾਹ ਸਾਨੂੰ ਹੁਣ ਅਪਨਾਉਣਾ ਪਵੇਗਾ। ਸਿਸਟਮ ਨਾਲ ਲੜ ਕੇ ਹੀ ਸਾਨੂੰ ਮੁਕਤੀ ਦਾ ਮਾਰਗ ਮਿਲੇਗਾ।

### ਹਰਜਿੰਦਰ ਦੀ ਮਾਂ ਨੂੰ ਹੈ ਮਾਣ :

ਹਰਜਿੰਦਰ ਦੀ ਮਾਂ ਦਾ ਕਹਿਣਾ ਹੈ ਕਿ ਉਸ ਨੂੰ ਆਪਣੀ ਧੀ ਤੇ ਆਪਣੇ ਪੁੱਤਾਂ ਨਾਲੋਂ ਜਿਆਦਾ ਮਾਣ ਹੈ। ਹਰਜਿੰਦਰ ਦੀ ਮਾਂ ਮੁਖ਼ਤਿਆਰ ਕੌਰ ਦਿਲ ਦੀ ਬਿਮਾਰੀ ਦੀ ਮਰੀਜ਼ ਹੈ। ਹਰਜਿੰਦਰ ਆਪਣੇ ਨੇੜੇ ਤੇੜੇ ਦੇ ਨੌਜਵਾਨਾਂ ਲਈ ਚਾਨਣ ਮੁਨਾਰਾ ਹੈ। ਕਿਸਾਨ ਹਰਜਿੰਦਰ ਕੌਰ ਨੇ ਇੱਕ ਅਜਿਹੀ ਮਿਸਾਲ ਪੈਦਾ ਕੀਤੀ ਹੈ, ਜਿਸ ਦੀਆਂ ਗੱਲਾਂ ਹਰ ਪਾਸੇ ਹੋ ਰਹੀਆਂ ਹਨ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# 'ਜੇ' ਅਤੇ 'ਕਿਉਂ' ਵਿਚ ਉਲਝੀਆਂ ਜ਼ਿੰਦਗੀਆਂ



**ਡਾ. ਹਰਸ਼ਿੰਦਰ ਕੌਰ, ਐਮਡੀ.**
ਫੋਨ ਨੰ: 0175-2216783

ਜਦੋਂ ਅਸੀਂ ਕਿਸੇ ਮਨਮੋਹਕ ਕੁਦਰਤੀ ਦ੍ਰਿਸ਼ ਨੂੰ ਵੇਖਦੇ ਹਾਂ ਤਾਂ ਅਵਾਕ ਹੋ ਕੇ ਉਸੇ ਵਿਚ ਖੁਭ ਕੇ ਰਹਿ ਜਾਂਦੇ ਹਾਂ। ਉਸ ਦੀ ਤਾਰੀਫ਼ ਕਰਦਿਆਂ ਅਸੀਂ ਥੱਕਦੇ ਨਹੀਂ। ਅਜਿਹੇ ਕਈ ਦ੍ਰਿਸ਼ ਅਸੀਂ ਤਸਵੀਰਾਂ ਖਿੱਚ ਕੇ ਸਾਂਭ ਕੇ ਰੱਖਦੇ ਹਾਂ ਤੇ ਹੋਰਨਾਂ ਨੂੰ ਵਿਖਾ ਕੇ ਉੱਥੇ ਜਾਣ ਲਈ ਪ੍ਰੇਰਦੇ ਹਾਂ। ਕਈ ਦ੍ਰਿਸ਼ ਤਾਂ ਸਾਡੇ ਲਈ ਉਮਰ ਭਰ ਦੀ ਯਾਦ ਬਣ ਜਾਂਦੇ ਹਨ।

ਇਨ੍ਹਾਂ ਕੁਦਰਤੀ ਦ੍ਰਿਸ਼ਾਂ ਵਿਚ ਅਸੀਂ ਆਪਣੀ ਮਰਜ਼ੀ ਨਾਲ ਤਬਦੀਲੀ ਨਹੀਂ ਕਰ ਸਕਦੇ, ਯਾਨੀ ਨਾ ਬੱਦਲਾਂ ਦੀ ਸ਼ਕਲ ਬਦਲ ਸਕਦੇ ਹੁੰਦੇ ਹਾਂ, ਨਾ ਹੀ ਡੁੱਬਦੇ ਸੂਰਜ ਦਾ ਸਮੁੰਦਰ ਵਿਚ ਪੈਂਦਾ ਅਕਸ ਤੇ ਨਾ ਹੀ ਬਰਫ਼ ਨਾਲ ਕੱਜੇ ਪਹਾੜ ਜਾਂ ਡਿੱਗਦੇ ਝਰਨੇ ਦੀਆਂ ਉੱਡਦੀਆਂ ਛਿੱਟਾਂ। ਅਜਿਹਾ ਦ੍ਰਿਸ਼ ਜਿਉਂ ਦਾ ਤਿਉਂ ਤਸਵੀਰਾਂ ਵਿਚ ਜਾਂ ਅੱਖਾਂ ਵਿਚ ਵਸਾ ਲੈਂਦੇ ਹਾਂ।

ਸੋਚ ਕੇ ਵੇਖੀਏ ਕਿ ਕੀ ਅਸੀਂ ਕਦੇ ਕਹਿੰਦੇ ਹਾਂ ਕਿ ਜੇ ਦਰੱਖਤ-ਪਹਾੜ ਦੇ ਪਰਲੇ ਕੋਨੇ ਉੱਤੇ ਹੁੰਦਾ ਤਾਂ ਹੀ ਨਜ਼ਾਰਾ ਸੋਹਣਾ ਹੁੰਦਾ। ਜੇ ਕਿਤੇ ਡੁੱਬਦੇ ਸੂਰਜ ਦਾ ਪਰਛਾਵਾਂ ਸਮੁੰਦਰ ਦੇ ਪਰਲੇ ਕੋਨੇ ਉੱਤੇ ਪੈਂਦਾ, ਤਾਂ ਹੀ ਮੈਂ ਤਸਵੀਰ ਖਿੱਚਦਾ! ਇਹ ਦ੍ਰਿਸ਼ ਬਿਨਾ ਤਬਦੀਲੀ ਸਦਕਾ ਹੀ ਮਨਮੋਹਕ ਲੱਗਦੇ ਹਨ। ਜਿਉਂ ਹੀ ਅਸੀਂ ਆਪ ਕਿਸੇ ਥਾਂ ਜਾਂ ਮਨੁੱਖ ਵਿਚ ਤਬਦੀਲੀ ਭਾਲਦੇ ਹਾਂ ਤਾਂ ਸਾਡੇ ਮਨ ਅੰਦਰਲੀ ਅਤ੍ਰਿਪਤ ਉਮੰਗ ਸਾਹਮਣੇ ਆ ਖੜ੍ਹੀ ਹੁੰਦੀ ਹੈ। ਇਹੀ ਸਾਰੇ ਪੁਆੜੇ ਦੀ ਜੜ੍ਹ ਹੁੰਦੀ ਹੈ।

ਜ਼ਿੰਦਗੀ ਵਿਚਲੀਆਂ ਅਤ੍ਰਿਪਤ ਉਮੰਗਾਂ ਹੀ ਸਾਨੂੰ ਸੰਤੁਸ਼ਟ ਨਹੀਂ ਹੋਣ ਦਿੰਦੀਆਂ। 'ਜੇ' ਮੇਰੇ ਕੋਲ ਵੱਡੀ ਕਾਰ ਹੁੰਦੀ, 'ਜੇ' ਮੇਰੀ ਵਹੁਟੀ ਉਸ ਵਰਗੀ ਸੋਹਣੀ ਹੁੰਦੀ, 'ਜੇ' ਮੇਰਾ ਬੱਚਾ ਵੀ ਡਾਕਟਰ ਬਣ ਜਾਂਦਾ, 'ਜੇ' ਮੇਰੀ ਨੌਕਰੀ ਅਮਰੀਕਾ ਵਿਚ ਹੁੰਦੀ, 'ਜੇ' ਮੈਂ ਪ੍ਰਧਾਨ ਮੰਤਰੀ ਹੁੰਦਾ, ਮੇਰੇ ਨਾਲ ਹੀ ਸਭ ਕੁਝ ਮਾੜਾ 'ਕਿਉਂ' ਹੁੰਦਾ ਹੈ, ਆਦਿ ਸਾਨੂੰ ਆਪਣੇ ਅੱਜ ਤੋਂ ਖ਼ੁਸ਼ੀ ਮਹਿਸੂਸ ਕਰਨ ਜੋਗਾ ਛੱਡਦੇ ਹੀ ਨਹੀਂ। ਜੋ ਕੁੱਝ ਹਾਸਲ ਹੈ, ਉਹ ਇੱਕ ਪਾਸੇ ਛੱਡ ਕੇ, ਪੂਰਾ ਜ਼ੋਰ ਤਬਦੀਲੀ ਉੱਤੇ ਲਾਉਣ ਸਦਕਾ ਅਸੀਂ ਪਤੀ-ਪਤਨੀ ਜਾਂ ਹੋਰ ਘਰੇਲੂ ਰਿਸ਼ਤਿਆਂ ਵਿਚ ਤਰੇੜ ਪਾ ਲੈਂਦੇ ਹਾਂ।

ਇਕ ਸਾਈਕਲ ਵਾਲਾ ਸਕੂਟਰ ਲੈਣ ਦਾ ਸੁਫ਼ਨਾ ਵੇਖਦਾ ਹੈ ਤੇ ਸਕੂਟਰ ਵਾਲਾ ਕਾਰ, ਕਾਰ ਵਾਲਾ ਜਹਾਜ਼ ਤੇ ਜਹਾਜ਼ ਵਾਲਾ ਚੰਨ ਉੱਤੇ ਪਹੁੰਚਣ ਨੂੰ ਜ਼ੋਰ ਲਾਉਂਦਾ ਹੀ ਪੂਰੀ ਜ਼ਿੰਦਗੀ ਖ਼ਤਮ ਕਰ ਲੈਂਦਾ ਹੈ। ਜੋ ਅੱਜ ਹੈ ਤੇ ਜੋ ਚੰਗੀਆਂ ਗੱਲਾਂ ਅੱਜ ਮਾਣ ਰਹੇ ਹਾਂ, ਉਹ ਸਾਡੀ 'ਜੇ' ਤੇ 'ਕਿਉਂ' ਵਿਚ ਰੁਲ ਜਾਂਦੀਆਂ ਹਨ ਤੇ ਅਸੀਂ ਉਸ ਖ਼ੁਸ਼ੀ ਤੋਂ ਵਾਂਝੇ ਰਹਿ ਜਾਂਦੇ ਹਾਂ। ਇਹੀ ਕਾਰਨ ਹੈ ਕਿ

ਜਿੰਨੇ ਵੀ ਕੈਂਸਰ ਨਾਲ ਜੂਝ ਰਹੇ ਬੰਦੇ ਆਖ਼ਰੀ ਘੜੀਆਂ ਗਿਣ ਰਹੇ ਹੋਣ, ਉਹ ਸਾਰੇ ਇੱਕੋ ਹੀ ਸ਼ਿਕਾਇਤ ਕਰਦੇ ਵੇਖੇ ਗਏ ਹਨ- "ਜ਼ਿੰਦਗੀ ਮਾਨਣ ਦਾ ਵਕਤ ਹੀ ਨਹੀਂ ਮਿਲਿਆ। ਪਤਾ ਹੀ ਨਹੀਂ ਲੱਗਿਆ ਕਦੋਂ ਕੰਮਾਂ ਕਾਰਾਂ ਵਿਚ ਲੰਘ ਗਈ।"

ਬਿਲਕੁਲ ਇੰਜ ਹੀ, ਜਿਸ ਦੀ ਨਜ਼ਰ ਅਚਾਨਕ ਚਲੀ ਜਾਏ, ਉਦੋਂ ਹੀ ਉਸ ਨੂੰ ਕਹਿੰਦੇ ਸੁਣਦੇ ਹਾਂ-"ਹਾਏ, ਹੁਣ ਪਤਾ ਲੱਗਿਆ, ਅੱਖਾਂ ਕੀ ਨੇਅਮਤ ਨੇ!" ਜਦੋਂ ਸੁਜਾਖਾ ਸੀ, ਉਦੋਂ ਅੱਖਾਂ ਦੀ ਅਹਿਮੀਅਤ ਸਮਝੀ ਹੀ ਨਹੀਂ। ਬਿਲਕੁਲ ਏਸੇ ਤਰ੍ਹਾਂ ਤੁਰਦੇ ਫਿਰਦੇ ਇਹਸਾਸ ਹੀ ਨਹੀਂ ਹੁੰਦਾ ਕਿ ਕਰੋੜਾਂ ਬੰਦੇ ਤੁਰ ਫਿਰ ਨਹੀਂ ਸਕਦੇ, ਅਨੇਕ ਮੰਜਿਆਂ ਉੱਤੇ ਅਪਾਹਜ ਬਣ ਕੇ ਅੱਡੀਆਂ ਰਗੜ ਰਹੇ ਹਨ, ਉਨ੍ਹਾਂ ਬਾਰੇ ਖ਼ਿਆਲ ਕਰ ਕੇ ਸ਼ੁਕਰਾਨਾ ਕਰਦਿਆਂ ਆਨੰਦਿਤ ਮਹਿਸੂਸ ਕਰਨ ਦੀ ਥਾਂ ਬੇਲੋੜੀਆਂ ਮੰਗਾਂ ਨੂੰ ਪੂਰੀਆਂ ਕਰਨ ਦੇ ਚੱਕਰ ਵਿਚ ਤਣਾਓ ਸਹੇੜ ਕੇ ਜਾਨ ਗੁਆ ਬਹਿੰਦੇ ਹਾਂ ਜਾਂ ਸਰੀਰ ਰੋਗਾਂ ਦੀ ਪੰਡ ਬਣ ਕੇ ਰਹਿ ਜਾਂਦਾ ਹੈ।

ਸੰਤੁਸ਼ਟੀ ਸਿਰਫ਼ ਤਾਂ ਆਉਂਦੀ ਹੈ, ਜਦੋਂ ਅਸੀਂ ਆਪਣੇ ਹਾਲਾਤ ਨੂੰ ਜਿਉਂ ਦਾ ਤਿਉਂ ਮੰਨ ਕੇ ਉਸ ਵਿਚੋਂ ਖ਼ੁਸ਼ੀ ਦਾ ਇਹਸਾਸ ਭਾਲੀਏ। ਉਸ ਵਿਚ ਹੋਰ ਤਬਦੀਲੀ ਲੱਭਦੇ-ਲੱਭਦੇ ਜ਼ਿੰਦਗੀ ਦਾ ਅਨਮੋਲ ਸਮਾਂ ਅਜਾਈਂ ਗੁਆ ਲੈਂਦੇ ਹਾਂ।

ਮਿਸਾਲ ਦੇ ਕੇ ਗੱਲ ਕਰਨੀ ਚਾਹਾਂਗੀ। ਸਵੇਰੇ ਉੱਠਦੇ ਸਾਰ ਇਕ ਬੰਦਾ ਝੁੰਜਲਾਹਟ ਨਾਲ ਚੀਕਦਾ ਹੈ-"ਅੱਜ ਫੇਰ ਰੌਲਾ ਰੱਪਾ ਪਾ ਕੇ ਜਗਾ 'ਤਾ। ਇਨ੍ਹਾਂ ਨਿਆਣਿਆਂ ਨੇ ਜੀਣਾ ਹਰਾਮ ਕੀਤਾ ਹੋਇਆ ਹੈ। ਅੱਗੋਂ ਸਾਰਾ ਦਿਨ ਬੌਸ ਦੀ ਚਕ-ਚਕ! ਜ਼ਿੰਦਗੀ ਨਰਕ ਬਣੀ ਪਈ ਹੈ!"

ਹੁਣ ਦੂਜਾ ਪਾਸਾ ਵੇਖੀਏ!

1. ਸਵੇਰੇ ਉੱਠਣ ਦਾ ਮਤਲਬ ਹੈ ਕਿ ਅਸੀਂ ਉਨ੍ਹਾਂ ਲੱਖ ਲੋਕਾਂ ਵਿੱਚੋਂ ਨਹੀਂ ਹਾਂ ਜਿਨ੍ਹਾਂ ਨੇ ਅੱਜ ਦੀ ਸਵੇਰ ਨਹੀਂ ਵੇਖਣੀ ਤੇ ਮੌਤ ਦੇ ਮੂੰਹ ਵਿਚ ਚਲੇ ਜਾਣਾ ਹੈ!
2. ਨਿਆਣਿਆਂ ਦੇ ਰੌਲੇ ਰੱਪੇ ਦਾ ਮਤਲਬ ਹੈ ਕਿ ਸਾਨੂੰ ਕੁਦਰਤ ਨੇ ਪਿਆਰੇ ਬੱਚੇ ਦਿੱਤੇ ਹਨ ਤੇ ਅਸੀਂ ਉਨ੍ਹਾਂ ਲੱਖਾਂ ਲੋਕਾਂ ਤੋਂ ਕਿਤੇ ਚੰਗੇ ਹਾਂ, ਜਿਹੜੇ ਬੱਚਾ ਪੈਦਾ ਨਾ ਕਰ ਸਕਣ ਸਦਕਾ ਦੁਖੀ ਹਨ ਜਾਂ ਗੋਦ ਲੈਣ ਲਈ ਤਰਲੇ ਕਰਦੇ ਫ਼ਿਰਦੇ ਹਨ। ਅਸੀਂ ਨਿਆਣਿਆਂ ਵੱਲੋਂ ਬਿਰਧ ਆਸ਼ਰਮ ਵਿਚ ਵੀ ਨਹੀਂ ਧੱਕੇ ਹੋਏ।
3. ਅਸੀਂ ਆਪਣੀਆਂ ਅੱਖਾਂ ਨਾਲ ਵੇਖ ਸਕ ਰਹੇ ਹਾਂ, ਕੰਨਾਂ ਨਾਲ ਸੁਣ ਰਹੇ ਹਾਂ, ਮੂੰਹ ਨਾਲ ਬੋਲ ਰਹੇ ਹਾਂ ਤੇ ਤੁਰ ਵੀ ਸਕਦੇ ਪਏ ਹਾਂ। ਯਾਨੀ ਲਕਵਾ ਨਹੀਂ ਮਾਰਿਆ ਹੋਇਆ ਤੇ ਕਰੋੜਾਂ ਉਨ੍ਹਾਂ ਲੋਕਾਂ ਤੋਂ ਵੱਧ ਸੁਖੀ ਹਾਂ ਜੋ ਵੇਖ ਸੁਣ ਜਾਂ ਬੋਲ ਨਹੀਂ ਸਕਦੇ ਜਾਂ ਤੁਰਨ ਫਿਰਨ ਤੋਂ ਅਸਮਰੱਥ ਹਨ।
4. ਬੌਸ ਦੀ ਚਕ-ਚਕ ਦਾ ਮਤਲਬ ਹੈ ਕਿ ਸਾਨੂੰ ਨੌਕਰੀ ਵੀ ਮਿਲੀ ਹੋਈ ਹੈ ਤੇ ਅਸੀਂ ਕਰੋੜਾਂ ਤੋਂ ਚੰਗੇ ਹਾਂ ਜਿਹੜੇ ਬੇਰੁਜ਼ਗਾਰ ਹਨ ਜਾਂ ਭਾਰ ਢੋਹ ਕੇ ਮਸਾਂ ਦੋ ਵੇਲੇ ਦੀ ਰੋਟੀ ਦਾ ਜੁਗਾੜ ਕਰ ਰਹੇ ਹਨ।
5. ਘਰ ਅੰਦਰ ਜਾਗ ਖੁੱਲੀ ਹੈ ਤਾਂ ਮਤਲਬ ਹੈ ਸਿਰ ਉੱਤੇ ਛੱਤ ਵੀ ਹੈ ਜੋ ਕਰੋੜਾਂ ਨੂੰ ਨਸੀਬ ਨਹੀਂ ਹੈ!
6. ਕੀ ਇਹ ਸਭ ਕੁਝ ਹੁੰਦਿਆਂ ਹਾਲੇ ਵੀ ਨਿਰਾ ਅਫਸੋਸ ਹੀ ਕਰਨਾ ਹੈ? ਇਸ ਦੀ ਬਜਾਏ ਜੇ ਇਹ ਸੋਚਿਆ ਜਾਏ-ਜਿਨ੍ਹਾਂ ਦੇ ਸਿਰਾਂ ਉੱਤੇ ਛੱਤ ਹੈ, ਚਲਾਉਣ ਨੂੰ ਕਾਰ-ਸਕੂਟਰ ਹੈ, ਤਿੰਨ ਵੇਲੇ ਦੀ ਰੋਟੀ ਮਿਲ ਰਹੀ ਹੈ, ਜੇਬ ਵਿਚ ਪੈਸੇ ਹਨ, ਨੌਕਰੀ ਹੈ, ਬੈਂਕ ਬੈਲੈਂਸ ਹੈ, ਅੱਖਾਂ, ਕੰਨ, ਨੱਕ ਤੇ ਲੱਤਾਂ ਸਲਾਮਤ ਹਨ ਤੇ ਜੇਲ੍ਹ ਅੰਦਰ ਬੰਦ ਵੀ ਨਹੀਂ ਹਾਂ, ਤਾਂ ਅਸੀਂ ਦੁਨੀਆਂ ਭਰ ਦੇ ਲੋਕਾਂ ਵਿੱਚੋਂ ਚੋਟੀ ਦੇ 2 ਫੀਸਦੀ ਲੋਕਾਂ ਵਿਚ ਸ਼ਾਮਲ ਹਾਂ। ਕੀ ਇਹ ਸ਼ੁਕਰ ਤੇ ਖ਼ੁਸ਼ੀ ਮਨਾਉਣ ਵਾਲੀ ਗ਼ੱਲ ਨਹੀਂ ਹੈ?

ਜੇ ਖਿੱਝ ਕੇ ਉੱਠਣ ਨਾਲੋਂ ਸਵੇਰੇ ਉੱਠ ਕੇ ਆਪਣੇ ਜ਼ਿੰਦਾ ਹੋਣ ਦਾ ਸ਼ੁਕਰ ਮਨਾ ਕੇ, ਆਪਣੇ ਬੱਚਿਆਂ ਨਾਲ ਹੱਸ-ਖੇਡ ਕੇ ਉਸ ਦਿਨ ਦਾ ਭਰਪੂਰ ਆਨੰਦ ਮਾਣੀਏ ਤਾਂ ਜ਼ਿੰਦਗੀ ਬਹੁਤ ਖ਼ੂਬਸੂਰਤ ਜਾਪੇਗੀ। ਇਹ ਜਸ਼ਨ ਦਾ ਮਾਹੌਲ ਸਭ ਨੂੰ ਖ਼ੁਸ਼ੀ ਨਾਲ ਭਰ ਦੇਵੇਗਾ ਤੇ ਚੁਫ਼ੇਰਾ ਚੰਗਾ ਜਾਪਣ ਲੱਗ ਪਵੇਗਾ।

ਯਾਨੀ, ਅਸੀਂ ਆਪਣੇ ਆਲੇ-ਦੁਆਲੇ ਨੂੰ ਵੀ ਕੁਦਰਤੀ ਦ੍ਰਿਸ਼ ਮੰਨ ਕੇ ਤਬਦੀਲੀ ਮੰਗਣ ਦੀ ਥਾਂ ਉਸ ਨੂੰ ਖ਼ੁਸ਼ੀ ਨਾਲ ਮਾਨਣ ਦਾ ਤਰੀਕਾ ਸਿੱਖ ਲਈਏ ਤਾਂ ਇੱਕ ਪਾਸੇ ਚੌਗਿਰਦਾ ਰੁਸ਼ਨਾ ਜਾਂਦਾ ਹੈ ਤੇ ਦੂਜੇ ਪਾਸੇ ਮਨ ਵੀ ਖੇੜੇ ਨਾਲ ਭਰ ਜਾਂਦਾ ਹੈ।

ਜੀਵਨ ਸਾਥੀ ਨੂੰ ਆਪਣੇ ਹਿਸਾਬ ਨਾਲ ਤਬਦੀਲ ਕਰਨ ਨਾਲੋਂ ਉਸ ਦੀਆਂ ਚੰਗੀਆਂ ਆਦਤਾਂ ਤੇ ਕੋਈ ਚੰਗੀ ਗੱਲ ਦੀ ਸਰਾਹਨਾ ਕਰਦੇ ਸਾਰ ਰਿਸ਼ਤਿਆਂ ਵਿਚਲੀ ਕੁੜੱਤਣ ਖੁਰ ਖਾਂਦੀ ਹੈ। ਜੋ ਹੈ, ਉਸ ਵਿਚ ਸੰਤੁਸ਼ਟ ਹੋਣਾ ਸਿੱਖਣ ਦੀ ਲੋੜ ਹੈ। ਨਹੀਂ ਤਾਂ ਸਾਰੀ ਉਮਰ ਕੁੜ੍ਹਦੇ ਹੋਏ ਹੀ ਲੰਘ ਜਾਣੀ ਹੈ ਤੇ ਕਦੋਂ ਅੰਤ ਹੋ ਜਾਣਾ ਹੈ ਪਤਾ ਹੀ ਨਹੀਂ ਲੱਗਣਾ।

ਅਸੀਂ ਆਮ ਹੀ ਆਪਣੇ ਆਲੇ-ਦੁਆਲੇ ਅਗਾਂਹ ਵਧ ਰਹੇ ਲੋਕਾਂ, ਰਿਸ਼ਤੇਦਾਰਾਂ ਤੇ ਆਪਣਿਆਂ ਤੋਂ ਖ਼ਾਰ ਖਾਂਦੇ ਰਹਿੰਦੇ ਹਾਂ। ਜਿਨ੍ਹਾਂ ਨੂੰ ਜਾਣਦੇ ਨਹੀਂ, ਉਨ੍ਹਾਂ ਦੇ ਅਗਾਂਹ ਵਧਣ ਬਾਰੇ ਸਾਨੂੰ ਕੋਈ ਚਿੰਤਾ ਨਹੀਂ ਹੁੰਦੀ।

ਜੇ ਕਿਸੇ ਹੋਰ ਮੁਲਕ ਦਾ ਇੰਜੀਨੀਅਰ ਸਾਡੇ ਤੋਂ ਵੱਡੀ ਕੋਠੀ ਤੇ ਕਾਰ ਖ਼ਰੀਦ ਚੁੱਕਿਆ ਹੈ ਤਾਂ ਕੋਈ ਗੱਲ ਨਹੀਂ ਪਰ ਜੇ ਗਲੀ ਵਿਚ ਰਹਿੰਦਾ ਇੰਜੀਨੀਅਰ ਜਾਂ ਟੱਬਰ ਵਿਚਲੇ ਕਿਸੇ ਇੰਜੀਨੀਅਰ ਨੇ ਖਰੀਦੇ ਹਨ ਤਾਂ ਸਾਡੀਆਂ ਅੱਖਾਂ ਵਿਚ ਰੜਕ ਪੈਦਾ ਹੋ ਜਾਂਦੀ ਹੈ। ਇਸੇ ਨੁਕਤੇ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਹੋਰਨਾਂ ਦੀ ਖ਼ੁਸ਼ੀ ਤੋਂ ਅਸੀਂ ਵਧ ਦੁਖੀ ਹੁੰਦੇ ਹਾਂ ਪਰ ਆਪਣੇ ਸੁਖ ਨੂੰ ਮਾਨਣ ਲਈ ਸਮਾਂ ਨਹੀਂ ਕੱਢਦੇ। ਸਾਡੇ ਦੁੱਖਾਂ ਦੀ ਜੜ੍ਹ ਸਾਡੇ ਹੀ ਮਨ ਅੰਦਰ ਹੈ। ਲੰਘ ਚੁੱਕੇ ਸਮੇਂ ਨੂੰ ਤੇ ਪੁਰਾਣੀਆਂ ਮਾੜੀਆਂ ਚੰਗੀਆਂ ਯਾਦਾਂ ਅਸੀਂ ਛੰਡਦੇ ਨਹੀਂ ਤੇ ਨਾਲੋ-ਨਾਲ ਤੋਰੀ ਰੱਖਦੇ ਹਾਂ। ਆਉਣ ਵਾਲੇ ਸਮੇਂ ਨੂੰ ਵਧੀਆ ਬਣਾਉਣ ਲਈ ਅਸੀਂ ਹਰ ਰੋਜ਼ ਦੀ ਨਿੱਕੀ ਖ਼ੁਸ਼ੀ ਮਾਣਨ ਦਾ ਸਮਾਂ ਨਹੀਂ ਕੱਢ ਰਹੇ। ਫੇਰ ਭਲਾ ਜ਼ਿੰਦਗੀ ਨੂੰ ਜੀਣਾ ਕਦੋਂ ਹੈ? ਖ਼ੁਸ਼ੀਆਂ ਕਦੇ ਵੱਡੇ ਪੈਕੇਜ ਵਾਂਗ ਨਹੀਂ ਆਉਂਦੀਆਂ।

ਆਪਣੇ ਬੱਚੇ ਦੀ ਪਹਿਲੀ ਨਿਕਲੀ ਦੰਦੀ, ਪਹਿਲਾ ਪੁੱਟਿਆ ਕਦਮ, ਪਹਿਲੀ ਵਾਰ ਦਾ 'ਪਾਪਾ' ਕਹਿਣਾ, ਪਹਿਲੀ ਵਾਰ ਸਕੂਲ ਛੱਡ ਕੇ ਆਉਣਾ, ਪਹਿਲੀ ਜੱਫੀ, ਪਹਿਲਾ ਚੁੰਮਣ, ਰਾਤ ਭਰ ਰੋਂਦੇ ਨੂੰ ਚੁੱਕ ਕੇ ਘੁੰਮਣਾ ਤੇ ਸੁਆਉਣਾ, ਉਸ ਨੂੰ ਪਹਿਲਾ ਟੀਕਾ ਲੱਗਣ ਸਮੇਂ ਉਸ ਤੋਂ ਵੱਧ ਆਪ ਰੋਣਾ, ਆਦਿ ਕਿੰਨੀਆਂ ਪਿਆਰੀਆਂ ਯਾਦਾਂ ਨੇ ਜੋ ਧੜਕਦੀ ਜ਼ਿੰਦਗੀ ਦਾ ਸਬੂਤ ਹੁੰਦੀਆਂ ਹਨ ਤੇ ਇਸੇ ਨੂੰ ਜ਼ਿੰਦਗੀ ਮਾਨਣਾ ਕਿਹਾ ਜਾਂਦਾ ਹੈ।

ਜਦੋਂ ਕਮਾਈ ਦਾ ਸਮਾਂ ਹੁੰਦਾ ਹੈ, ਉਦੋਂ ਇਹੀ ਪਲਾਂ ਨੂੰ ਜੀਣ ਲਈ ਮਿਹਨਤ ਕੀਤੀ ਜਾਂਦੀ ਹੈ। ਚੇਤੇ ਸਿਰਫ਼ ਇਹ ਰੱਖਣਾ ਹੈ ਕਿ ਕਿਤੇ ਮਿਹਨਤ ਦਾ ਸਮਾਂ ਇਨ੍ਹਾਂ ਖ਼ੂਬਸੂਰਤ ਪਲਾਂ ਨੂੰ ਹੜੱਪ ਨਾ ਜਾਏ। ਬੱਚਿਆਂ ਨਾਲ ਬੱਚੇ ਬਣ ਕੇ ਖੇਡਣਾ, ਰੱਜ ਕੇ ਹੱਸਣਾ, ਨੱਚਣਾ, ਟੱਪਣਾ, ਘੁੰਮਣਾ ਹੀ ਅਸਲ ਜ਼ਿੰਦਗੀ ਦੇ ਪਲ ਹੁੰਦੇ ਹਨ। ਆਪਣੀ 'ਮੈਂ', 'ਮੇਰਾ', 'ਜੇ', 'ਮੇਰੇ ਨਾਲ ਹੀ ਕਿਉਂ', ਆਦਿ ਛੱਡ ਕੇ ਅੱਜ ਦੀ ਧੜਕਦੀ ਜ਼ਿੰਦਗੀ ਜੇ ਅਸੀਂ ਜੀਅ ਸਕੇ ਹਾਂ, ਤਾਂ ਯਕੀਨਨ ਇਸ ਸਫਰ ਦੇ ਅੰਤ ਵਿਚ ਕੋਈ ਗਿਲਾ ਸ਼ਿਕਵਾ ਨਹੀਂ ਰਹੇਗਾ।

ਹਾਲੇ ਵੀ ਵੇਲਾ ਹੈ, ਰੋਜ਼ ਦੋਸਤਾਂ-ਮਿੱਤਰਾਂ ਨਾਲ ਖ਼ੁਸ਼ੀਆਂ ਵੰਡੀਏ। ਪਤਾ ਨਹੀਂ ਕਿਸ ਨੇ ਕਦੋਂ ਵਿਛੜ ਜਾਣਾ ਹੈ। ਰੋਜ਼ ਆਪਣੇ ਬੱਚਿਆਂ ਨਾਲ ਸਮਾਂ ਬਿਤਾਈਏ। ਪਤਾ ਹੀ ਨਹੀਂ ਲੱਗਣਾ ਕਦੋਂ ਉਨ੍ਹਾਂ ਝਟਪਟ ਜਵਾਨ ਹੋ ਕੇ ਘਰੋਂ ਬਾਹਰ ਆਪਣੇ ਕੰਮਾਂ ਵਿਚ ਰੁੱਝ ਕੇ ਦੂਰ ਤੁਰ ਜਾਣਾ ਹੈ। ਬੇਰਹਿਮ ਮੌਤ ਨੇ ਕਦੋਂ ਜੀਵਨ ਸਾਥੀ ਖੋਹ ਲੈਣਾ ਹੈ, ਇਸ ਤੋਂ ਵੀ ਅਸੀਂ ਬੇਖ਼ਬਰ ਹਾਂ। ਇਸੇ ਲਈ ਆਪਣਿਆਂ ਨੂੰ ਆਪਣੇ ਹਿਸਾਬ ਨਾਲ ਤਬਦੀਲ ਕਰਦਿਆਂ ਮਨ ਵਿਚ ਕੌੜ ਭਰਨ ਦੀ ਥਾਂ ਉਨ੍ਹਾਂ ਨੂੰ ਕੁਦਰਤੀ ਦ੍ਰਿਸ਼ਾਂ ਵਾਂਗ ਇੰਜ ਹੀ ਅਪਨਾ ਲਈਏ ਤਾਂ ਜ਼ਿੰਦਗੀ ਵਾਕਈ ਬਹੁਤ ਖ਼ੂਬਸੂਰਤ ਜਾਪਣ ਲੱਗ ਪੈਣੀ ਹੈ ਤੇ ਬੇਰੰਗ ਰਿਸ਼ਤਿਆਂ ਵਿਚ ਵਾਪਸ ਰੌਣਕ ਪਰਤ ਆਵੇਗੀ।

ਸੰਪੂਰਨ ਸੰਤੁਸ਼ਟੀ ਕਿਸੇ ਨੂੰ ਹਾਸਲ ਨਹੀਂ ਹੁੰਦੀ। ਇਸੇ ਲਈ ਉਸ ਦੀ ਉਡੀਕ ਕਰਨੀ ਫਜ਼ੂਲ ਹੈ। ਸੂਟਾਂ ਵਾਲੀ ਦੁਕਾਨ ਬਦਲਣੀ, ਦਰਜੀ ਬਦਲਣਾ, ਡਾਕਟਰ ਬਦਲਣਾ, ਸਕੂਟਰ ਬਦਲਣਾ, ਸਬਜ਼ੀ ਵਾਲਾ ਭਾਈ ਬਦਲਣਾ, ਟੀਵੀ. ਬਦਲਣਾ, ਸੋਫਾ ਬਦਲਣਾ, ਘਰ ਬਦਲਣਾ ਆਦਿ ਸਾਡੀ ਰਗ ਰਗ ਵਿਚ ਵਸ ਚੁੱਕਿਆ ਹੈ।

ਪਰ, ਫਿਰ ਵੀ ਮੇਰਾ ਸੁਨੇਹਾ ਤਾਂ ਹਰ ਕੋਸ਼ਿਸ਼ ਕਰਨ ਵਿਚ ਜੁਟੇ ਲਈ ਇਹੋ ਰਹਿਣਾ ਹੈ :- "ਮੰਜ਼ਿਲਾਂ ਬੜੀਆਂ ਜ਼ਿੱਦੀ ਹੁੰਦੀਆਂ ਨੇ, ਹਾਸਲ ਕਿੱਥੇ ਸਾਰੀਆਂ ਹੁੰਦੀਆਂ ਨੇ। ਪਰ, ਤੂਫ਼ਾਨ ਵੀ ਉੱਥੇ ਹਾਰ ਮੰਨ ਲੈਂਦੇ ਨੇ, ਜਿੱਥੇ ਕਿਸ਼ਤੀਆਂ ਮੱਲਾਹ ਦੀ ਹਾਣੀ ਹੁੰਦੀਆਂ ਨੇ।"

## ਉੱਠ ਵੇ ਪੰਜਾਬ ਸਿਆਂ...

**ਸਤਨਾਮ ਸਿੰਘ ਪਲਹੇੜੀ**
(ਸੰਪਰਕ : 97815-68551)

ਲੱਛੇਦਾਰ ਭਾਸ਼ਣਾਂ ਦਾ ਭਾਰ ਰਿਹੈਂ ਢੋਅ ਵੇ,
ਉੱਠ ਤੂੰ ਪੰਜਾਬ ਸਿਆਂ ਫੇਰ ਖੜਾ ਹੋ ਵੇ।
ਭਾਸ਼ਣ ਹੀ ਦੇਣੇ ਬਸ ਇਹਨਾਂ ਦੀਆਂ ਆਦਤਾਂ,
ਹੋਰ ਕਿਹੜਾ ਤੇਰੇ ਲਈ ਦੇਣੀਆਂ ਸ਼ਹਾਦਤਾਂ,
ਐਨਾ ਸੀ ਬਹਾਦਰ ਤੂੰ ਰਿਹਾ ਕਿਉਂ ਰੋ ਵੇ,
ਉੱਠ ਤੂੰ ਪੰਜਾਬ ਸਿਆਂ ਫੇਰ ਖੜਾ ਹੋ ਵੇ।

ਜੇ ਆਮ ਪੁੱਤ ਤੇਰੇ ਸੱਚੀਂ ਅੱਗੇ ਗਏ ਆ ਵੇ,
ਕੁਰਸੀ ਦੇ ਭੁੱਖਿਆਂ ਨੂੰ ਲੱਭਣਾ ਨੀ ਰਾਹ ਵੇ,
ਤੇਰੇ ਵਿਚੋਂ ਪਹਿਲਾਂ ਵਾਲੀ ਆਊ ਖੁਸ਼ਬੋ ਵੇ,
ਉੱਠ ਤੂੰ ਪੰਜਾਬ ਸਿਆਂ ਫੇਰ ਖੜਾ ਹੋ ਵੇ।

ਕੋਈ ਰਣਜੀਤ ਸਿੰਘ ਜਿਹਾ ਉੱਠੂ ਸੂਰਮਾ,
ਆਊਗੀ ਬਹਾਰ ਹੁਣ ਓਹ ਦਿਨ ਦੂਰ ਨਾ,
ਮਾੜੀ ਸੋਚ ਵਾਲੀ ਉੱਡ ਜਾਊ ਏਥੋਂ ਬੋਅ ਵੇ,
ਉੱਠ ਤੂੰ ਪੰਜਾਬ ਸਿਆਂ ਫੇਰ ਖੜਾ ਹੋ ਵੇ।

ਮੰਨਿਆ ਕਿ ਤੇਰੇ ਧੀਆਂ, ਪੁੱਤਾਂ ਤੈਨੂੰ ਮਾਰਿਆ,
ਸਾਰੇ ਨਹੀਂ ਮਾੜੇ ਐਵੇਂ ਹੌਂਸਲਾ ਕਿਉਂ ਹਾਰਿਆ,
ਦਾਗ਼ ਤੇਰੇ ਉੱਤੇ ਲੱਗੇ, ਸਾਰੇ ਦੇਣੇ ਧੋਅ ਵੇ,
ਉੱਠ ਤੂੰ ਪੰਜਾਬ ਸਿਆਂ ਫੇਰ ਖੜਾ ਹੋ ਵੇ।

ਪੰਜਾਬੀਆਂ ਦਾ ਤੂੰ, ਨਹੀਂ ਕਿਸੇ ਦੇ ਹੈਂ ਬਾਪ ਦਾ,
ਕਾਂਗਰਸ, 'ਕਾਲੀ ਅਤੇ ਨਾ ਹੀ ਤੂੰ ਹੈ ਆਪ ਦਾ,
'ਪਲਹੇੜੀ' ਸਾਡੇ ਹੱਡਾਂ ਵਿਚ ਪਿਆ ਤੇਰਾ ਮੋਹ ਵੇ,
ਲੱਛੇਦਾਰ ਭਾਸ਼ਣਾਂ ਦਾ ਭਾਰ ਰਿਹੈਂ ਢੋਅ ਵੇ,
ਉੱਠ ਤੂੰ ਪੰਜਾਬ ਸਿਆਂ ਫੇਰ ਖੜਾ ਹੋ ਵੇ।

## ਲਹੂ ਦਾ ਫ਼ਰਕ

**ਕੇਵਲ ਸਿੰਘ ਧਰਮਪੁਰਾ**
(9878801561)

ਸਿਤਮ ਓਦੋਂ ਸਿਤਮ
ਨਹੀਂ ਲਗਦਾ
ਜਦੋਂ ਬੇਰੁਜ਼ਗਾਰਾਂ 'ਤੇ ਹੁੰਦਾ ਹੈ
ਜ਼ੁਲਮ ਵੀ ਓਦੋਂ ਜ਼ੁਲਮ
ਨਹੀਂ ਲਗਦਾ
ਜਦੋਂ ਕਿਸਾਨਾਂ ਜਾਂ
ਫਿਰ ਅਧਿਆਪਕਾਂ 'ਤੇ ਹੁੰਦਾ ਹੈ

ਸਿਤਮ ਓਦੋਂ ਸਿਤਮ ਬਣਦਾ ਹੈ
ਜਦੋਂ ਆਪਣੇ 'ਤੇ ਤੇਜਾਬ ਬਣ
ਡੁੱਲਦਾ ਹੈ
ਤੇ ਬੰਦਾ ਫੇਰ ਸਾਰੀ ਉਮਰ
ਨਹੀਂ ਭੁੱਲਦਾ ਹੈ

ਅੱਜ ਦਾ ਸਵਾਰਥੀ ਇਨਸਾਨ
ਜੇ ਵਟਸਐਪ 'ਤੇ ਕਿਸੇ ਦੀ
ਚਮੜੀ ਉਤਰਦੀ ਦੀ ਵੀਡੀਓ
ਵੀ ਦੇਖਦਾ ਹੈ
ਤਾਂ ਵੀ ਉਸ ਨੂੰ ਕੰਡਾ ਭਰ
ਦਰਦ ਨਹੀਂ ਹੁੰਦਾ
ਤੇ ਜਿਸ ਦਿਨ ਆਪਣੇ
ਪੈਰ 'ਚ ਕੰਡਾ ਵੀ ਚੁਭਦਾ ਹੈ
ਤਾਂ ਇਵੇਂ ਜਾਪਦਾ ਹੈ
ਜਿਵੇਂ ਕਿਸੇ ਨੇ
ਚਮੜੀ ਉਦੇੜ 'ਤੀ ਹੋਵੇ

ਬਸ ਏਹੀ ਫ਼ਰਕ ਹੈ
ਮਨੁੱਖ ਤੇ ਮਨੁੱਖ 'ਚ
ਕਵੀ ਤੇ ਕਵੀ 'ਚ
ਲਹੂ ਤੇ ਲਹੂ 'ਚ...


Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
South Asian Wedding Cards
CALL NOW

## ਪੰਜਾਬ ਦੇ 'ਇਨਕਲਾਬੀ' ਖੱਬੇ ਪੱਖੀ ਸਾਹਿਤਕਾਰ ਸਰਕਾਰ ਭਗਤ ਕਿਵੇਂ ਬਣੇ ?

ਉਤੇ ਆਧਾਰਿਤ ਹਨ। ਭਾਵੇਂ ਅਜੀਤ ਕੌਰ ਨੇ ਤੇ ਭਾਵੇਂ ਗੁਰਸ਼ਰਨ ਸਿੰਘ ਨੇ ਤੇ ਭਾਵੇਂ ਕਰਤਾਰ ਸਿੰਘ ਦੁੱਗਲ ਨੇ। ਆਰਥਿਕ ਲੁੱਟ ਵਲ ਉਂਗਲ ਚੁਕਣ ਦਾ ਕਿਸੇ ਵਿਚ ਜੇਰਾ ਨਹੀਂ ਕੀਤਾ। ਇਸ ਨਾਲ ਸਾਰੇ ਦੇਸ ਵਿਚ ਪਰਭਾਵ ਇਹ ਬਣਿਆ ਹੈ ਕਿ ਸਿਖ ਪੰਜਾਬ ਵਿਚ ਹਿੰਦੂਆਂ ਦੇ ਕਤਲ ਕਰ ਰਹੇ ਹਨ। ਹਾਲਾਂਕਿ ਦਹਿਸ਼ਤਗਰਦੀ ਦਾ ਸ਼ਿਕਾਰ ਜ਼ਿਆਦਾ ਸਿਖ ਹੋਏ ਹਨ ਪਰ ਇਸ ਵਲ ਇਸ਼ਾਰਾ ਕਰਨ ਦੀ ਕਿਸੇ ਦੀ ਹਿੰਮਤ ਨਹੀਂ। ਕਿਉਂਕਿ ਇਸ ਨਾਲ ਸਰਕਾਰੀ ਸੋਚ ਦਾ ਪੋਲ ਖੁਲ੍ਹਦਾ ਹੈ। ਸਰਕਾਰ ਪਾਸੋਂ ਨਾ ਗਰਾਂਟ ਮਿਲ ਸਕਦੀ ਹੈ ਅਤੇ ਨਾ ਹੀ ਕੋਈ ਇਨਾਮ!

ਜਦੋਂ ਪੰਜਾਬੀ ਵਿਚ ਗਵਰਨਰੀ ਰਾਜ ਚਲ ਰਿਹਾ ਸੀ ਤਾਂ ਗਵਰਨਰ ਨੇ ਇਹ ਐਲਾਨ ਕਰਕੇ ਹੀ ਪੰਜਾਬੀ ਲੇਖਕਾਂ ਨੂੰ ਭਰਮਾ ਲਿਆ ਕਿ ਉਸ ਨੇ ਹਰਿਆਣੇ ਦੇ ਮੁਖ ਮੰਤਰੀ ਨੂੰ ਪੰਜਾਬੀ ਨੂੰ ਦੂਸਰੀ ਭਾਸ਼ਾ ਦਾ ਦਰਜਾ ਦੇਣ ਲਈ ਲਿਖਿਆ ਹੈ। ਇਸ ਐਲਾਨ ਦੇ ਛਪਣ ਸਾਰ ਹੀ ਪੰਜਾਬੀ ਲੇਖਕਾਂ ਨੇ ਗਵਰਨਰ ਦੀ ਤਾਰੀਫ ਦੇ ਸੋਹਿਲੇ ਗਾਉਣੇ ਸ਼ੁਰੂ ਕਰ ਦਿਤੇ। ਪਰ ਕਿਸੇ ਨੂੰ ਇਹ ਖਿਆਲ ਨਾ ਆਇਆ ਕਿ ਗਵਰਨਰ ਨੇ ਚੰਡੀਗੜ੍ਹ ਵਿਚ ਪੰਜਾਬੀ ਲਾਗੂ ਕਿਉਂ ਨਹੀਂ ਕੀਤੀ ਹਾਲਾਂ ਕਿ ਅਜਿਹਾ ਕਰਨ ਲਈ ਉਸ ਪਾਸ ਪੂਰਾ ਅਖਤਿਆਰ ਸੀ। ਅਜਿਹਾ ਖਿਆਲ ਤਦ ਆਏ ਜੇਕਰ ਪੰਜਾਬੀ ਲੇਖਕ ਸਰਕਾਰੀ ਗਰਾਂਟ ਪ੍ਰਾਪਤ ਕਰਨਾ ਆਪਣਾ ਹਕ ਨਾ ਸਮਝਦੇ ਹੋਣ।

ਸਰਕਾਰੀ ਗਰਾਂਟ ਪ੍ਰਾਪਤ ਕਰਨ ਦੀ ਝਾਕ ਵਿਚ ਅਤੇ ਸਨਮਾਨਾਂ ਦੀ ਲਾਲਸਾ ਅਧੀਨ ਪੰਜਾਬੀ ਲੇਖਕ ਆਪਣਾ ਮਾਣ ਤਾਣ ਗੁਆ ਬੈਠੇ ਹਨ। ਉਨ੍ਹਾਂ ਨੂੰ ਆਪਣੇ ਕਿਤੇ ਦੀ ਮਾਣ ਮਰਿਯਾਦਾ ਦਾ ਕੋਈ ਖਿਆਲ ਨਹੀਂ ਰਹਿ ਗਿਆ। ਉਹ ਹਰ ਸਮਾਗਮ ਉਤੇ ਅਮੀਰਾਂ ਵਜੀਰਾਂ ਨੂੰ ਬੁਲਾਉਂਦੇ ਹਨ। ਉਨ੍ਹਾਂ ਹਥੋਂ ਸਨਮਾਨ ਪ੍ਰਾਪਤ ਕਰਕੇ ਧੰਨ ਧੰਨ ਹੁੰਦੇ ਹਨ। ਇਸ ਲਈ ਤੇਰਾ ਸਿੰਘ ਚੰਨ ਦਾ ਇਹ ਗਿਲਾ ਜਾਇਜ਼ ਨਹੀਂ ਕਿ "ਅਸਲ ਵਿਚ ਰਾਜ ਉਤੇ ਬਿਰਾਜਮਾਨ ਹਾਕਮਾਂ ਦੇ ਮਨ ਵਿਚ ਲੇਖਕਾਂ ਦੀ ਕੋਈ ਕਦਰ ਜਾਂ ਸਤਿਕਾਰ ਨਹੀਂ।"

ਪੰਜਾਬੀ ਵਿਚ ਭਾਈ ਵੀਰ ਸਿੰਘ ਇਕੋ ਇਕ ਲੇਖਕ ਹੈ ਜਿਸ ਨੇ ਸਰਕਾਰੀ ਮਾਣ-ਸਨਮਾਨ ਦੀ ਕਦੇ ਪਰਵਾਹ ਨਹੀਂ ਕੀਤੀ। ਜਦੋਂ ਉਸ ਨੂੰ ਸਾਹਿਤ ਅਕਾਦਮੀ ਪੁਰਸਕਾਰ ਦੇਣ ਦਾ ਐਲਾਨ ਹੋਇਆ ਤਾਂ ਉਹ ਇਹ ਪੁਰਸਕਾਰ ਲੈਣ ਭਜਾ ਭਜਾ ਦਿਲੀ ਨਾ ਗਿਆ।

ਜਦੋਂ ਉਸ ਨੂੰ ਪਦਮ ਭੂਸ਼ਨ ਨਾਲ ਸਨਮਾਨਤ ਕਰਨ ਦਾ ਐਲਾਨ ਹੋਇਆ ਤਾਂ ਵੀ ਉਹ ਦਿਲੀ ਦਰਬਾਰ ਵਿਚ ਹਾਜ਼ਰ ਨਾ ਹੋਇਆ। ਪਰ ਅਜ ਤੱਕ ਸਾਡੇ ਪ੍ਰਗਤੀਵਾਦੀ ਲੇਖਕਾਂ ਦੀ ਨਜ਼ਰ ਵਿਚ ਉਹ ਸਭ ਤੋਂ ਵਧ ਪ੍ਰਤੀਗਾਮੀ ਲੇਖਕ ਹੈ। ਭਾਈ ਵੀਰ ਸਿੰਘ ਨੂੰ ਆਪਣੀ ਕਰਤਾਰੀ ਸਮਰੱਥਾ ਦਾ ਗਿਆਨ ਸੀ ਅਤੇ ਉਸਦੇ ਆਸਰੇ ਹੀ ਉਸ ਵਿਚ ਸਵੈ-ਵਿਸ਼ਵਾਸ ਸੀ ਕਿ ਉਹ ਸਰਕਾਰੀ ਮਾਣ-ਸਨਮਾਨ ਤੋਂ ਬਿਨਾਂ ਵੀ ਸਾਹਿਤ ਜਗਤ ਵਿਚ ਆਪਣਾ ਸਥਾਨ ਨਿਰਧਾਰਤ ਕਰਵਾਉਣ ਦੇ ਸਮਰੱਥ ਹੈ। ਪਰ ਅਜੋਕੇ ਲੇਖਕ ਇਹ ਸਵੈ-ਵਿਸ਼ਵਾਸ ਗਵਾ ਬੈਠੇ ਹਨ, ਇਸੇ ਲਈ ਉਹ ਸਰਕਾਰ ਪਾਸੋਂ ਸਨਮਾਨਿਤ ਹੋਣ ਦੀ ਥਾਂ ਅਪਮਾਨਿਤ ਹੋ ਰਹੇ ਹਨ।

## ਯੂਐਨਓ ਮੁਖੀ ਦਰਬਾਰ ਸਾਹਿਬ ਵਿਚ ਨਤਮਸਤਕ

ਦੇ ਦੱਬੇ ਕੁਚਲੇ ਤੇ ਘੱਟ ਗਿਣਤੀ ਲੋਕਾਂ ਦੇ ਮਨੁੱਖੀ ਹੱਕਾਂ ਦੀ ਹੋ ਰਹੀ ਉਲੰਘਣਾ ਦੀ ਸੁਣਵਾਈ ਕਰਨ ਵਾਲੇ ਸੰਯੁਕਤ ਰਾਸ਼ਟਰ ਸੰਘ ਦੇ ਸਕੱਤਰ ਜਨਰਲ ਨੂੰ ਦਰਬਾਰ ਸਾਹਿਬ ਦੀ ਫੇਰੀ ਦੌਰਾਨ ਸੁਰੱਖਿਆ ਦਸਤਿਆਂ ਵਲੋਂ ਵਿਖਾਈ ਜਾ ਰਹੀ ਕਾਹਲ ਤੇ ਧੱਕੇ ਨਾਲ ਅੱਗੇ ਤੋਰਨ ਦੀ ਕਵਾਇਦ ਦਾ ਸਾਹਮਣਾ ਕਰਨਾ ਪਿਆ। ਇੱਕ ਮੌਕਾ ਅਜੇਹਾ ਵੀ ਆਇਆ ਕਿ ਮਿਸਟਰ ਗੁਟਰੇਜ਼ ਨੇ ਨਾਲ ਚੱਲ ਰਹੇ ਸੁਰੱਖਿਆ ਮੁਲਾਜ਼ਮਾਂ ਨੂੰ ਕਿਹਾ, "ਮੈਂ ਆਰਾਮ ਨਾਲ ਦਰਸ਼ਨ ਕਰਨ ਆਇਆ ਹਾਂ, ਕੁਝ ਸਮੇਂ ਲਈ ਮੈਨੂੰ ਇਕੱਲਾ ਛੱਡ ਦਿਉ।" ਮੀਡੀਆ ਨਾਲ ਸੰਖੇਪ ਗੱਲਬਾਤ ਦੌਰਾਨ ਉਨ੍ਹਾਂ ਆਖਿਆ ਕਿ ਇਸ ਰੂਹਾਨੀ ਅਸਥਾਨ 'ਤੇ ਆ ਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਮਹਿਸੂਸ ਹੋਈ ਹੈ ਅਤੇ ਉਹ ਆਪਣੇ ਆਪ ਨੂੰ ਵਡਭਾਗਾ ਮਹਿਸੂਸ ਕਰ ਰਹੇ ਹਨ ਕਿ ਇਥੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਆਖਿਆ ਕਿ ਇਹ ਉਹ ਅਸਥਾਨ ਹੈ, ਜਿਥੇ ਹਰ ਧਰਮ ਦਾ ਵਿਅਕਤੀ ਪ੍ਰਾਰਥਨਾ ਕਰ ਸਕਦਾ ਹੈ। ਉਨ੍ਹਾਂ ਨੇ ਸਿੱਖ ਭਾਈਚਾਰੇ ਦੀ ਸ਼ਲਾਘਾ ਕੀਤੀ ਅਤੇ ਆਖਿਆ ਕਿ ਉਹ ਸਿੱਖਾਂ ਨੂੰ ਨੇੜਿਉਂ ਜਾਣਦੇ ਹਨ। ਉਨ੍ਹਾਂ ਦੀ ਆਮਦ 'ਤੇ ਸ਼੍ਰੋਮਣੀ ਕਮੇਟੀ ਵਲੋਂ 'ਰੈਡ ਕਾਰਪੇਟ' ਸਵਾਗਤ ਕੀਤਾ ਗਿਆ। ਸਮੁੱਚੀ ਪਰਿਕਰਮਾ ਅਤੇ ਦਰਸ਼ਨੀ ਡਿਉਢੀ ਪੁਲ ਤੇ ਵੀ ਵਿਸ਼ੇਸ਼ ਤੌਰ 'ਤੇ ਲਾਲ ਰੰਗ ਦਾ ਗਲੀਚਾ ਵਿਛਾਇਆ ਹੋਇਆ ਸੀ।

## ਅਕਾਲ ਤਖ਼ਤ ਸਾਹਿਬ ਤੇ ਸਿੱਖ ਕੌਮ ਦਾ ਫ਼ੌਜੀਕਰਨ

ਤਿਆਰੀਆਂ ਦਾ ਪ੍ਰਤੀਕ ਬਣਿਆ। ਫਲਸਰੂਪ ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਵਿਚ ਸਿੱਖਾਂ ਦੀਆਂ ਮੁਗਲ ਬਾਦਸ਼ਾਹ ਸ਼ਾਹਜਹਾਨ ਦੀ ਗੱਦੀ ਨਸ਼ੀਨੀ ਦੌਰਾਨ ਤਿੰਨ ਲੜਾਈਆਂ ਹੋਈਆਂ ਜਿਨ੍ਹਾਂ ਦੀ ਗਿਣਤੀ ਇਤਿਹਾਸਕਾਰ ਵੱਖ-ਵੱਖ ਦੱਸਦੇ ਹਨ। ਇਨ੍ਹਾਂ ਲੜਾਈਆਂ ਦੇ ਫੌਰੀ ਕਾਰਨ ਭਾਵੇਂ ਭਿੰਨ-ਭਿੰਨ ਸਨ, ਪਰੰਤੂ ਮੁੱਖ ਕਾਰਨ ਮੁਗਲ ਸਰਕਾਰ ਦਾ ਜ਼ੁਲਮ ਤੇ ਅਤਿਆਚਾਰ ਸੀ। ਗੁਰੂ ਹਰਿਗੋਬਿੰਦ ਜੀ ਦੀ ਗੱਦੀ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਇਕ ਸਥਾਪਤ ਅਦਾਰਾ ਬਣ ਚੁੱਕਾ ਸੀ ਅਤੇ ਇਸ ਵਿਚ ਕੀਤੇ ਗਏ ਕਾਰਜ ਕਿਸੇ ਸਮੇਂ ਵੀ ਸੁਰਜੀਤ ਕੀਤੇ ਜਾ ਸਕਦੇ ਹਨ।

ਸਿੱਖਾਂ ਦੇ ਰਾਜਨੀਤਕ ਅਦਾਰੇ ਦੇ ਰੂਪ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਅਠਾਰ੍ਹਵੀਂ ਸਦੀ ਵਿਚ ਮੁੜ ਸੁਰਜੀਤ ਹੋਇਆ, ਕਿਉਂਕਿ ਇਹ ਸਿੱਖਾਂ ਦੇ ਧਾਰਮਿਕ ਵਿਸ਼ਵਾਸਾਂ, ਧਾਰਨਾ ਤੇ ਸਿਧਾਂਤਾਂ ਦਾ ਪ੍ਰਤੀਕ ਸੀ। ਸ੍ਰੀ ਅਕਾਲ ਤਖ਼ਤ ਉੱਤੇ ਵੱਡੇ ਕੰਮ ਆਰੰਭੇ ਗਏ ਅਤੇ ਸਿੱਖਾਂ ਦੀ ਰਾਜਨੀਤੀ ਨੂੰ ਨਵੇਂ ਸਿਰੇ ਤੋਂ ਹੁਲਾਰਾ ਮਿਲਿਆ। ਨਵਾਬ ਕਪੂਰ ਸਿੰਘ ਨੇ ਇਥੋਂ ਹੀ ਖਾਲਸੇ ਦੇ ਪੰਜ ਜੱਥੇ ਬਿਠਾਏ ਅਤੇ ਹਰ ਜੱਥੇ ਦਾ ਝੰਡਾ ਸ੍ਰੀ ਅਕਾਲ ਤਖ਼ਤ ਉੱਤੇ ਬੁਲੰਦ ਕੀਤਾ ਗਿਆ।

ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਗੁਰਮਤੇ ਸੋਧੇ ਗਏ ਜਿਨ੍ਹਾਂ ਦਾ ਸੁਭਾਅ ਸੁਰੱਖਿਆਤਮਕ ਅਤੇ ਆਕਰਣਮਾਤਮਕ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਖਾਲਸੇ ਨੇ ਦੀਵਾਨ ਸਜਾਏ ਅਤੇ ਇਨ੍ਹਾਂ ਦੀਵਾਨਾਂ ਵਿਚ ਮਹੱਤਵਪੂਰਨ ਰਾਜਨੀਤਕ ਨਿਰਣੇ ਲਏ ਗਏ। ਦੀਵਾਲੀ ਅਤੇ ਵਿਸਾਖੀ ਦੇ ਮੌਕੇ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਖਾਲਸੇ ਲਈ ਵਿਸ਼ੇਸ਼ ਮਹੱਤਵ ਰੱਖਣ ਲੱਗਾ। ਵੱਡੀਆਂ-ਵੱਡੀਆਂ ਮੁਹਿੰਮਾਂ ਦੀਆਂ ਤਿਆਰੀਆਂ ਇਸੇ ਹੀ ਅਸਥਾਨ ਉੱਤੇ ਕੀਤੀਆਂ ਜਾਂਦੀਆਂ ਅਤੇ ਇਸ ਤਰ੍ਹਾਂ ਖਾਲਸੇ ਦੀ ਰਾਜਨੀਤਕ ਜ਼ਿੰਦ-ਜਾਨ ਦਾ ਅਦਾਰਾ ਸ੍ਰੀ ਅਕਾਲ ਤਖ਼ਤ ਸਾਹਿਬ ਇਕ ਅਦਭੁੱਤ ਇਤਿਹਾਸਕ ਅਸਥਾਨ ਬਣਿਆ। ਅਸਲ ਵਿਚ 18ਵੀਂ ਸਦੀ ਦੇ ਅੰਤ ਵਿਚ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਇਸ ਅਦਾਰੇ ਦਾ ਮਹੱਤਵ ਘਟਿਆ ਪਰੰਤੂ ਸਿੱਖਾਂ ਦੇ ਦਿਲਾਂ ਵਿਚ ਇਸ ਦੀ ਅਰਾਧਨਾ ਤੇ ਸਤਿਕਾਰ ਸਦੀਵੀਂ ਬਣਿਆ ਰਿਹਾ। ਅਜੋਕੇ ਸਮੇਂ ਵਿਚ ਵੀ ਸ੍ਰੀ ਅਕਾਲ ਤਖ਼ਤ ਸਿੱਖਾਂ ਦੀ ਅਤਿਅੰਤ ਉੱਤਮ ਅਧਿਆਤਮਕਤਾ ਵਾਲੀ ਰਾਜਨੀਤਕ ਭਾਵਨਾ ਦਾ ਪ੍ਰਤੀਕ, ਸਤਿਕਾਰਯੋਗ ਅਦਾਰਾ ਹੈ।

## ਕੌਂਸਲਰ ਜੈਫ ਬੋਮੈਨ ਨੇ ਐਲਆਰਟੀ ਖਿਲਾਫ ਵੋਟ ਪਾ ਕੇ ਬਰੈਂਪਟਨ ਸ਼ਹਿਰ ਦਾ ਵੱਡਾ ਨੁਕਸਾਨ ਕੀਤਾ : ਹੰਸਰਾ

ਹੈ ਕਿ ਕਬੱਡੀ ਟੂਰਨਾਮੈਂਟ ਕਰਵਾਉਣ ਲਈ ਸਾਡੀਆਂ ਖੇਡ ਕਲੱਬਾਂ ਨੂੰ ਕੁਝ ਘੰਟਿਆਂ ਦਾ 12 ਹਜ਼ਾਰ ਡਾਲਰ ਕਿਰਾਇਆ ਅਤੇ 20 ਹਜ਼ਾਰ ਦੇ ਕਰੀਬ ਪੁਲੀਸ ਸਕਿਊਰਟੀ ਲਈ ਖਰਚਣਾ ਪੈਂਦਾ ਹੈ।

ਹਰਪ੍ਰੀਤ ਸਿੰਘ ਹੰਸਰਾ ਨੇ ਹਰ ਥਾਂ ਜਾ ਕੇ ਇਹੀ ਗੱਲ ਉਤੇ ਜ਼ੋਰ ਦਿੱਤਾ ਹੈ ਕਿ ਉਹ ਕਦੇ ਵੀ ਧੜੇਬੰਦੀ ਵਿੱਚ ਪੈ ਕੇ ਵੋਟ ਨਹੀਂ ਪਾਵੇਗਾ। ਉਹ ਬਰੈਂਪਟਨ ਸ਼ਹਿਰ ਦੇ ਪੱਖ ਵਿੱਚ ਟੈਕਸ ਦਾਤਿਆਂ ਨੂੰ ਆਪਣੇ ਚੇਤਿਆਂ ਵਿੱਚ ਵਸਾ ਕੇ ਕੌਂਸਲ ਵਿੱਚ ਆਪਣੀ ਸ਼ਕਤੀ ਦਾ ਇਸਤੇਮਾਲ ਕਰੇਗਾ।

ਹਰਪ੍ਰੀਤ ਸਿੰਘ ਹੰਸਰਾ ਨੇ ਕਿਹਾ ਕਿ 13 ਅਕਤੂਬਰ ਨੂੰ ਅਡਵਾਂਸ ਪੋਲ ਅਤੇ ਬਾਅਦ ਵਿੱਚ 22 ਅਕਤੂਬਰ ਆਮ ਚੋਣਾਂ ਵਿੱਚ ਵੋਟਾਂ ਪਾਉਣ ਵੇਲੇ ਹਰ ਵੋਟਰ ਉਪਰੋਤਕ ਤੱਥਾਂ ਨੂੰ ਧਿਆਨ ਵਿੱਚ ਰੱਖ ਕੇ ਵੋਟ ਪਾਵੇ ਨਹੀਂ ਤਾਂ ਤੁਸੀ ਟੈਕਸ ਦਾਤੇ ਬਣ ਕੇ ਟੈਕਸ ਦੇਈ ਜਾਵੋਂਗੇ ਤੇ ਇਹ ਲੋਕ ਗਲਤ ਫੈਸਲੇ ਕਰਕੇ ਤੁਹਾਡੇ ਦਿੱਤੇ ਪੈਸਿਆਂ ਦੇ ਗੁਲਛਰਲੇ ਉਡਾਈ ਜਾਣਗੇ। ਹਰਪ੍ਰੀਤ ਸਿੰਘ ਹੰਸਰਾ ਨੇ ਕਿਹਾ ਕਿ ਕੋਈ ਵੀ ਸ਼ਹਿਰ ਵਾਸੀ ਉਨਾਂ ਨਾਲ ਸਿੱਧਾ ਸੰਪਰਕ ਕਰਨ ਲਈ ਫੋਨ ਨੰ. 617-914-4740 ਉਤੇ ਕਾਲ ਕਰ ਸਕਦਾ ਹੈ।

## ਸਾਹ ਲੈ ਮੌਤੇ ਕਾਹਲੀਏ ਮੈਂ ਅਜੇ ਨਾ ਵਿਹਲੀ...

ਬਜ਼ੁਰਗ ਜੋੜੀ ਥੋੜ੍ਹਾਂ ਸਮਾਂ ਪਹਿਲਾਂ ਹੀ ਜਹਾਨੋਂ ਗਈ ਹੈ। ਹਰਰੰਗਪੁਰਾ ਦਾ ਭਗਵਾਨ ਸਿੰਘ 111 ਵਰ੍ਹਿਆਂ ਦਾ ਸੀ ਜਦੋਂ ਕਿ ਉਸ ਦੀ ਪਤਨੀ ਧੰਨ ਕੌਰ ਦੀ ਉਮਰ ਉਸ ਤੋਂ ਜ਼ਿਆਦਾ ਸੀ। ਦੋਵੇਂ ਮੀਆਂ-ਬੀਵੀ ਇਸ ਵਰ੍ਹੇ ਗੁਜ਼ਰ ਗਏ ਹਨ। ਗੁਰਦਾਸਪੁਰ ਦੇ ਕਾਦੀਆਂ ਹਲਕੇ ਦਾ ਫ਼ਤਿਹ ਸਿੰਘ ਵੀ ਇਸ ਵੇਲੇ 111 ਵਰ੍ਹਿਆਂ ਦਾ ਹੈ। ਹਰ ਵਰ੍ਹੇ ਏਦਾ ਦੇ ਬਜ਼ੁਰਗ ਭਰਿਆ ਸੰਸਾਰ ਛੱਡ ਕੇ ਜਾ ਰਹੇ ਹਨ। ਪੰਜਾਬ ਵਿਚ ਜੋ ਆਜ਼ਾਦੀ ਤੋਂ ਥੋੜ੍ਹੀ ਵੱਡੀ ਉਮਰ ਦੇ ਬਜ਼ੁਰਗ ਹਨ ਉਨ੍ਹਾਂ ਦੀ ਗਿਣਤੀ 4.88 ਲੱਖ ਬਣਦੀ ਹੈ, ਜਿਨ੍ਹਾਂ ਵਿਚ 2.46 ਲੱਖ ਬਜ਼ੁਰਗ ਪੁਰਸ਼ ਅਤੇ 2.42 ਲੱਖ ਔਰਤਾਂ ਹਨ। ਇਨ੍ਹਾਂ ਬਜ਼ੁਰਗਾਂ ਦਾ ਜਨਮ ਵੰਡ ਦੌਰਾਨ ਜਾਂ ਫਿਰ ਵੰਡ ਦੇ ਨੇੜੇ ਹੋਇਆ। ਪੰਜਾਬ ਦੇ ਹਰ ਜ਼ਿਲ੍ਹੇ ਵਿਚ ਵਡੇਰੇ ਉਮਰ ਦੇ ਬਜ਼ੁਰਗ ਹਨ। ਪੰਚਾਇਤ ਯੂਨੀਅਨ ਦੇ ਸਾਬਕਾ ਆਗੂ ਬਲਦੇਵ ਸਿੰਘ ਝੰਡੂਕੇ ਦਾ ਕਹਿਣਾ ਸੀ ਕਿ ਮਾਲਵੇ ਵਿਚ ਤਾਂ ਰਵਾਇਤ ਹੈ ਕਿ ਜਦੋਂ ਵੀ ਕੋਈ ਬਜ਼ੁਰਗ ਲੰਮੀ ਉਮਰ ਭੋਗ ਕੇ ਸਰੀਰ ਛੱਡਦਾ ਹੈ, ਤਾਂ ਉਸ ਦੇ ਭੋਗ ਸਮਾਗਮਾਂ 'ਤੇ ਮਠਿਆਈ ਪਕਾਈ ਜਾਂਦੀ ਹੈ।

16 ਹਜ਼ਾਰ ਤੋਂ ਵੱਧ ਹਨ ਪ੍ਰਕਾਸ਼ ਸਿੰਘ ਬਾਦਲ ਦੇ ਹਾਣੀ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਵਿਰੋਧੀਆਂ ਨੂੰ ਇਹ ਖਬਰ ਨਾ-ਖੁਸ਼ਗਵਾਰ ਲੱਗ ਸਕਦੀ ਹੈ ਕਿ ਉਮਰ ਦੇ ਲਿਹਾਜ਼ ਨਾਲ ਪੰਜਾਬ ਵਿਚ ਉਨ੍ਹਾਂ ਦੇ ਹਾਣੀਆਂ ਦੀ ਗਿਣਤੀ 16 ਹਜ਼ਾਰ ਤੋਂ ਵੀ ਵੱਧ ਹੈ। ਪ੍ਰਕਾਸ਼ ਸਿੰਘ ਬਾਦਲ ਆਪਣੀ ਵਡੇਰੀ ਉਮਰ ਕਾਰਨ ਅਕਸਰ ਹੀ ਚਰਚਾ ਵਿਚ ਰਹਿੰਦੇ ਹਨ। ਉਨ੍ਹਾਂ ਦੀ ਉਮਰ 93 ਸਾਲ ਹੈ। ਅੰਕੜਿਆਂ ਮੁਤਾਬਕ ਬਾਦਲ ਦੀ ਉਮਰ ਦੇ ਇਸ ਵੇਲੇ ਪੰਜਾਬ ਵਿਚ 16,277 ਬਜ਼ੁਰਗ (ਪੁਰਸ਼) ਹਨ। ਸਾਬਕਾ ਮੁੱਖ ਮੰਤਰੀ ਬਾਦਲ ਨੇ ਪਟਿਆਲਾ ਰੈਲੀ ਦੀ ਤਿਆਰੀ ਦੌਰਾਨ ਆਪਣੀ ਉਮਰ ਦੀ ਗੱਲ ਨੂੰ ਬਹੁਤ ਉਭਾਰਿਆ ਸੀ। ਉਨ੍ਹਾਂ ਤਕਰੀਬਨ ਹਰ ਮੀਟਿੰਗ ਵਿਚ ਆਖਿਆ ਕਿ ਉਹ 93 ਵਰ੍ਹਿਆਂ ਦਾ ਹੋ ਕੇ ਤਿਆਰੀ ਵਿਚ ਜੁਟਿਆ ਹੋਇਆ ਹੈ, ਕਿਉਂਕਿ ਕਾਂਗਰਸ ਸਰਕਾਰ ਨੇ ਵੋਟ ਦਾ ਹੱਕ ਵੀ ਪੰਜਾਬੀਆਂ ਤੋਂ ਖੋਹ ਲਿਆ ਹੈ। ਹਾਸੇ-ਹਾਸੇ ਵਿਚ ਵੀ ਬਾਦਲ ਕਈ ਦਫ਼ਾ ਆਖ ਚੁੱਕੇ ਹਨ ਕਿ ਉਹ ਤਾਂ ਹਾਲੇ ਜਵਾਨ ਹਨ।

## ਪੰਜਾਬੀ ਸ਼ਾਇਰ ਗੁਰਚਰਨ ਰਾਮਪੁਰੀ ਦਾ ਦੇਹਾਂਤ

ਵੈਨਕੂਵਰ ਦੇ ਸਾਹਿਤਕ ਵਿਚਾਰ ਮੰਚ ਦੇ ਲੇਖਕ ਦੋਸਤਾਂ ਨਾਲ ਰਲ ਕੇ ਪੰਜਾਬੀ ਬੋਲੀ, ਪੰਜਾਬ ਤੇ ਪੰਜਾਬੀ ਕਵਿਤਾ ਦਾ ਅਲੰਬਰਦਾਰ ਰਿਹਾ। ਉਸ ਦਾ ਕੋਕਿਟਲਮ (ਵੈਨਕੂਵਰ) ਸਥਿਤ ਘਰ ਸਾਹਿਤਕਾਰਾਂ ਦੀ ਸੱਥ ਵਾਂਗ ਸੀ। ਮੀਡੀਆ ਨੂੰ ਇਸ ਬਾਰੇ ਜਾਣਕਾਰੀ ਦਿੰਦਿਆਂ ਡਾ. ਸੁਰਿੰਦਰ ਗਿੱਲ ਨੇ ਦੱਸਿਆਂ ਕਿ ਪਤਨੀ ਦੀ ਬੇਵਕਤੀ ਮੌਤ ਅਤੇ ਔਲਾਦ ਦੇ ਵਿਆਹੇ ਜਾਣ ਪਿੱਛੋਂ ਗੁਰਚਰਨ ਰਾਮਪੁਰੀ ਇਥੇ ਇਕੱਲਾ ਹੀ ਰਹਿ ਰਿਹਾ ਸੀ। ਪਿਛਲੇ ਕੁਝ ਸਾਲਾਂ ਤੋਂ ਬਿਮਾਰੀ ਕਾਰਨ ਉਹ ਵ੍ਹੀਲ ਚੇਅਰ 'ਤੇ ਸੀ।

## ਯੂਐਸ ਗੋਲਡ ਮੈਡਲ ਦੇਣ ਦੇ ਮਤੇ ਦਾ ਤਿੱਖਾ ਵਿਰੋਧ

ਦੇ ਜਿਨਸੀ ਸ਼ੋਸ਼ਣ ਦੇ ਦੋਸ਼ ਬਹੁਤ ਸਾਰੇ ਇਤਿਹਾਸਕਾਰਾਂ ਤੇ ਵਿਦਵਾਨਾਂ ਨੇ ਗਾਂਧੀ ਉਤੇ ਲਿਖਤੀ ਰੂਪ ਵਿਚ ਲਗਾਏ ਹਨ। ਉਸ ਦੇ ਨਸਲੀ ਸਮਾਨਤਾ ਅਤੇ ਅਹਿੰਸਾ ਬਾਰੇ ਪੈਂਤੜੇ ਵਿਚ ਵੀ ਬਹੁਤ ਸਾਰੇ ਅਪਵਾਦ ਦੇਖਣ ਨੂੰ ਮਿਲੇ ਹਨ। ਵੱਖ-ਵੱਖ ਮੌਕਿਆਂ ਉਤੇ ਉਹ ਅਹਿੰਸਾ ਦੀ ਮਨ ਮਾਫਕ ਵਿਆਖਿਆ ਕਰਦਾ ਰਿਹਾ ਹੈ। ਮਸਲਨ ਉਹ ਕਦੇ ਦੂਜੀ ਸੰਸਾਰ ਜੰਗ ਵਿਚ ਅੰਗਰੇਜ਼ਾਂ ਦੀ ਮਦਦ ਕਰਨ ਲਈ ਖੁਦ ਭਾਰਤੀ ਨੌਜਵਾਨਾਂ ਨੂੰ ਫੌਜ ਵਿਚ ਭਰਤੀ ਹੋਣ ਦੀਆਂ ਅਪੀਲਾਂ ਕਰਦਾ ਹੈ ਤੇ ਕਦੇ ਭਾਰਤ ਵਿਚ ਨਸਲੀ ਵਿਤਕਰੇ ਤੇ ਰੰਗ-ਭੇਦ ਦਾ ਸਮਾਨਅਰਥ ਬਣ ਚੁੱਕੀ ਸਦੀਆਂ ਪੁਰਾਣੀ ਜਾਤਪਾਤੀ ਪ੍ਰਣਾਲੀ ਦੇ ਹੱਕ ਵਿਚ ਵੱਡੇ-ਵੱਡੇ ਲੈਕਚਰ ਦਿੰਦਾ ਰਿਹਾ ਹੈ। ਇਸ ਕਰਕੇ ਉਹ ਅਹਿੰਸਾ, ਆਦਰਯੋਗ ਅਧਿਕਾਰਾਂ ਜਾਂ ਧਾਰਮਿਕ ਆਜ਼ਾਦੀ ਲਈ ਆਦਰਸ਼ ਨਹੀਂ ਹੈ। ਇਸੇ ਕਰਕੇ 5 ਵਾਰ ਨੋਬਲ ਇਨਾਮ ਲਈ ਨਾਮਜ਼ਦ ਵਿਅਕਤੀਆਂ ਦੀ ਸੂਚੀ ਵਿਚ ਸ਼ਾਮਲ ਹੋਣ ਦੇ ਬਾਵਜੂਦ ਗਾਂਧੀ ਦੇ ਨਾਂ ਨੂੰ ਨੋਬਲ ਸ਼ਾਂਤੀ ਇਨਾਮ ਕਮੇਟੀ ਦੁਆਰਾ ਨਾ-ਮਨਜ਼ੂਰ ਕੀਤਾ ਗਿਆ ਸੀ।

ਗਾਂਧੀ ਦਾ ਇਤਿਹਾਸ ਨਫ਼ਰਤ, ਨਸਲਵਾਦ ਅਤੇ ਔਰਤਾਂ ਦੇ ਜਿਨਸੀ ਸ਼ੋਸ਼ਣ ਦਾ ਹੈ। ਇਨਾਂ ਘਟਨਾਵਾਂ ਦਾ ਵਰਨਣ ਗਾਂਧੀ ਦੇ ਨਾਮ ਨੂੰ ਅਮਰੀਕਨ ਕਾਂਗਰਸ ਦੇ ਉਕਤ ਮਾਣਯੋਗ ਪੁਰਸਕਾਰ ਲਈ ਵਿਚਾਰਨ ਦੇ ਵਿਰੋਧ ਵਿਚ ਲਿਖੀ ਗਈ ਚਿੱਠੀ ਵਿਚ ਵਾਰ-ਵਾਰ ਕੀਤਾ ਗਿਆ ਹੈ। ਇਸ ਚਿੱਠੀ ਵਿਚ ਬਹੁਤ ਸਾਰੇ ਲੇਖਕਾਂ ਦੀਆਂ ਮਸ਼ਹੂਰ ਕਿਤਾਬਾਂ, ਲੇਖ ਅਤੇ ਬੀਬੀਸੀ ਸਣੇ ਵਕਾਰੀ ਮੀਡੀਆ ਅਦਾਰਿਆਂ ਦੀਆਂ ਅਖਬਾਰੀ ਰਿਪੋਰਟਾਂ ਦਾ ਵਿਸਥਾਰ ਵਿਚ ਵਰਨਣ ਕੀਤਾ ਗਿਆ ਹੈ ਜਿਨਾਂ ਵਿਚ ਗਾਂਧੀ ਨੂੰ ਸਬੂਤਾਂ ਨਾਲ ਬੇਨਕਾਬ ਕੀਤਾ ਗਿਆ ਹੈ। ਇਕ ਲੇਖਕ, ਲਿੰਗਕ ਬਰਾਬਰੀ ਦੀ ਕਾਰਜਕਰਤਾ ਅਤੇ ਭਾਰਤ ਵਿਚ ਨਸਲਕੁਸ਼ੀ ਖਤਮ ਕਰਨ ਲਈ ਮੁਹਿੰਮ ਦੀ ਸੰਸਥਾਪਕ ਰੀਟਾ ਬੈਨਰਜੀ ਦੇ 4 ਸਤੰਬਰ 2013 ਨੂੰ ਲਿਖੇ ਇਕ ਲੇਖ ਦਾ ਵੀ ਹਵਾਲਾ ਦਿੱਤਾ ਗਿਆ ਹੈ। ਰੀਟਾ ਬੈਨਰਜੀ ਨੇ ਪੁਸਤਕ 'ਸੈਕਸ ਐਂਡ ਪਾਵਰ: ਡਿਫਾਈਨਿੰਗ ਹਿਸਟਰੀ ਸ਼ੇਪਿੰਗ ਸੋਸਾਇਟੀਜ਼', ਇਕ ਇਤਿਹਾਸਿਕ ਅਤੇ ਸਮਾਜਿਕ ਨਜ਼ਰੀਏ ਤੋਂ ਲਿਖੀ ਹੈ ਕਿ ਕਿਵੇਂ ਭਾਰਤ ਵਿਚ ਲਿੰਗਕ ਸ਼ੋਸ਼ਣ ਅਤੇ ਸੱਤਾ ਸ਼ਕਤੀ ਦਾ ਖੇਲ ਚੱਲਦਾ ਹੈ। ਭਾਰਤੀ ਲੋਕਾਂ ਬਾਰੇ ਲੇਖਿਕਾ ਦਾ ਕਹਿਣਾ ਹੈ ਕਿ, ਇਹ ਅਜੀਬ ਗੱਲ ਹੈ ਕਿ ਉਹ ਬਾਪੂ ਗਾਂਧੀ ਨਾਲ ਕਿੰਨਾ ਪਿਆਰ ਕਰਦੇ ਹਨ ਪਰ ਇਕ ਹੋਰ ਬਾਪੂ ਆਸਾਰਾਮ ਬਾਰੇ ਕਿਵੇਂ ਦੀਆਂ ਗੱਲਾਂ ਕਰਦੇ ਹਨ, ਜਿਸ ਨੂੰ ਹਾਲ ਹੀ ਵਿਚ ਆਪਣੇ ਇਕ ਸ਼ਰਧਾਲੂ ਦੀ 15 ਸਾਲ ਦੀ ਬੇਟੀ ਦੀ ਕੁੱਟਮਾਰ ਕਰਨ ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਲੇਖਿਕਾ ਦਾ ਮੰਨਣਾ ਹੈ ਕਿ ਗਾਂਧੀ ਅਤੇ ਆਸਾਰਾਮ ਦੋਵਾਂ ਨੇ ਹੀ ਉਨਾਂ ਲੋਕਾਂ ਦਾ ਸ਼ੋਸ਼ਣ ਕੀਤਾ, ਜਿਨਾਂ ਨੇ ਉਨਾਂ ਨੂੰ ਸੰਤ ਜਾਂ ਰੂਹਾਨੀ ਗਾਈਡ ਦੇ ਤੌਰ 'ਤੇ ਸਮਝਿਆ ਅਤੇ ਉਹਨਾਂ ਨੂੰ ਬਾਪੂ ਜਾਂ "ਪਿਤਾ ਕਿਹਾ। ਗਾਂਧੀ ਅਤੇ ਆਸਾਰਾਮ ਦੋਵਾਂ ਨੇ ਲਿੰਗ ਅਤੇ ਜਿਨਸੀ ਇੱਛਾ ਨੂੰ ਗੁਨਾਹ ਵਜੋਂ ਵਰਤਿਆ।

ਗਾਂਧੀ ਦੇ ਅੰਤਰਰਾਸ਼ਟਰੀ ਸ਼ਾਂਤੀ ਅੰਦੋਲਨ ਦੇ ਵੀ ਬਹੁਤ ਸਾਰੇ ਆਲੋਚਕ ਹਨ। ਨੋਬਲ ਕਮੇਟੀ ਦੇ ਸਲਾਹਕਾਰਾਂ ਸਮੇਤ ਇਨਾਂ ਅਲੋਚਕਾਂ ਦਾ ਮੰਨਣਾ ਹੈ ਕਿ ਗਾਂਧੀ ਹਮੇਸ਼ਾ ਸ਼ਾਂਤੀ ਦੇ ਮੁਦਈ ਨਹੀਂ ਰਹੇ ਸਨ। ਉਸ ਦੇ ਅਹਿੰਸਕ ਅੰਦੋਲਨਾਂ ਦੌਰਾਨ ਵੀ ਅਜਿਹਾ ਕੁਝ ਪਹਿਲੀ ਅਸਹਿਯੋਗ ਮੁਹਿੰਮ ਦੌਰਾਨ ਕੀਤਾ ਗਿਆ। ਸੰਨ 1920 ਅਤੇ ਸੰਨ 1921 ਵਿਚ ਜਦੋਂ ਚੌਰਾ-ਚੌਰੀ ਦੇ ਸਥਾਨ ਉਤੇ ਭੀੜ ਨੇ ਪੁਲਿਸ ਸਟੇਸ਼ਨ 'ਤੇ ਹਮਲਾ ਕੀਤਾ, ਉਸ ਦੀ ਰਿਪੋਰਟ ਵਿਚ ਵੀ ਪ੍ਰੋਫੈਸਰ ਵਰਮ-ਮਸਲਰ ਨੇ ਗਾਂਧੀ ਦੇ ਆਦਰਸ਼ਾਂ ਬਾਰੇ ਸ਼ੰਕੇ ਪ੍ਰਗਟ ਕੀਤੇ ਸਨ।

ਇਸੇ ਤਰਾਂ ਗਾਂਧੀ ਦਾ ਦੱਖਣੀ ਅਫ਼ਰੀਕਾ ਵਿਚਲਾ ਸੰਘਰਸ਼ ਸਿਰਫ਼ ਭਾਰਤੀ ਲੋਕਾਂ ਲਈ ਹੀ ਸੀ, ਨਾ ਕਿ ਸਮੂਹ ਕਾਲੇ ਲੋਕਾਂ ਦੇ ਹੱਕਾਂ ਵਾਸਤੇ।

ਗਾਂਧੀ ਦੀ ਇਕ ਪ੍ਰਾਰਥਨਾ ਮੀਟਿੰਗ ਦਾ ਵੀ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ, ਜਿਸ ਵਿਚ ਗਾਂਧੀ ਨੇ ਯੁੱਧ ਬਾਰੇ ਇਕ ਬਿਆਨ ਦਿੱਤਾ ਸੀ। ਇਕ ਅਖਬਾਰ ਦੀ ਰਿਪੋਰਟ ਮੁਤਾਬਕ ਗਾਂਧੀ ਨੇ ਇਕ ਰਾਤ ਨੂੰ ਆਪਣੀ ਪ੍ਰਾਰਥਨਾ ਸਭਾ ਵਿਚ ਕਿਹਾ ਸੀ ਕਿ ਹਾਲਾਂਕਿ ਉਸ ਨੇ ਹਮੇਸ਼ਾ ਹੀ ਸਾਰੀਆਂ ਜੰਗਾਂ ਦਾ ਵਿਰੋਧ ਕੀਤਾ ਹੈ ਪਰ ਪਾਕਿਸਤਾਨ ਤੋਂ ਇਨਸਾਫ ਹਾਸਲ ਕਰਨ ਦਾ ਕੋਈ ਹੋਰ ਤਰੀਕਾ ਹੀ ਨਹੀਂ ਸੀ। ਭਾਰਤੀ ਕੇਂਦਰੀ ਸਰਕਾਰ ਨੂੰ ਯੁੱਧ ਵਿਚ ਜਾਣਾ ਹੀ ਪੈਣਾ ਸੀ। ਉਨਾਂ ਕਿਹਾ ਕਿ ਕੋਈ ਵੀ ਲੜਾਈ ਨਹੀਂ ਚਾਹੁੰਦਾ ਪਰ ਉਹ ਕਿਸੇ ਨਾਲ ਬੇਇਨਸਾਫ਼ੀ ਕਰਨ ਦੀ ਸਲਾਹ ਵੀ ਨਹੀਂ ਦੇ ਸਕਦੇ।

ਪੰਜ ਵੱਖੋ-ਵੱਖਰੇ ਮੌਕਿਆਂ ਕ੍ਰਮਵਾਰ ਸੰਨ 1937, ਸੰਨ 1938, ਸੰਨ 1939, ਸੰਨ1947 ਅਤੇ ਸੰਨ1948 ਵਿਚ ਗਾਂਧੀ ਨੂੰ ਨੋਬਲ ਪੁਰਸਕਾਰ ਨਾ ਦੇਣ ਦੇ ਕਾਰਨ ਨੋਬਲ ਪੁਰਸਕਾਰ ਕਮੇਟੀ ਦੇ ਹਵਾਲੇ ਨਾਲ ਦੱਸੇ ਗਏ ਹਨ। ਮਨੋਵਿਗਿਆਨੀ ਅਤੇ ਵਿਦਵਾਨ ਸੁਧੀਰ ਕੱਕੜ ਲਿਖਦੇ ਹਨ , ਇਹਨਾਂ ਪ੍ਰਯੋਗਾਂ ਦੌਰਾਨ ਮਹਾਤਮਾ ਵੱਲੋਂ ਆਪਣੀ ਹੀ ਭਾਵਨਾ 'ਤੇ ਫੋਕਸ ਕੀਤਾ ਗਿਆ ਸੀ, ਜਦਕਿ ਇਸ ਪ੍ਰਯੋਗ ਵਿਚ ਸ਼ਾਮਲ ਔਰਤਾਂ ਲਈ ਇਸ ਦੇ ਨਿਕਲਣ ਵਾਲੇ ਨਤੀਜਿਆਂ ਦੀ ਅਣਦੇਖੀ ਕੀਤੀ ਗਈ। ਗਾਂਧੀ ਦੀ ਇਕ ਭਤੀਜੀ ਮਨੂਬੇਨ ਦੀਆਂ ਨਿੱਜੀ ਡਾਇਰੀਆਂ ਦਾ ਜ਼ਿਕਰ ਵੀ ਹੈ ਜਿਸ ਵਿਚ ਮਨੂਬੇਨ 'ਬ੍ਰਹਮਚਾਰਿਆ' ਦੇ ਇਮਤਿਹਾਨ ਵਾਲੇ ਪ੍ਰਯੋਗ ਵਿਚ ਗਾਂਧੀ ਦੀ ਨੀਅਤ ਉਤੇ ਸ਼ੱਕ ਪ੍ਰਗਟ ਕਰਦੀ ਹੋਈ ਗੰਭੀਰ ਇਲਜ਼ਾਮ ਲਗਾਉਂਦੀ ਹੈ।

ਆਪਣੀ ਜ਼ਿੰਦਗੀ ਦੌਰਾਨ ਗਾਂਧੀ ਨੇ ਦੂਜੀ ਵਿਸ਼ਵ ਜੰਗ ਸਮੇਤ ਹੋਰ ਵੀ ਕਈ ਜੰਗਾਂ ਨੂੰ ਸਮਰਥਨ ਦਿੱਤਾ। ਬੰਬਈ ਦੀ ਬਗ਼ਾਵਤ, ਪਹਿਲਾ ਵਿਸ਼ਵ ਯੁੱਧ , ਦੂਜਾ ਵਿਸ਼ਵ ਯੁੱਧ ਅਤੇ ਕਸ਼ਮੀਰ ਵਿਚ ਭਾਰਤ ਦੇ ਫ਼ੌਜੀ ਦਖਲ ਇਸ ਵਿਚ ਸ਼ਾਮਲ ਹਨ। ਹੈਦਰਾਬਾਦ ਅਤੇ ਜੂਨਾਗੜ ਵਿਚ ਉਸ ਨੇ ਪਹਿਲੇ ਬਸਤੀਵਾਦੀ ਯੁੱਧ ਲਈ ਬ੍ਰਿਟਿਸ਼ ਫੌਜ ਵਿਚ ਭਰਤੀ ਕਰਵਾਉਣ ਵਾਸਤੇ ਵਾਲੰਟੀਅਰ ਦੇ ਤੌਰ ਉਤੇ ਕੰਮ ਕੀਤਾ।

ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗਾਂਧੀ ਨੇ ਅਹਿੰਸਾ ਨੂੰ ਪਿਆਰ ਕਰਨ ਦਾ ਦਾਅਵਾ ਕਿਵੇਂ ਕੀਤਾ। ਉਸ ਨੇ ਆਪਣੇ ਜੀਵਨ ਕਾਲ ਦੇ ਹਰ ਵੱਡੇ ਯੁੱਧ ਦਾ ਸਮਰਥਨ ਕੀਤਾ। ਇਸ ਕਰਕੇ ਨਿਸ਼ਚਿਤ ਤੌਰ 'ਤੇ ਉਸ ਨੂੰ ਨੋਬਲ ਇਨਾਮ ਤੋਂ ਇਨਕਾਰ ਕੀਤਾ ਗਿਆ।

ਰੀਤਾ ਬੈਨਰਜੀ ਦੁਆਰਾ ਅਕਤੂਬਰ-2013 ਵਿਚ ਲਿਖਿਆ ਗਿਆ ਕਿ, ਗਾਂਧੀ ਦੇ ਆਸ਼ਰਮ ਵਿਚ ਬਹੁਤ ਸਾਰੀਆਂ ਜਵਾਨ ਔਰਤਾਂ ਰਹਿੰਦੀਆਂ ਸਨ, ਉਨਾਂ ਵਿਚੋਂ ਇਕ, ਉਸ ਦੀ ਆਪਣੀ ਹੀ ਭਤੀਜੀ (ਮਨੂ ਬੇਨ ਗਾਂਧੀ), ਨੂੰ ਉਸ ਨੇ ਰਾਤ ਨੂੰ ਆਪਣੇ ਬਿਸਤਰੇ ਵਿਚ ਨਿਰ-ਵਸਤਰ ਕੀਤਾ। ਰੀਤਾ ਅਨੁਸਾਰ ਇਹ ਗਾਂਧੀ ਦਾ ਇੱਕ ਅਜਿਹਾ ਪਹਿਲੂ ਸੀ, ਜਿਸ ਬਾਰੇ, "ਮੈਂ ਪਹਿਲਾਂ ਪੜਿਆ ਨਹੀਂ ਸੀ। ਇਸ ਨੇ ਮੈਨੂੰ ਪਹਿਲੀ ਵਾਰ ਹੈਰਾਨ ਕਰ ਦਿੱਤਾ। ਮੈਂ ਕਿਤਾਬ ਸੈਕਸ ਐਂਡ ਪਾਵਰ ਲਈ ਖੋਜ ਕਰ ਰਹੀ ਸੀ। ਮੇਰਾ ਸ਼ੁਰੂਆਤੀ ਝੁਕਾਅ ਇਸ ਨੂੰ 'ਗੱਪ' ਸਮਝਣ ਦਾ ਸੀ ਪਰ ਫਿਰ ਕੁਝ ਜੀਵਨੀਆਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਗਈਆਂ। ਗਾਂਧੀ ਦੀ ਇਹ ਤਸਵੀਰ ਮੈਨੂੰ ਪਰੇਸ਼ਾਨ ਕਰਦੀ ਹੈ ਕਿ ਮੈ ਉਸ ਨੂੰ ਜਿਨਸੀ ਸ਼ਿਕਾਰੀ ਦੀ ਇਕ ਸ਼ਾਨਦਾਰ ਉਦਾਹਰਨ ਦੇ ਤੌਰ ਤੇ ਦੇਖਿਆ, ਇਕ ਅਜਿਹਾ ਵਿਅਕਤੀ ਜੋ ਆਪਣੀ ਸਿਆਸੀ ਸ਼ਕਤੀ ਦੀ ਨੂੰ ਇਸ ਤਰਾਂ ਵਰਤਦਾ ਹੈ।

ਉਹ ਅੱਗੇ ਲਿਖਦੀ ਹੈ ਕਿ, "ਕੁਝ ਅਖ਼ਬਾਰਾਂ ਦੇ ਹਵਾਲਿਆਂ ਤੋਂ ਮੈਨੂੰ ਇਹ ਵਿਸ਼ਵਾਸ ਹੋ ਜਾਂਦਾ ਹੈ ਕਿ ਗਾਂਧੀ ਸ਼ਾਇਦ ਭਾਰਤੀ ਬ੍ਰਹਮਚਾਰਿਆ ਦੇ ਰਵਾਇਤੀ ਰੂਪ ਦਾ ਹੀ ਅਭਿਆਸ ਕਰ ਰਹੇ ਸਨ। ਇਸ ਤਰਾਂ ਇਹ ਸਾਰੇ ਹਵਾਲੇ ਹਿਕ ਵਾਰ ਮੁੜ ਦੁਨੀਆ ਭਰ ਦੀ ਨਜ਼ਰ ਹੋ ਰਹੇ ਹਨ ਤੇ ਗਾਂਧੀ ਮੁੜ ਬੇਨਕਾਬ ਹੋ ਰਹੇ ਹਨ।

# ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਆਲਮੀ ਪੱਧਰ 'ਤੇ ਮਨਾਉਣ ਦਾ ਐਲਾਨ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਸਰਕਾਰ ਵੱਲੋਂ ਅਗਲੇ ਸਾਲ ਆਉਣ ਵਾਲੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਵਾਂ ਪ੍ਰਕਾਸ਼ ਦਿਹਾੜਾ ਸੰਸਾਰ ਪੱਧਰ ਉੱਤੇ ਮਨਾਇਆ ਜਾਵੇਗਾ। ਇਹ ਫੈਸਲਾ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੀ ਅਗਵਾਈ ਹੇਠ ਉੱਚ ਪੱਧਰੀ ਕੌਮੀ ਅਮਲ ਕਮੇਟੀ (ਐੱਨਆਈਸੀ) ਵੱਲੋਂ ਕੀਤਾ ਗਿਆ ਹੈ। ਮੀਟਿੰਗ ਤੋਂ ਬਾਅਦ ਫੈਸਲੇ ਬਾਰੇ ਸੱਭਿਆਚਾਰਕ ਮਾਮਲਿਆਂ ਦੇ ਕੇਂਦਰੀ ਮੰਤਰੀ ਮਹੇਸ਼ ਸ਼ਰਮਾ ਨੇ ਜਾਣਕਾਰੀ ਪੱਤਰਕਾਰਾਂ ਨਾਲ ਸਾਂਝੀ ਕੀਤੀ। ਸ੍ਰੀ ਸ਼ਰਮਾ ਨੇ ਦੱਸਿਆ ਕਿ ਦੇਸ਼ ਵਿਚ ਵਿਸ਼ੇਸ਼ ਸਮਾਗਮ ਕਰਵਾਏ ਜਾਣਗੇ ਤੇ ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦਾ 550 ਵਾਂ ਪ੍ਰਕਾਸ਼ ਪੁਰਬ ਵਿਸ਼ਵ ਦੇ ਵੱਖ-ਵੱਖ ਖਿੱਤਿਆਂ ਵਿਚ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਕਾਰਜ ਲਈ ਲੋੜੀਂਦੇ ਫੰਡ ਕੇਂਦਰ ਵੱਲੋਂ ਦਿੱਤੇ ਜਾਣਗੇ। ਸਰਕਾਰ ਵੱਲੋਂ ਪਹਿਲਾਂ ਹੀ ਫ਼ੈਸਲਾ ਕੀਤਾ ਜਾ ਚੁੱਕਾ ਹੈ ਕਿ ਪਹਿਲੀ ਪਾਤਸ਼ਾਹੀ ਦਾ 550ਵਾਂ ਪ੍ਰਕਾਸ਼ ਦਿਹਾੜਾ 'ਵਿਸ਼ਵ ਭਾਈਚਾਰਾ ਦਿਵਸ' ਵਜੋਂ ਮਨਾਇਆ ਜਾਵੇਗਾ। ਇਸ ਵਿੱਚ ਭਾਰਤੀ ਸੱਭਿਆਚਾਰਕ ਸਬੰਧ ਕੌਂਸਲ (ਆਈਸੀਸੀਆਰ) ਵੱਲੋਂ ਵਿਸ਼ਵ ਵਿੱਚ ਸਥਿਤ ਭਾਰਤੀ ਕੌਂਸਲਖ਼ਾਨਿਆਂ ਦੀ ਸਹਾਇਤਾ ਨਾਲ ਸਮਾਗਮ ਕਰਵਾਏ ਜਾਣਗੇ। ਕੌਮੀ ਅਮਲ ਕਮੇਟੀ (ਐੱਨਆਈਸੀ) ਦੀ ਬੈਠਕ ਵਿੱਚ ਵਿੱਤ ਮੰਤਰੀ ਅਰੁਣ ਜੇਤਲੀ, ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਹੋਰ ਆਗੂ ਸ਼ਾਮਲ ਸਨ।

## ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦਾ 27ਵਾਂ ਸ਼ਹੀਦੀ ਦਿਹਾੜਾ ਮਨਾਇਆ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਉਪਰ ਹਮਲਾ ਕਰਨ ਵਾਲੀ ਭਾਰਤੀ ਫੌਜ ਦੇ ਮੁਖੀ ਜਨਰਲ ਵੈਦਿਆ ਨੂੰ ਸੋਧਾ ਲਾਕੇ ਫਾਂਸੀ ਦਾ ਰੱਸਾ ਚੁੰਮਣ ਵਾਲੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦਾ 27ਵਾਂ ਸ਼ਹੀਦੀ ਦਿਹਾੜਾ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸ਼ਰਧਾ ਸਤਿਕਾਰ ਸਾਹਿਤ ਮਨਾਇਆ ਗਿਆ। ਇਸ ਮੌਕੇ ਭਾਈ ਹਰਜਿੰਦਰ ਸਿੰਘ ਜਿੰਦਾ ਦੇ ਭਰਾ ਭੁਪਿੰਦਰ ਸਿੰਘ ਭਿੰਦਾ ਅਤੇ ਭਾਈ ਸੁੱਖਾ-ਜਿੰਦਾ ਦੇ ਸਾਥੀ ਰਹੇ ਭਾਈ ਨਿਰਮਲ ਸਿੰਘ ਨਿੰਮਾ ਨੂੰ ਸ਼੍ਰੋਮਣੀ ਕਮੇਟੀ ਵਲੋਂ ਸਿਰੋਪਾਉ ਦੀ ਬਖਸ਼ਿਸ਼ ਕੀਤੀ ਗਈ। ਸ੍ਰੀ ਦਰਬਾਰ ਸਾਹਿਬ ਸਥਿਤ ਗੁ. ਝੰਡਾ ਬੁੰਗਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਦੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਅਰਦਾਸ ਉਪਰੰਤ ਹੁਕਮਨਾਮਾ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਮਾਨ ਸਿੰਘ ਵੱਲੋਂ ਲਿਆ ਗਿਆ। ਇਸ ਮੌਕੇ ਵੱਖ-ਵੱਖ ਪੰਥਕ ਜਥੇਬੰਦੀਆਂ ਦੇ ਆਗੂਆਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦਾ ਪ੍ਰਬੰਧਕ ਅਮਲਾ ਅਤੇ ਸਿੱਖ ਸੰਗਤਾਂ ਹਾਜ਼ਰ ਹੋਈਆਂ।

## ਨਵੀਂ ਸਿਆਸੀ ਕਰਵਟ ਲੈਣ ਲਈ ਜਾਗਿਆ ਪੰਜਾਬ

ਲੱਗਿਆ ਹੋਇਆ ਹੈ। ਸੁਖਬੀਰ ਬਾਦਲ ਦਾ "ਕਾਕਾਸ਼ਾਹੀ ਮਾਡਲ" ਬੁਰੀ ਤਰ੍ਹਾਂ ਫਲਾਪ ਹੋ ਗਿਆ ਹੈ। ਅਕਾਲੀਆਂ ਦੀ ਡਾਵਾਂਡੋਲ ਕਿਸ਼ਤੀ ਮੂਹਰੇ ਤੂਫਾਨ ਬਣਿਆ ਖੜ੍ਹਾ ਹੈ ਬਰਗਾੜੀ ਮੋਰਚਾ।

ਉਧਰ ਲੋਕਾਂ ਦੇ ਭਰਵੇਂ ਹੁੰਗਾਰੇ ਤੋਂ ਬਾਅਦ ਪੰਥਕ ਜਥੇਬੰਦੀਆਂ ਦਾ ਸਾਂਝੇ ਪੰਥਕ ਮੋਰਚੇ 'ਤੇ ਵਿਚਾਰਾਂ ਕਰਨ ਲਈ ਮੀਟਿੰਗਾਂ ਦਾ ਦੌਰ ਸ਼ੁਰ ਹੋ ਗਿਆ ਹੈ। ਬਰਗਾੜੀ 'ਚ ਮਿਲੇ ਵੱਡੇ ਹੁੰਗਾਰੇ ਤੋਂ ਬਾਅਦ ਵੱਖ-ਵੱਖ ਪੰਥਕ ਜਥੇਬੰਦੀਆਂ ਵੱਲੋਂ ਅਕਾਲੀ ਦਲ ਦੀ ਸਿਆਸੀ ਥਾਂ ਮੱਲ੍ਹਣ ਦੀਆਂ ਕੋਸ਼ਿਸ਼ਾਂ ਆਰੰਭ ਦਿੱਤੀਆਂ ਗਈਆਂ ਹਨ। ਇਸ ਦੇ ਮੱਦੇਨਜ਼ਰ ਵੱਖ-ਵੱਖ ਪੰਥਕ ਧਿਰਾਂ ਨੇ ਨਵਾਂ ਬਦਲ ਬਣਾਉਣ ਦੀ ਕਵਾਇਦ ਲਈ 20-21 ਅਕਤੂਬਰ ਨੂੰ ਅੰਮ੍ਰਿਤਸਰ ਵਿੱਚ ਮੀਟਿੰਗ ਰੱਖੀ ਹੈ। ਸੂਤਰਾਂ ਮੁਤਾਬਕ ਤਖ਼ਤ ਸ਼੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਵੱਲੋਂ 'ਪੰਥਕ ਅਸੈਂਬਲੀ' ਦੀ ਰੂਪ ਰੇਖਾ ਤਿਆਰ ਕਰਨ ਲਈ 10 ਮੈਂਬਰੀ ਕਮੇਟੀ ਦਾ ਗਠਨ ਇਸ ਵੱਲ ਪੁੱਟਿਆ ਗਿਆ ਕਦਮ ਹੀ ਹੈ। ਇਸ ਕਮੇਟੀ ਵਿਚ ਦਲ ਖਾਲਸਾ, ਸ਼੍ਰੋਮਣੀ ਅਕਾਲੀ ਦਲ-ਅੰਮ੍ਰਿਤਸਰ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਖਿਲਾਫ਼ ਬਰਗਾੜੀ 'ਚ ਧਰਨੇ 'ਤੇ ਬੈਠੇ ਸਿੱਖ ਧਰਮ ਪ੍ਰਚਾਰਕ ਸ਼ਾਮਲ ਕੀਤੇ ਗਏ ਹਨ।

ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਾਲੇ ਆਮ ਆਦਮੀ ਪਾਰਟੀ ਦੇ ਬਾਗੀ ਧੜੇ ਨੇ ਵੀ ਕਿਹਾ ਹੈ ਕਿ ਜੇਕਰ ਉਨ੍ਹਾਂ ਨੂੰ ਕੋਈ ਸੱਦਾ ਆਉਂਦਾ ਹੈ, ਤਾਂ ਉਹ ਵਿਚਾਰ ਕਰਨਗੇ। ਸੂਤਰਾਂ ਮੁਤਾਬਕ ਪ੍ਰਸਤਾਵਿਤ ਜਥੇਬੰਦੀ ਵਿਚ ਲੋਕ ਇਨਸਾਫ ਪਾਰਟੀ ਦੇ ਬੈਂਸ ਭਰਾਵਾਂ ਨੂੰ ਵੀ ਇਸ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਕਿ ਪੰਜਾਬ ਵਿਚ ਬਾਦਲ ਦਲ ਤੇ ਕਾਂਗਰਸ ਦੇ ਭਰੋਸੇਯੋਗ ਬਦਲ ਵਜੋਂ ਉਭਰਿਆ ਜਾ ਸਕੇ। ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਦਾਅਵਾ ਕੀਤਾ ਕਿ ਮੌਜੂਦਾ ਰਵਾਇਤੀ ਪਾਰਟੀਆਂ ਤੋਂ ਲੋਕਾਂ ਦਾ ਯਕੀਨ ਉੱਠ ਚੁੱਕਾ ਹੈ। ਇਸ ਨਵੀਂ ਪੰਥਕ ਅਸੈਂਬਲੀ ਦਾ ਉਦੇਸ਼ ਪੰਥ ਤੇ ਪੰਜਾਬ ਨੂੰ ਇਨਸਾਫ ਦਿਵਾਉਣ ਵਾਸਤੇ ਨਵਾਂ ਪੰਥਕ ਸਿਆਸੀ ਸੰਗਠਨ ਹੋਂਦ 'ਚ ਲਿਆਉਣਾ ਹੈ।

ਪੰਥਕ ਇਕੱਠ ਨੇ ਬਾਦਲਾਂ ਤੇ ਕਾਂਗਰਸ ਦੀਆਂ ਚੂਲਾਂ ਹਿਲਾਈਆਂ : ਅਕਾਲੀ ਦਲ ਤੇ ਕਾਂਗਰਸ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਦੀਆਂ ਰੈਲੀਆਂ ਵਿੱਚ ਇੱਕ ਲੱਖ ਤੋਂ ਵੱਧ ਲੋਕ ਪਹੁੰਚੇ ਸੀ। ਜੇਕਰ ਇਨ੍ਹਾਂ ਦਾਅਵਿਆਂ ਨੂੰ ਸੱਚ ਮੰਨ ਲਿਆ ਜਾਵੇ ਤਾਂ ਇਸ ਵਿੱਚ ਗੱਲ਼ ਵਿੱਚ ਕੋਈ ਸ਼ੱਕ ਨਹੀਂ ਕਿ ਪੰਥਕ ਜਥੇਬੰਦੀਆਂ ਦਾ ਇਕੱਠ ਇੱਕ ਲੱਖ ਤੋਂ ਵੱਧ ਸੀ। ਖਾਸ ਗੱਲ਼ ਇਹ ਰਹੀ ਕਿ ਇਸ ਇਕੱਠ ਵਿੱਚ ਜ਼ਿਆਦਾਤਰ ਲੋਕ ਖ਼ੁਦ ਆਪਣੇ ਵਾਹਨਾਂ ਵਿੱਚ ਪਹੁੰਚੇ। ਦੂਜੇ ਪਾਸੇ ਅਕਾਲੀ ਦਲ ਤੇ ਕਾਂਗਰਸ ਨੇ ਖਾਸ ਬੱਸਾਂ ਦਾ ਇੰਤਜ਼ਾਮ ਕੀਤਾ ਹੋਇਆ ਸੀ।

ਪੰਥਕ ਜਥੇਬੰਦੀਆਂ ਦੇ ਇਸ ਇਕੱਠ ਨੇ ਅਕਾਲੀ ਦਲ ਤੇ ਸੱਤਾਧਿਰ ਕਾਂਗਰਸ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਸਿੱਖਾਂ ਦੇ ਮਨਾਂ ਅੰਦਰ ਅਜੇ ਵੀ ਬੇਅਦਬੀ ਕਾਂਡ ਦੀ ਚੀਸ ਬਰਕਰਾਰ ਹੈ। ਪੰਥਕ ਜਥੇਬੰਦੀਆਂ ਨੇ ਸਰਕਾਰ ਨੂੰ 15 ਦਿਨਾਂ ਦਾ ਅਲਟੀਮੇਟਮ ਦਿੱਤਾ ਹੈ। ਜੇਕਰ ਕੈਪਟਨ ਸਰਕਾਰ ਨੇ ਕੋਈ ਐਕਸ਼ਨ ਨਾ ਲਿਆ ਤਾਂ ਪੰਜਾਬ ਦਾ ਮਾਹੌਲ ਹੋਰ ਗਰਮਾ ਸਕਦਾ ਹੈ।

ਪੰਜਾਬ ਦੀ ਸੱਤਾ 'ਤੇ ਇੱਕ ਦਹਾਕਾ ਕਾਬਜ਼ ਰਹਿਣ ਤੋਂ ਬਾਅਦ ਲੋਕਾਂ ਦੇ ਮਨੋ ਬੁਰੀ ਤਰ੍ਹਾਂ ਲਹਿ ਗਏ ਸ਼੍ਰੋਮਣੀ ਅਕਾਲੀ ਦਲ ਦਾ ਸਿਆਸੀ ਸੰਕਟ ਦਿਨ ਪ੍ਰਤੀ ਦਿਨ ਡੂੰਘਾ ਹੁੰਦਾ ਜਾ ਰਿਹਾ ਹੈ। ਬਰਗਾੜੀ ਵਿਚ ਆਪ ਮੁਹਾਰੇ ਹੋਏ ਵੱਡੇ ਇਕੱਠ ਨੇ ਅਕਾਲੀ ਦਲ ਦੀਆਂ ਚੂਲਾਂ ਹਿਲਾ ਦਿੱਤੀਆਂ ਹਨ। ਪਾਰਟੀ ਦੇ ਅੰਦਰੂਨੀ ਸੂਤਰਾਂ ਅਨੁਸਾਰ ਕੁਝ ਨੇਤਾ 7 ਅਕਤੂਬਰ ਦੀ ਪਟਿਆਲਾ ਰੈਲੀ ਤੱਕ ਚੁੱਪ ਸਨ ਤੇ ਮਾਝੇ ਦੇ ਨੇਤਾਵਾਂ ਵੱਲੋਂ ਵੀ ਕੁਝ ਦਿਨਾਂ ਦੌਰਾਨ ਅਹਿਮ ਫੈਸਲੇ ਲਏ ਜਾਣ ਦੇ ਆਸਾਰ ਹਨ। ਸੁਖਦੇਵ ਸਿੰਘ ਢੀਂਡਸਾ ਵੱਲੋਂ ਪਹਿਲਾਂ ਹੀ ਸਕੱਤਰ ਜਨਰਲ ਅਤੇ ਹੋਰਨਾਂ ਅਹੁਦਿਆਂ ਤੋਂ ਅਸਤੀਫਾ ਦਿੱਤਾ ਜਾ ਚੁੱਕਾ ਹੈ।ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਦਾ ਮੰਨਣਾ ਹੈ ਕਿ ਸੁਖਬੀਰ ਸਿੰਘ ਬਾਦਲ ਅਤੇ ਸੀਨੀਅਰ ਨੇਤਾਵਾਂ ਦਰਮਿਆਨ ਪੀੜ੍ਹੀ ਅੰਤਰ (ਜੈਨਰੇਸ਼ਨ ਗੈਪ) ਹੋਣ ਕਰਕੇ ਵੀ ਲਕੀਰ ਖਿੱਚੀ ਜਾ ਰਹੀ ਹੈ।

ਅਕਾਲੀ ਦਲ ਵੱਲੋਂ ਬੇਅਦਬੀ ਅਤੇ ਗੋਲੀ ਕਾਂਡ ਦੇ ਦੋਸ਼ਾਂ ਨੂੰ ਧੋਣ ਲਈ ਰੈਲੀਆਂ ਦੀ ਮੁਹਿੰਮ ਸ਼ੁਰੂ ਕੀਤੀ ਹੋਈ ਹੈ, ਜੋ ਕਾਮਯਾਬ ਹੁੰਦੀ ਨਹੀਂ ਦਿਸਦੀ। ਮਹੱਤਵਪੂਰਨ ਤੱਥ ਇਹ ਸਾਹਮਣੇ ਆ ਰਹੇ ਹਨ ਕਿ ਸੂਬੇ ਵਿੱਚ ਰਾਜਨੀਤਕ ਤੇ ਸਮਾਜਿਕ ਤੌਰ 'ਤੇ ਸਭ ਤੋਂ ਵੱਡੇ ਸਵਾਲ ਖੜ੍ਹੇ ਕਰਨ ਵਾਲੇ ਮੁੱਦਿਆਂ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਬਦੀ, ਬਹਿਬਲ ਕਲਾਂ ਤੇ ਕੋਟਕਪੂਰਾ ਵਿੱਚ ਵਾਪਰੇ ਗੋਲੀ ਕਾਂਡ ਅਤੇ ਡੇਰਾ ਮੁਖੀ ਨੂੰ ਮੁਆਫ਼ੀ ਦੇਣ ਅਤੇ ਫਿਰ ਵਾਪਸ ਲੈਣ, ਤੋਂ ਅਕਾਲੀ ਦਲ ਦੀ ਲੀਡਰਸ਼ਿਪ ਵੱਲੋਂ ਟਾਲਾ ਹੀ ਵੱਟਿਆ ਜਾ ਰਿਹਾ ਹੈ। ਦੇਖਿਆ ਜਾਵੇ ਤਾਂ ਇਸ ਸਮੇਂ ਅਕਾਲੀ ਦਲ ਨੂੰ ਅੰਦਰੂਨੀ ਅਤੇ ਬਾਹਰੀ ਦੋਵਾਂ ਪਾਸਿਆਂ ਤੋਂ ਮਾਰ ਪੈ ਰਹੀ ਹੈ। ਪਾਰਟੀ ਦੇ ਟਕਸਾਲੀ ਨੇਤਾਵਾਂ ਅਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਰਮਿਆਨ ਖਿੱਚੀ ਗਈ ਲਕੀਰ ਹੀ ਭਾਰੂ ਨਹੀਂ ਪੈ ਰਹੀ ਸਗੋਂ ਅਕਾਲੀ ਦਲ ਦਾ ਮੁੱਖ ਵੋਟ ਬੈਂਕ (ਸਿੱਖ) ਵੀ ਨਜ਼ਦੀਕ ਹੋਣ ਦੀ ਥਾਂ ਦੂਰ ਜਾ ਰਿਹਾ ਹੈ।

ਅਕਾਲੀ ਹਲਕਿਆਂ ਦਾ ਮੰਨਣਾ ਹੈ ਕਿ ਆਉਣ ਵਾਲੇ ਦਿਨਾਂ ਦੌਰਾਨ ਅੰਦਰੂਨੀ ਅਤੇ ਬਾਹਰੀ ਸੰਕਟ ਜ਼ਿਆਦਾ ਗੰਭੀਰ ਹੋ ਸਕਦਾ ਹੈ, ਕਿਉਂਕਿ ਪੰਜਾਬ ਦੀ ਰਾਜਨੀਤੀ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਉਸੇ ਘਟਨਾ ਨਾਲ ਜੁੜੇ ਦੋ ਪੁਲੀਸ ਗੋਲੀ ਕਾਂਡਾਂ (ਬਹਿਬਲ ਕਲਾਂ ਅਤੇ ਕੋਟਕਪੂਰਾ) ਦਾ ਸਪੱਸ਼ਟ ਪ੍ਰਛਾਵਾਂ ਦੇਖਿਆ ਜਾ ਸਕਦਾ ਹੈ। ਮਾਝੇ ਦੇ ਅਕਾਲੀਆਂ ਨੇ ਡੇਰਾ ਮੁਖੀ ਦੀ ਮੁਆਫ਼ੀ ਅਤੇ ਬੇਅਦਬੀ ਦੇ ਮੁੱਦੇ 'ਤੇ ਖੁੱਲ੍ਹ ਕੇ ਬੋਲਣਾ ਸ਼ੁਰੂ ਕਰ ਦਿੱਤਾ ਹੈ ਤੇ ਇਨ੍ਹਾਂ ਆਗੂਆਂ ਨੇ ਅਸਿੱਧੇ ਤੌਰ 'ਤੇ ਸੁਖਬੀਰ ਸਿੰਘ ਬਾਦਲ ਨੂੰ ਹੀ ਘੇਰਨਾ ਸ਼ੁਰੂ ਕੀਤਾ ਹੈ। 'ਬਰਗਾੜੀ' ਪੰਜਾਬ ਦੇ ਸਿਆਸੀ ਨਕਸ਼ੇ 'ਤੇ ਇੱਕ ਅਜਿਹੇ ਪਿੰਡ ਵਜੋਂ ਉਭਰ ਕੇ ਸਾਹਮਣੇ ਆਉਣ ਲੱਗਾ ਹੈ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰਨਾਂ ਸਿੱਖ ਸੰਸਥਾਵਾਂ ਦਾ ਕੰਟਰੋਲ ਕਰਦੀ ਆ ਰਹੀ 'ਪੰਥਕ ਪਾਰਟੀ' ਲਈ ਡਰਾਉਣਾ ਬਣਦਾ ਜਾ ਰਿਹਾ ਹੈ। ਪੰਥਕ ਧਿਰਾਂ ਵੱਲੋਂ ਬਰਗਾੜੀ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਲਾਇਆ ਮੋਰਚਾ ਭਾਵੇਂ ਕਿਸੇ ਪਾਰਟੀ ਨੂੰ ਫਾਇਦਾ ਦੇਵੇ ਜਾਂ ਨਾ ਪਰ ਅਕਾਲੀਆਂ ਦੀ ਸਿਆਸੀ ਬੇੜੀ ਵਿੱਚ ਵੱਟੇ ਪਾਉਣ ਦਾ ਕੰਮ ਜ਼ਰੂਰ ਕਰਦਾ ਦਿਖਦਾ ਹੈ। ਦੇਖਿਆ ਜਾਵੇ ਤਾਂ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਮੁੱਦਾ ਅਕਾਲੀਆਂ ਦੀ ਡਾਵਾਂਡੋਲ ਕਿਸ਼ਤੀ ਮੂਹਰੇ ਤੂਫਾਨ ਬਣਿਆ ਖੜ੍ਹਾ ਹੈ। ਸਾਲ 2019 ਵਿੱਚ ਛੇਆਂ ਕੁ ਮਹੀਨਿਆਂ ਤੱਕ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਤੇ ਵੀ ਇਸ ਦਾ ਸਪੱਸ਼ਟ ਅਸਰ ਪੈਂਦਾ ਦਿਖਾਈ ਦਿੰਦਾ ਹੈ। ਅਕਾਲੀ ਸਿਆਸਤ 'ਤੇ ਪੈਦਾ ਹੋਏ ਤਾਜ਼ਾ ਹਾਲਾਤ ਨਾਲ ਸਿੱਝਣ ਲਈ ਬਾਦਲਾਂ ਦੀ ਕੋਈ ਠੋਸ ਰਣਨੀਤੀ ਨਜ਼ਰ ਨਹੀਂ ਆਉਂਦੀ।

ਪੰਜਾਬ ਦੀ ਰਾਜਨੀਤੀ ਦੀ ਗਹਿਰੀ ਸਮਝ ਰੱਖਣ ਵਾਲਿਆਂ ਦਾ ਮੰਨਣਾ ਹੈ ਕਿ ਬਰਗਾੜੀ ਵਿੱਚ ਲੋਕਾਂ ਦਾ ਆਪ ਮੁਹਾਰੇ ਏਨਾ ਵੱਡਾ ਇਕੱਠ ਹੋਣਾ ਕਾਂਗਰਸ ਸਰਕਾਰ ਦੇ ਨਾਲ-ਨਾਲ ਸ਼੍ਰੋਮਣੀ ਅਕਾਲੀ ਦਲ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ। ਅਕਾਲੀ ਦਲ ਤੋਂ ਨਾਰਾਜ਼ ਸਿੱਖ ਜਾਂ ਆਮ ਸਿੱਖਾਂ ਨੇ ਇਸ ਇਕੱਠ ਵਿੱਚ ਵਧੇਰੇ ਸ਼ਿਰਕਤ ਕੀਤੀ ਹੈ। ਪੰਜਾਬ ਵਿਚ ਹੋਈਆਂ ਤਿੰਨ ਵਿਚੋਂ ਦੋ ਰੈਲੀਆਂ ਵਿਚ ਸਭ ਤੋਂ ਤਿੱਖਾ ਹਮਲਾ ਪਿਛਲੀ ਅਕਾਲੀ ਸਰਕਾਰ ਦੇ ਆਗੂਆਂ ਵਿਰੁੱਧ ਸੇਧਿਤ ਸੀ। ਬਰਗਾੜੀ ਵਿਚਲੇ ਆਪ ਮੁਹਾਰੇ ਇਕੱਠ ਨੇ ਇਕ ਵਾਰ ਮੁੜ ਸਾਬਤ ਕਰ ਦਿਤਾ ਹੈ ਕਿ ਲੋਕਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਬਦੀ ਨੂੰ ਲੈ ਕੇ ਅਜੇ ਵੀ ਪਿਛਲੀ ਅਕਾਲੀ ਸਰਕਾਰ ਵਿਰੁੱਧ ਗੁੱਸਾ ਤੇ ਨਫਰਤ ਘਟੀ ਨਹੀਂ। ਕਾਂਗਰਸ ਪਾਰਟੀ ਦੀ ਰੈਲੀ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਵੇਂ ਅਗਲੀਆਂ ਲੋਕ ਸਭਾ ਚੋਣਾਂ ਦਾ ਬਿਗਲ ਵਜਾ ਦਿੱਤਾ ਹੈ, ਪਰ ਬਰਗਾੜੀ ਦੇ ਇਕੱਠ ਦਾ ਸੰਕੇਤ ਸਪੱਸ਼ਟ ਹੈ ਕਿ ਮੁੱਖ ਮੰਤਰੀ ਨੂੰ ਬੇਅਬਦੀ ਅਤੇ ਗੋਲੀ ਕਾਂਡਾਂ ਦੇ ਦੋਸ਼ੀਆਂ ਵਿਰੁੱਧ ਜਲਦੀ ਸਖਤ ਕਾਰਵਾਈ ਕਰਨੀ ਹੀ ਪਵੇਗੀ।

ਭਾਵੇਂ ਇਨ੍ਹਾਂ ਰੈਲੀਆਂ ਨਾਲ ਕਿਸੇ ਮਸਲੇ ਦਾ ਹੱਲ ਨਹੀਂ ਨਿਕਲਿਆ ਪਰ ਜਾਣਕਾਰਾਂ ਦਾ ਕਹਿਣਾ ਹੈ ਕਿ ਸੂਬੇ ਦੀ ਸਿਆਸਤ ਦਾ ਕੇਂਦਰ ਬਰਗਾੜੀ ਬਣ ਗਿਆ ਹੈ। ਇਸ ਨਾਲ ਜੁੜੇ ਮਸਲਿਆਂ ਬਾਰੇ ਅਗਲੇ ਦਿਨਾਂ ਵਿਚ ਅਹਿਮ ਸਰਗਰਮੀਆਂ ਹੋਣ ਦੀ ਸੰਭਾਵਨਾ ਹੈ।

ਪਾਰਟੀ ਨੂੰ ਸੰਕਟ ਵਿੱਚੋਂ ਉਭਾਰਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦਾ ਰੈਲੀਆਂ ਵਾਲਾ ਫਾਰਮੂਲਾ ਵੀ ਸਫਲ ਹੁੰਦਾ ਨਜ਼ਰ ਨਹੀਂ ਆ ਰਿਹਾ। ਇੱਕ ਪਾਸੇ ਸੁਖਬੀਰ ਬਾਦਲ ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਨੂੰ ਅੱਗੇ ਕਰਕੇ ਟਕਸਾਲੀ ਲੀਡਰਸ਼ਿਪ ਨੂੰ ਇਕਜੁੱਟ ਕਰਨਾ ਚਾਹ ਰਹੇ ਹਨ ਪਰ ਦੂਜੇ ਪਾਸੇ ਸੀਨੀਅਰ ਲੀਡਰ ਖੁੱਲ੍ਹ ਕੇ ਆਪਣੀ ਨਰਾਜ਼ਗੀ ਪ੍ਰਗਟਾ ਰਹੇ ਹਨ। ਪਹਿਲਾਂ ਪਾਰਟੀ ਦੇ ਚੋਟੀ ਦੇ ਲੀਡਰ ਸੁਖਦੇਵ ਸਿੰਘ ਢੀਂਡਸਾ ਨੇ ਅਸਤੀਫਾ ਦਿੱਤਾ, ਫਿਰ ਮਾਝੇ ਦੇ ਸੀਨੀਅਰ ਲੀਡਰ ਰਣਜੀਤ ਸੰਘ ਬ੍ਰਹਮਪੁਰਾ, ਰਤਨ ਸਿੰਘ ਅਜਨਾਲਾ ਤੇ ਸੇਵਾ ਸਿੰਘ ਸੇਖਵਾਂ ਵੀ ਬਾਗੀ ਤੇਵਰ ਵਿਖਾ ਚੁੱਕੇ ਹਨ। ਅਹਿਮ ਗੱਲ਼ ਇਹ ਹੈ ਕਿ ਸਾਰੇ ਲੀਡਰ ਸੁਖਬੀਰ ਬਾਦਲ ਦੀ ਕਾਰਜਸ਼ੈਲੀ ਉੱਪਰ ਹੀ ਸਵਾਲ ਉਠਾ ਰਹੇ ਹਨ। ਇਸ ਲਈ ਕਈ ਸੀਨੀਅਰ ਲੀਡਰਾਂ ਦਾ ਮੰਨਣਾ ਹੈ ਕਿ ਅਕਾਲੀ ਦਲ ਨਹੀਂ ਬਲਕਿ ਬਾਦਲ ਪਰਿਵਾਰ ਸੰਕਟ ਵਿੱਚ ਹੈ।

ਸ਼੍ਰੋਮਣੀ ਅਕਾਲੀ ਦਲ ਇਸ ਵੇਲੇ ਸਭ ਤੋਂ ਵੱਡੇ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਇਹ ਸੰਕਟ ਸਿਆਸੀ, ਧਾਰਮਿਕ ਤੇ ਸਮਾਜਿਕ ਹਰ ਫਰੰਟ 'ਤੇ ਹੈ। ਬੇਸ਼ੱਕ ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਵਿੱਚ ਬੜੇ ਉਤਰਾਅ-ਚੜ੍ਹਾਅ ਆਏ ਪਰ ਅਜਿਹੀ ਹਾਲਤ ਪਹਿਲੀ ਵਾਰ ਬਣੀ ਹੈ। ਸ਼੍ਰੋਮਣੀ ਅਕਾਲੀ ਦਲ ਜਿਸ ਧਾਰਮਿਕ ਧਰਾਤਲ 'ਤੇ ਸਿਆਸਤ ਕਰਦਾ ਹੈ, ਉਹ ਹੀ ਖਿਸਕਦੀ ਨਜ਼ਰ ਆ ਰਹੀ ਹੈ।

ਸੁਖਬੀਰ ਬਾਦਲ ਦਾ "ਕਾਕਾਸ਼ਾਹੀ" ਮਾਡਲ ਮਾਡਲ ਫਲਾਪ : ਪਿਛਲੇ ਸਮੇਂ ਵਿੱਚ ਅਕਾਲੀ ਦਲ ਵਿੱਚ ਵੱਡੀ ਤਬਦੀਲੀ ਵੇਖਣ ਨੂੰ ਮਿਲੀ ਜਿਸ ਨੂੰ ਮੀਡੀਆ ਵਿੱਚ 'ਸੁਖਬੀਰ ਮਾਡਲ' ਕਿਹਾ ਜਾਂਦਾ ਹੈ। ਸੁਖਬੀਰ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੀ ਕਮਾਨ ਸੰਭਾਲਦਿਆਂ ਹੀ ਪਾਰਟੀ ਦਾ ਮੂੰਹ-ਮੁਹਾਂਦਰਾ ਬਦਲ ਦਿੱਤਾ। ਉਨ੍ਹਾਂ ਨੇ ਪੰਥਕ ਮੁੱਦਿਆਂ ਨਾਲੋਂ ਅਜਿਹੇ ਮਸਲਿਆਂ 'ਤੇ ਸਿਆਸਤ ਕੀਤੀ ਜਿਨ੍ਹਾਂ ਨਾਲ ਜ਼ਿਆਦਾ ਤੋਂ ਜ਼ਿਆਦਾ ਵੋਟਰਾਂ ਨੂੰ ਭਰਮਾਇਆ ਜਾ ਸਕੇ। ਇਸ ਸਿਆਸਤ ਵਿੱਚ ਟਕਸਾਲੀ ਲੀਡਰ ਪਿੱਛੇ ਰਹਿ ਗਏ ਤੇ ਮੌਜੂਦਾ ਤਾਣੇ-ਬਾਣੇ 'ਚ ਫਿੱਟ ਬੈਠਣ ਵਾਲੇ ਅੱਗੇ ਆ ਗਏ।

ਪਿਛਲੇ ਇੱਕ ਦਹਾਕੇ ਵਿੱਚ ਅਕਾਲੀ ਦਲ ਤੋਂ ਪੰਥਕ ਵੋਟ ਦੂਰ ਹੁੰਦੀ ਗਈ। ਇਸ ਨੂੰ ਸਭ ਤੋਂ ਵੱਡੀ ਸੱਟ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਕਰਕੇ ਵੱਜੀ। ਇਸ ਦਾ ਖਮਿਆਜ਼ਾ ਅਕਾਲੀ ਦਲ ਨੂੰ ਸੰਨ 2017 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਭੁਗਤਣਾ ਪਿਆ। ਪਾਰਟੀ ਨੂੰ ਮਹਿਜ਼ 15 ਸੀਟਾਂ ਮਿਲੀਆਂ। ਇਸ ਦੌਰਾਨ ਅਕਾਲੀ ਦਲ ਦਾ ਪੱਕਾ ਵੋਟ ਬੈਂਕ ਵੀ ਸਾਥ ਛੱਡਦਾ ਨਜ਼ਰ ਆਇਆ। ਅੰਦਰ ਖਾਤੇ ਸੁਖਬੀਰ ਬਾਦਲ ਮਾਡਲ ਦੀ ਅਲੋਚਨਾ ਹੋਈ ਪਰ ਸਭ ਸ਼ਾਂਤ ਹੋ ਗਿਆ।

ਹੁਣ ਇੱਕ ਵਾਰ ਫਿਰ ਅਕਾਲੀ ਦਲ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾ ਰਹੀ ਹੈ। ਪੰਜਾਬ ਵਿਧਾਨ ਸਭਾ ਦੇ ਹਾਲੀਆ ਸੈਸ਼ਨ ਵਿੱਚ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਕਮਿਸ਼ਨ ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਕੋਟਕਪੂਰਾ, ਬਰਗਾੜੀ ਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਰਿਪੋਰਟ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਨਾਂ ਆਉਣ ਕਰਕੇ ਪਾਰਟੀ ਕਸੂਤੀ ਘਿਰ ਗਈ ਹੈ। ਸੋਸ਼ਲ ਮੀਡੀਆ ਉੱਪਰ ਅਕਾਲੀ ਦਲ ਖਿਲਾਫ ਨਫਰਤ ਦਾ ਝੱਖੜ ਆਇਆ ਹੋਇਆ ਹੈ। ਜ਼ਿਆਦਾਤਰ ਬਾਦਲ ਪਰਿਵਾਰ ਨੂੰ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

## ਮੋਦੀ ਦੇ ਗੁਜਰਾਤ ਵਿਚ 'ਅੱਤਵਾਦੀਆਂ' ਨੇ ਪਰਵਾਸੀ ਭਜਾਏ

ਵਿਕਾਸ ਪਰਿਸ਼ਦ ਦੇ ਪ੍ਰਧਾਨ ਮਹਿੰਦਰ ਸਿੰਘ ਕੁਸ਼ਵਾਹਾ ਨੇ ਦਾਅਵਾ ਕੀਤਾ ਹੈ ਕਿ ਮੌਜੂਦਾ ਹਾਲਾਤ ਨੂੰ ਵੇਖਦਿਆਂ ਯੂਪੀ, ਮੱਧ ਪ੍ਰਦੇਸ਼ ਅਤੇ ਬਿਹਾਰ ਦੇ ਕਰੀਬ 20 ਹਜ਼ਾਰ ਲੋਕ ਗੁਜਰਾਤ ਤੋਂ ਬਾਹਰ ਚਲੇ ਗਏ ਹਨ।

ਹਿੰਦੀ ਭਾਸ਼ੀਆਂ ਉਤੇ ਹਮਲਿਆਂ ਦੀਆਂ ਘਟਨਾਵਾਂ ਮਗਰੋਂ ਗੁਜਰਾਤ ਦੇ ਮੁੱਖ ਮੰਤਰੀ ਵਿਜੇ ਰੁਪਾਣੀ ਨੇ ਲੋਕਾਂ ਨੂੰ ਸ਼ਾਂਤੀ ਕਾਇਮ ਰੱਖਣ ਦੀ ਅਪੀਲ ਕੀਤੀ। ਰੁਪਾਣੀ ਨੇ ਦਾਅਵਾ ਕੀਤਾ ਕਿ ਪਿਛਲੇ 48 ਘੰਟਿਆਂ ਵਿਚ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਸੂਬੇ ਦੇ ਗ੍ਰਹਿ ਮੰਤਰੀ ਪ੍ਰਦੀਪ ਸਿੰਘ ਜਡੇਜਾ ਨੇ ਕਿਹਾ ਕਿ ਪ੍ਰਵਾਸੀਆਂ ਦੀ ਸੁਰੱਖਿਆ ਲਈ ਉਦਯੋਗਿਕ ਖੇਤਰਾਂ ਵਿਚ ਵਾਧੂ ਬਲ ਤੈਨਾਤ ਕੀਤੇ ਗਏ ਹਨ। ਸਰਕਾਰ ਨੇ ਕਿਹਾ ਕਿ ਹਿੰਸਾ ਦੀਆਂ ਘਟਨਾਵਾਂ ਦੇ ਸਿਲਸਿਲੇ ਵਿਚ 400 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਗੁਜਰਾਤ ਮਾਮਲੇ 'ਤੇ ਕਿਹਾ ਕਿ ਗੁਜਰਾਤ ਦੇ ਮੁੱਖ ਮੰਤਰੀ ਅਤੇ ਉਥੋਂ ਦੇ ਮੁੱਖ ਸਕੱਤਰ ਨਾਲ ਗੱਲਬਾਤ ਹੋਈ ਹੈ। ਉਨ੍ਹਾਂ ਗੁਜਰਾਤ ਵਿੱਚ ਗ਼ੈਰ-ਗੁਜਰਾਤੀਆਂ, ਵਿਸ਼ੇਸ਼ ਤੌਰ 'ਤੇ ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਵਸਨੀਕਾਂ 'ਤੇ ਹੋ ਰਹੇ ਹਮਲਿਆਂ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਡੇ ਮੁੱਖ ਸਕੱਤਰ ਤੇ ਪੁਲੀਸ ਮੁਖੀ ਉਨ੍ਹਾਂ ਦੇ ਸੰਪਰਕ ਵਿੱਚ ਹਨ।

ਰਾਹੁਲ ਗਾਂਧੀ ਨੇ ਕਿਹਾ ਕਿ ਗੁਜਰਾਤ ਵਿੱਚ ਪਰਵਾਸੀ ਵਰਕਰਾਂ ਨੂੰ ਨਿਸ਼ਾਨਾ ਬਣਾਉਣਾ ਗਲਤ ਹੈ ਤੇ ਉਹ ਇਸ ਦੇ ਖ਼ਿਲਾਫ਼ ਹਨ। ਉਨ੍ਹਾਂ ਟਵਿੱਟਰ 'ਤੇ ਕਿਹਾ ਕਿ ਗੁਜਰਾਤ ਵਿੱਚ ਹਿੰਸਾ ਦਾ ਮੁੱਖ ਕਾਰਨ ਫੈਕਟਰੀਆਂ ਦਾ ਬੰਦ ਹੋਣਾ ਤੇ ਬੇਰੁਜ਼ਗਾਰੀ ਹਨ। ਇਸ ਕਾਰਨ ਦੋਵੇਂ ਸਿਸਟਮ ਅਤੇ ਅਰਥਚਾਰੇ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਗਰੀਬੀ ਤੋਂ ਡਰਾਉਣਾ ਹੋਰ ਕੁਝ ਨਹੀਂ ਹੈ।

## ਪੰਜਾਬ 'ਚ ਆਮ ਆਦਮੀ ਪਾਰਟੀ ਵੱਲੋਂ 22 ਮੈਂਬਰੀ ਸਟੇਟ ਕੋਰ ਕਮੇਟੀ ਦਾ ਐਲਾਨ

ਇਸ ਮੌਕੇ ਸਾਰਾ ਦਿਨ ਸਕਰੀਨਾਂ ਲਗਾ ਕੇ ਕਾਂਗਰਸ ਦੇ ਵਿਧਾਇਕਾਂ ਦੇ ਉਹ ਭਾਸ਼ਣ ਦਿਖਾਏ ਜਾਣਗੇ ਜਿਹੜੇ ਉਨ੍ਹਾਂ ਨੇ ਮੌਨਸੂਨ ਸੈਸ਼ਨ ਦੌਰਾਨ ਵਿਧਾਨ ਸਭਾ 'ਚ ਦਿੱਤੇ ਸਨ।

22 ਮੈਂਬਰੀ 'ਆਪ' ਪੰਜਾਬ ਸਟੇਟ ਕੋਰ ਕਮੇਟੀ 'ਚ ਸੰਸਦ ਮੈਂਬਰ ਭਗਵੰਤ ਮਾਨ ਤੇ ਪ੍ਰੋ. ਸਾਧੂ ਸਿੰਘ, ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਉਪ ਨੇਤਾ ਸਰਬਜੀਤ ਕੌਰ ਮਾਣੂੰਕੇ, ਵਿਧਾਇਕ ਐਚ.ਐਸ. ਫੂਲਕਾ, ਅਮਨ ਅਰੋੜਾ, ਪ੍ਰਿੰਸੀਪਲ ਬੁੱਧ ਰਾਮ (ਚੇਅਰਮੈਨ), ਕੁਲਤਾਰ ਸਿੰਘ ਸਧਵਾਂ, ਪ੍ਰੋ. ਬਲਜਿੰਦਰ ਕੌਰ, ਗੁਰਮੀਤ ਸਿੰਘ ਮੀਤ ਹੇਅਰ, ਮਨਜੀਤ ਸਿੰਘ ਬਿਲਾਸਪੁਰ, ਕੁਲਵੰਤ ਸਿੰਘ ਪੰਡੋਰੀ, ਅਮਰਜੀਤ ਸਿੰਘ ਸੰਦੋਆ ਤੇ ਰੁਪਿੰਦਰ ਕੌਰ ਰੂਬੀ ਨੂੰ ਸ਼ਾਮਿਲ ਕੀਤਾ ਗਿਆ ਹੈ। ਸੰਗਠਨਾਤਮਕ ਢਾਂਚੇ 'ਚੋਂ ਸਹਿ ਪ੍ਰਧਾਨ ਡਾ. ਬਲਬੀਰ ਸਿੰਘ, ਖ਼ਜ਼ਾਨਚੀ ਸੁਖਵਿੰਦਰ ਸੁੱਖੀ, ਜ਼ੋਨ ਪ੍ਰਧਾਨ ਕੁਲਦੀਪ ਸਿੰਘ ਧਾਲੀਵਾਲ, ਡਾ. ਰਵਜੋਤ ਸਿੰਘ, ਦਲਬੀਰ ਸਿੰਘ ਢਿੱਲੋਂ ਤੇ ਗੁਰਦਿੱਤ ਸਿੰਘ ਸੇਖੋਂ ਤੇ ਸੂਬਾ ਜਨਰਲ ਸਕੱਤਰ ਜਮੀਲ ਉਰ ਰਹਿਮਾਨ ਤੇ ਮਨਜੀਤ ਸਿੰਘ ਸਿੱਧੂ ਦੇ ਨਾਂਅ ਸ਼ਾਮਿਲ ਹਨ।

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਜ਼ਨਪੌਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

## Priti Singh (925) 999-0823

REALTOR CA BRE Licence #02024721 info@pritisingh.com

# RESIDENTIAL, COMMERCIAL AND SOLAR FARMS

with Sunpreme High Performance Bifacial Smart Panels

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% Customer Satisfaction Guaranteed

25 Year Warranty



ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME® Premium Bifacial Thin Film Solar

Satnam Singh Khalsa

510-706-1300






Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.


SHER® ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM